


The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 10 No: 223 Website : www.punjabiakhbaar.ca EmaiÍ: editor@punjabiakhbaar.ca Friday, 7 July 2023


# ਕਨੇਡਾ ਦੇ ਅਲਬਰਟਾ ਸੂਬੇ ਵਿੱਚ ਬਵੰਡਰ ਦੀ ਤਬਾਹੀ – ਚਾਰ ਘਰ ਉਡਾ ਦਿੱਤੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸਨਿੱਚਰਵਾਰ 1 ਜੁਲਾਈ 2023,ਕਨੇਡਾ ਡੇਅ ਵਾਲੇ ਦਿਨ ਕਨੇਡਾ ਦੇ ਅਲਬਰਟਾ ਸੂਬੇ ਅੰਦਰ ਕੈਲਗਰੀ ਦੇ ਨੇੜੇ ਕਾਰਸਟੇਅਰ-ਡਿਡਸਬਰੀ ਕਸਬੇ ਵਿੱਚ ਕੁਦਰਤੀ ਕਰੋਪੀ ਦੇ ਕਹਿਰ ਦੌਰਾਨ ਆਏ ਵਿਬੰਡਰ ਨੇ ਬਹੁਤ ਤਬਾਹੀ ਮਚਾਈ ਹੈ। ਕਾਰਸਟੇਅਰ ਤੋਂ ਡਿਡਸਬਰੀ ਨੂੰ ਜਾਂਦਿਆਂ ਕੈਲਸੀ ਵਿਖੇ ਸੜਕ ਦੇ ਆਲੇ ਦੁਆਲੇ ਵਸਦੇ ਚਾਰ ਘਰ ਕੁਦਰਤੀ ਤਬਾਹੀ ਦੀ ਮੂੰਹ ਬੋਲਦੀ ਤਸਵੀਰ ਬਣੇ ਹੋਏ ਹਨ। ਮੁੱਖ ਸੜਕ ਉੱਪਰ ਸਾਈਨਬੋਰਡ ਲੱਗਾ ਹੋਇਆ ਹੈ ਕਿ ਇਹ ਏਰੀਆ ਕੁਦਰਤੀ ਤਬਾਹੀ ਦੀ ਮਾਰ ਹੇਠ ਆਇਆ ਹੋਇਆ ਹੈ ਇਸ ਲਈ ਸੜਕ ਉੱਪਰ ਗੱਡੀ ਚਲਾਉਂਦੇ ਸਮੇਂ ਇੱਥੇ ਨਾ ਰੁਕੋ। ਪਰ ਸਾਡੀ ਮੀਡੀਆ ਟੀਮ ਦੀ ਗੱਡੀ ਹੋਣ ਕਾਰਣ ਉੱਥੇ ਵੱਡੀ ਗਿਣਤੀ ਵਿੱਚ ਵਾਲੰਟੀਅਰਾਂ ਦੀ ਟੀਮ ਦੀ ਅਗਵਾਈ ਕਰ ਰਹੀ ਇੱਕ ਔਰਤ ਨੇ ਸਾਨੂੰ ਇੱਕ ਵਿਸ਼ੇਸ਼ ਜਗਾਹ ਮੁਹੱਈਆ ਕਰਵਾ ਦਿੱਤੀ ਕਿ ਤੁਸੀਂ ਆਪਣੀ ਗੱਡੀ ਇੱਥੇ ਹੀ ਪਾਰਕ ਕਰ ਸਕਦੇ ਹੋ ਪਰ ਇਸ ਤੋਂ ਅੱਗੇ ਨਹੀਂ ਜਾ ਸਕਦੇ । ਗੱਲਬਾਤ ਦੌਰਾਨ ਉਸ ਵਾਲੰਟੀਅਰ ਔਰਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਸਮੇਂ ਇਹਨਾਂ ਘਰਾਂ ਅੰਦਰ ਰਹਿੰਦੇ ਪਰਿਵਾਰਾਂ ਦੇ ਬਹੁਤੇ ਮੈਂਬਰ ਘਰਾਂ ਤੋਂ ਬਾਹਰ ਹੀ ਸਨ। ਇੱਕ ਬਜੁਰਗ ਔਰਤ ਘਰ ਦੇ ਅੰਦਰ ਸੀ ਪਰ ਉਸ ਨੇ ਬੇਸਮੈਂਟ ਵਿੱਚ ਜਾਕੇ ਆਪਣੀ ਜਾਨ ਬਚਾਈ । ਜਦੋਂ ਥੋੜਾ ਜਿਹਾ ਮੌਸਮ ਠੀਕ ਹੋਇਆ ਤਾਂ ਉਸ ਔਰਤ ਦਾ ਬੇਟਾ ਘਰ ਆਇਆ ਅਤੇ ਉਸ ਨੇ ਹੋਰਨਾਂ ਵਾਲੰਟੀਅਰਾਂ ਦੀ ਮੱਦਦ ਨਾਲ ਆਪਣੀ ਮਾਂ ਨੂੰ ਬਾਹਰ ਕੱਢਿਆ ਅਤੇ ਬਚਾਅ ਲਈ ਰੱਬ ਦਾ ਸੁਕਰਾਨਾ ਕੀਤਾ। ਕੋਈ ਵੀ ਜਾਨੀ ਨੁਕਸਾਨ ਹੋਣ ਤੋਂ ਬਚ ਗਿਆ ਪਰ ਵੱਡੇ ਵੱਡੇ ਰੁੱਖ ਅਤੇ ਮਕਾਨ ਹਵਾ ਦੇ ਨਾਲ ਹੀ ਹਵਾ ਹੋ ਗਏ। ਸਿਰਫ ਕੁੱਝ ਰੁੱਖਾਂ ਦੇ ਟੁੰਡ ਹੀ ਖੜੇ ਦਿਖਾਈ ਦੇ ਰਹੇ ਹਨ। ਘਰ ਅੰਦਰ ਖਲੋਤੀਆਂ ਕਾਰਾਂ ਅਤੇ ਟਰੱਕਾਂ ਦੇ ਟਾਇਰ ਅਸਮਾਨ ਵੱਲ ਨੂੰ ਪਲਟੇ ਹੋਏ ਤਬਾਹੀ ਦੀ ਗਵਾਹੀ ਭਰ ਰਹੇ ਸਨ। ਇਸ ਵੇਲੇ ਪੁਲਿਸ, ਹੋਰ ਬਚਾਅ ਅਧਿਕਾਰੀਆਂ ਅਤੇ ਵਾਲੰਟੀਅਰਾਂ ਦੀ ਵੱਡੀ ਟੀਮ ਪੀੜਤ ਪਰਿਵਾਰਾਂ ਦੀ ਮੱਦਦ ਲਈ ਲੱਗੀ ਹੋਈ ਹੈ।




# ਸੁਨੀਲ ਜਾਖੜ ਬਣੇ ਭਾਜਪਾ ਦੇ ਪ੍ਰਧਾਨ



ਜਲੰਧਰ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੀ ਸਿਆਸਤ ਨਾਲ ਜੁੜੀ ਵੱਡੀ ਖ਼ਬਰ ਸੁਨੀਲ ਜਾਖੜ ਨੂੰ ਲੈ ਕੇ ਸਾਹਮਣੇ ਆ ਰਹੀ ਹੈ। ਸੁਨੀਲ ਜਾਖੜ ਨੂੰ ਭਾਜਪਾ ਨੇ ਵੱਡੀ ਜ਼ਿੰਮੇਵਾਰੀ ਸੌਂਪਦਿਆਂ ਪੰਜਾਬ ਭਾਜਪਾ ਦਾ ਸੂਬਾ ਪ੍ਰਧਾਨ ਬਣਾਇਆ ਹੈ। ਇਸ ਤੋਂ ਪਹਿਲਾਂ ਬੀਤੇ ਦਿਨ ਅਸ਼ਵਨੀ ਸ਼ਰਮਾ ਦੇ ਅਸਤੀਫ਼ੇ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਸਨ ਪਰ ਦੇਰ ਸ਼ਾਮ ਅਸ਼ਵਨੀ ਸ਼ਰਮਾ ਨੇ ਬਿਆਨ ਦਿੱਤਾ ਸੀ ਕਿ ਭਾਜਪਾ ’ਚ ਅਸਤੀਫ਼ੇ ਦੀ ਰਿਵਾਇਤ ਨਹੀਂ ਹੈ। ਬੀਤੇ ਦਿਨ ਤੋਂ ਹੀ ਸੁਨੀਲ ਜਾਖੜ ਦੇ ਪੰਜਾਬ ਸੂਬਾ ਪ੍ਰਧਾਨ ਬਣਨ ਦੀਆਂ ਚਰਚਾਵਾਂ ਵੀ ਚੱਲ ਰਹੀਆਂ ਸਨ ਜਿਸ ’ਤੇ ਪਾਰਟੀ ਪ੍ਰਧਾਨ ਜੇ ਪੀ ਨੱਢਾ ਨੇ ਮੋਹਰ ਲਗਾ ਦਿੱਤੀ ਹੈ। ਸੁਨੀਲ ਜਾਖੜ ਦੇ ਕਾਂਗਰਸ ਤੋਂ ਵੱਖ ਹੋਣ ਦੀ ਗੱਲ ਕਰੀਏ ਤਾਂ 2021 ’ਚ ਉਸ ਕੋਲੋਂ ਕਾਂਗਰਸ ਦੀ ਸੂਬਾ ਪ੍ਰਧਾਨਗੀ ਲੈ ਕੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾਇਆ ਗਿਆ ਸੀ। ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਸਿਆਸੀ ਪੰਡਿਤਾਂ ਦੀ ਮੰਨੀਏ ਤਾਂ ਉਸ ਵੇਲੇ ਕਾਂਗਰਸ ਨੇ ਜਾਖੜ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਲਿਆ ਸੀ। ਹਾਲਾਂਕਿ ਜਾਖੜ ਉਦੋਂ ਵਿਧਾਇਕ ਵੀ ਨਹੀਂ ਸਨ। ਜਾਖੜ ਦਾ ਨਾਂ ਆਉਣ ਤੋਂ ਬਾਅਦ ਕਾਂਗਰਸ ਨੇ ਵਿਧਾਇਕਾਂ ਨਾਲ ਗੱਲਬਾਤ ਕੀਤੀ ਤਾਂ 40 ਤੋਂ ਵਧੇਰੇ ਕਾਂਗਰਸੀ ਵਿਧਾਇਕ ਜਾਖੜ ਦੇ ਨਾਲ ਸਨ ਪਰ ਇਸ ਦੇ ਬਾਵਜੂਦ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਕੀਤਾ। ਇਸ ਮਗਰੋਂ ਸੁਨੀਲ ਜਾਖੜ ਨੇ ਕਾਂਗਰਸ ਤੋਂ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ ਸਨ। ਭਾਜਪਾ ’ਚ ਸ਼ਾਮਲ ਹੋਣ ਮਗਰੋਂ ਵੀ ਸੁਨੀਲ ਜਾਖੜ ਸਰਗਰਮ ਸਿਆਸਤ ਦਾ ਹਿੱਸਾ ਨਹੀਂ ਰਹੇ। ਹੁਣ ਵੇਖਣਾ ਇਹ ਹੋਵੇਗਾ ਕਿ ਪੰਜਾਬ ਭਾਜਪਾ ਦੀ ਕਮਾਨ ਮਿਲਣ ਮਗਰੋਂ ਸੁਨੀਲ ਜਾਖੜ ਪੰਜਾਬ ਵਿੱਚ ਭਾਜਪਾ ਦੇ ਵਿਸਥਾਰ ਲਈ ਕਿਹੜੇ ਫ਼ੈਸਲਾ ਲੈਂਦੇ ਹਨ।

# ਵਿਕਰਮਾ ਸਿੰਘੇ ਨੇ ਕਿਹਾ ਅਸੀਂ ਚੀਨ ਨਾਲ ਕਦੇ ਵੀ ਫੌਜੀ ਸਮਝੌਤਾ ਨਹੀਂ ਕਰਾਂਗੇ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਸ਼੍ਰੀਲੰਕਾ ਦੇ ਰਾਸ਼ਟਰਪਤੀ ਰਾਨਿਲ ਵਿਕਰਮਾ ਸਿੰਘੇ ਨੇ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਦੀ ਵਰਤੋਂ ਭਾਰਤ ਦੇ ਖਿਲਾਫ ਕਦੇ ਨਹੀਂ ਕੀਤੀ ਜਾ ਸਕਦੀ। ਬੀਤੇ ਦਿਨੀ ਬ੍ਰਿਟੇਨ ਅਤੇ ਫਰਾਂਸ ਦੇ ਦੌਰੇ 'ਤੇ ਰਵਾਨਾ ਹੋਣ ਤੋਂ ਪਹਿਲਾਂ ਰਾਨਿਲ ਨੇ ਕਿਹਾ- ਕਿਸੇ ਨੂੰ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਅਸੀਂ ਚੀਨ ਨਾਲ ਕਦੇ ਵੀ ਫੌਜੀ ਸਮਝੌਤਾ ਨਹੀਂ ਕਰਾਂਗੇ। ਵਿਕਰਮਸਿੰਘੇ ਨੇ ਇੱਕ ਇੰਟਰਵਿਊ ਵਿੱਚ ਕਿਹਾ - ਚੀਨ ਅਤੇ ਸ਼੍ਰੀਲੰਕਾ ਦੇ ਰਿਸ਼ਤੇ ਮਜ਼ਬੂਤ ਹਨ, ਪਰ ਅਸੀਂ ਇਹ ਵੀ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਚੀਨ ਦਾ ਸਾਡੇ ਦੇਸ਼ ਵਿੱਚ ਕੋਈ ਫੌਜੀ ਅੱਡਾ ਨਹੀਂ ਹੈ ਅਤੇ ਨਾ ਹੀ ਹੋਵੇਗਾ। ਕੋਈ ਵੀ ਦੇਸ਼ ਭਾਰਤ ਖਿਲਾਫ ਸ਼੍ਰੀਲੰਕਾ ਦੀ ਵਰਤੋਂ ਨਹੀਂ ਕਰ ਸਕੇਗਾ। ਉਨਾਂ ਕਿਹਾ ਕਿ ਅਸੀਂ ਜਲਦੀ ਹੀ ਦੇਸ਼ ਦੀ ਅਰਥਵਿਵਸਥਾ ਨੂੰ ਲੀਹ 'ਤੇ ਲਿਆਵਾਂਗੇ। ਫਰਾਂਸ ਦੇ ਇੱਕ ਮੀਡੀਆ ਹਾਊਸ' ਨੂੰ ਦਿੱਤੇ ਇੰਟਰਵਿਊ 'ਚ ਰਾਨਿਲ ਤੋਂ ਜ਼ਿਆਦਾਤਰ ਸਵਾਲ ਚੀਨ ਅਤੇ ਸ਼੍ਰੀਲੰਕਾ 'ਤੇ ਹੀ ਪੁੱਛੇ ਗਏ। ਇਕ ਸਵਾਲ ਦੇ ਜਵਾਬ 'ਚ ਰਾਨਿਲ ਨੇ ਕਿਹਾ- ਸ਼੍ਰੀਲੰਕਾ ਇਕ ਨਿਰਪੱਖ ਦੇਸ਼ ਹੈ ਅਤੇ ਅਸੀਂ ਚੀਨ ਨਾਲ ਕੋਈ ਫੌਜੀ ਸਮਝੌਤਾ ਨਹੀਂ ਕੀਤਾ ਹੈ। ਅਜਿਹਾ ਕਰਨ ਦੀ ਵੀ ਕੋਈ ਯੋਜਨਾ ਨਹੀਂ ਹੈ। ਭਾਰਤ ਬਾਰੇ ਪੁੱਛੇ ਗਏ ਸਵਾਲ 'ਤੇ ਸ਼੍ਰੀਲੰਕਾ ਦੇ ਰਾਸ਼ਟਰਪਤੀ ਨੇ ਕਿਹਾ- ਅਸੀਂ ਭਾਰਤ ਨੂੰ ਕਈ ਵਾਰ ਭਰੋਸਾ ਦਿੱਤਾ ਹੈ ਅਤੇ ਮੈਂ ਇਹ ਦੁਹਰਾ ਰਿਹਾ ਹਾਂ ਕਿ ਸਾਡੇ ਦੇਸ਼ ਤੋਂ ਭਾਰਤ ਦੇ ਖਿਲਾਫ ਕੋਈ ਵੀ ਖਤਰਾ ਪੈਦਾ ਨਹੀਂ ਹੋਣ ਦਿੱਤਾ ਜਾਵੇਗਾ। ਕੋਈ ਵੀ ਦੇਸ਼ ਸ਼੍ਰੀਲੰਕਾ ਨੂੰ ਬੇਸ ਦੇ ਤੌਰ 'ਤੇ ਇਸਤੇਮਾਲ ਨਹੀਂ ਕਰ ਸਕੇਗਾ।







# ਐੱਸਸੀਓ ਯੂਰੇਸ਼ੀਆ ’ਚ ਸ਼ਾਂਤੀ, ਖ਼ੁਸ਼ਹਾਲੀ ਤੇ ਵਿਕਾਸ ਦੇ ਪ੍ਰਮੁੱਖ ਮੰਚ ਵੱਜੋਂ ਉਭਰਿਆ: ਮੋਦੀ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੰਘਾਈ ਸਹਿਯੋਗ ਸੰਗਠਨ(ਐੱਸਸੀਓ) ਦੇ ਡਿਜੀਟਲ ਸਿਖਰ ਸੰਮੇਲਨ ਵਿੱਚ ਕਿਹਾ ਕਿ ਸੰਗਠਨ ਯੂਰੇਸ਼ੀਆ ’ਚ ਸ਼ਾਂਤੀ, ਖੁਸ਼ਹਾਲੀ, ਵਿਕਾਸ ਲਈ ਪ੍ਰਮੁੱਖ ਮੰਚ ਵੱਜੋਂ ਉਭਰਿਆ ਹੈ। ਐੱਸਸੀਓ ਦੇ ਪ੍ਰਧਾਨ ਵਜੋਂ ਭਾਰਤ ਨੇ ਬਹੁਪੱਖੀ ਸਹਿਯੋਗ ਨੂੰ ਨਵੀਆਂ ਉਚਾਈਆਂ ’ਤੇ ਲਿਜਾਣ ਲਈ ਨਿਰੰਤਰ ਯਤਨ ਕੀਤੇ ਹਨ। ਵਿਵਾਦਾਂ, ਤਣਾਅ, ਮਹਾਮਾਰੀ ’ਚ ਘਿਰੇ ਦੁਨੀਆ ਦੇ ਸਾਰੇ ਦੇਸ਼ਾਂ ਲਈ ਭੋਜਨ, ਈਂਧਨ, ਖਣਿਜ ਦਾ ਸੰਕਟ ਵੱਡੀ ਚੁਣੌਤੀ ਹੈ। ਇਸ ਵਰਚੂਅਲ ਮੀਟਿੰਗ ਵਿੱਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਵੀ ਹਿੱਸਾ ਲਿਆ।































SOUTH POINT
A MASTER PLANNED COMMUNITY
50 ਏਕੜ
ਕਮਰੀਸੀਅਲ ਵਿਲੇਜ
ਛੇਤੀ ਆ ਰਿਹਾ ਹੈ
SIGNAGE
70 ਏਕੜ
ਰਿਹਾਇਸੀ
ਕਮਿਓਨਿਟੀ ਵਿੱਚ ਘਰ
ਹੁਣ ਵੇਚੇ ਜਾ ਰਹੇ ਹਨ
MODERN SINGLE FAMILY HOMES
BACK TO BACK TOWNHOMES
DUPLEX HOMES
SINGLE FAMILY LANE HOMES
URBAN TOWNHOMES
ROWHOMES
403.980.1979 | VESTASOUTHPOINT.COM
VESTA PROPERTIES
Sales Centre & Showhomes
600 South Point Heath SW, Airdrie, AB
Renderings are an artist's conception and are intended as a general reference only.

# ਮਾਂ ਬਾਝ ਨਾ ਹੁੰਦੇ ਲਾਡ ਪੂਰੇ, ਪਿਉ ਬਾਝ ਨਾ ਪੈਂਦੀਆਂ ਪੂਰੀਆਂ ਨੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 19 ਜੂਨ ਨੂੰ ਹਾਰਵੈਸਟ ਹਿੱਲਜ਼ ਅਲਾਇੰਸ ਚਰਚ ਦੇ ਹਾਲ ਵਿੱਚ ਹੋਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ 17 ਜੂਨ ਨੂੰ ਵੀਵੋ ਵਿਖੇ ਹੋਏ ਬਹੁ-ਸੱਭਿਆਚਾਰ ਸਮਾਗਮ ਸਮੇਂ ਸ਼ਾਨਦਾਰ ਪੇਸ਼ਕਾਰੀ ਲਈ ਐਸੋਸੀਏਸ਼ਨ ਦੀਆਂ ਔਰਤਾਂ ਦੀ ਟੀਮ ਨੂੰ ਵਧਾਈ ਦਿੱਤੀ। ਪਿਤਾ ਦਿਵਸ ਮੌਕੇ ਦੁਨੀਆਂ ਦੇ ਸਾਰੇ ਪਿਤਾਵਾਂ ਨੂੰ ਸਿਜਦਾ ਕੀਤਾ। ਮੈਂਬਰਾਂ ਨੂੰ ਵਰਤਮਾਨ ਨੂੰ ਮਾਨਣ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਦੀ ਅਪੀਲ ਕੀਤੀ। ਜੂਨ ਮਹੀਨੇ ਜਨਮ ਦਿਨ ਵਾਲੇ ਇਨ੍ਹਾਂ ਮੈਂਬਰਾਂ ਕੁਲਵੰਤ ਕੌਰ ਬਾਜਵਾ, ਜਸਬੀਰ ਕੌਰ ਧਾਲ਼ੀਵਾਲ਼, ਤੇਜਿੰਦਰ ਕੌਰ ਮਦਾਨ, ਕਰਮ ਸਿੰਘ ਮੁੰਡੀ, ਦਯਾ ਸਿੰਘ ਸਮਰਾ, ਗੁਰਬਚਨ ਸਿੰਘ ਸਮਰਾ, ਸੁਰਿੰਦਰਜੀਤ ਪਲਾਹਾ ਅਤੇ ਜਗਦੇਵ ਸਿੰਘ ਸਿੱਧੂ ਨੂੰ ਤੋਹਫ਼ੇ ਦੇ ਕੇ ਉਨ੍ਹਾਂ ਦੇ ਜਨਮ ਦਿਨ ਮਨਾਏ ਗਏ।

ਕਰਮ ਸਿੰਘ ਮੁੰਡੀ, ਜਸਵੰਤ ਸਿੰਘ ਕਪੂਰ, ਜਲਵੰਤ ਸਿੰਘ ਗਰੇਵਾਲ ਅਤੇ ਜਰਨੈਲ ਤੱਗੜ ਨੇ ਨਿੱਜੀ ਜੀਵਨ ਨਾਲ ਸੰਬੰਧਤ ਪਿਤਾ ਦੇ ਨਾ ਭੁਲਾਏ ਜਾਣ ਵਾਲੇ ਯੋਗਦਾਨ ਨੂੰ ਯਾਦ ਕੀਤਾ। ਸ਼ਿਵ ਕੁਮਾਰ ਸ਼ਰਮਾ ਅਤੇ ਜੋਗਾ ਸਿੰਘ ਲੈਹਲ ਨੇ ਇਸੇ ਵਿਸ਼ੇ ਨਾਲ ਸੰਬੰਧਤ ਹਾਸਰਸੀ ਕਵਿਤਾਵਾਂ ਸੁਣਾਈਆਂ। ਭਜਨ ਸਿੰਘ ਸੱਗੂ ਨੇ ਕਿਹਾ ਕਿ ਪਿਤਾ ਦੀ ਮੌਜੂਦਗੀ ਬਿਰਖ ਵਾਂਗ ਛਾਂ ਅਤੇ ਸੂਰਜ ਵਾਂਗ ਨਿੱਘ ਦੇਣ ਵਾਲ਼ੀ ਹੁੰਦੀ ਹੈ। ਪਿਤਾ ਸੁਭਾਅ ਦਾ ਗਰਮ ਪਰ ਦਿਲ ਦਾ ਨਰਮ ਹੁੰਦਾ ਹੈ। ਉਸ ਨੇ ਇੱਕ ਸ਼ੇਅਰ ਰਾਹੀਂ ਪਿਤਾ ਦੀ ਸਿਫ਼ਤ ਇਉਂ ਕੀਤੀ -

ਖੰਡ ਬਾਝ ਨਾ ਹੁੰਦੇ ਦੁੱਧ ਮਿੱਠੇ,
ਘਿਉ ਬਾਝ ਨਾ ਕੁੱਟੀਦੀਆਂ ਚੂਰੀਆਂ ਨੇ।
ਮਾਂ ਬਾਝ ਨਾ ਹੁੰਦੇ ਲਾਡ ਪੂਰੇ, ਪਿਉ ਬਾਝ ਨਾ ਪੈਂਦੀਆਂ ਪੂਰੀਆਂ ਨੇ।

ਸਰਦਾਰ ਲਾਲ ਮੱਟੂ ਨੇ ਆਪਣੇ ਪਿਤਾ ਦੇ ਯੋਗਦਾਨ ਨੂੰ ਮਹਾਨ ਦੱਸਿਆ, ਜੋ ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਉਸ ਨੂੰ ਜੀਵਨ ਦੀ ਸਫਲਤਾ ਦੀ ਪੌੜੀ ਚੜ੍ਹਾ ਗਏ। ਉਸ ਨੇ ਪਿਤਾ ਨੂੰ ਆਪਣਾ ਰੋਲ ਮਾਡਲ ਦੱਸਿਆ। ਡਾ: ਰਾਜਵੰਤ ਕੌਰ ਪ੍ਰੀਤ ਮਾਨ ਦੀ ਸਪੀਚ ਦਾ ਸਾਰ ਤੱਤ ਇਹ ਸੀ ਕਿ ਪਿਤਾ ਛੱਤ ਵਾਂਗ ਹੁੰਦਾ ਹੈ ਜਿਸ ਦੇ ਹੇਠ ਪਰਿਵਾਰ ਦੇ ਸਾਰੇ ਜੀਅ ਮਹਿਫ਼ੂਜ਼ ਰਹਿੰਦੇ ਹਨ। ਤਰਲੋਕ ਸਿੰਘ ਚੁੱਘ ਨੇ ਹਾਸਰਸ ਤਾਂ ਬਿਖੇਰਨਾ ਹੀ ਸੀ, ਨਾਲ ਹੀ ਪਿਤਾ ਦੇ ਰੁਤਬੇ ਨੂੰ ਸ਼ੇਅਰ ਰਾਹੀਂ ਬਿਆਨ ਕਰ ਗਿਆ -

ਯੇਹ ਜੋ ਬਾਪ ਕਾ ਪਿਆਰ ਹੋਤਾ ਹੈ,
ਹਰ ਪਿਆਰ ਕਾ ਬਾਪ ਹੋਤਾ ਹੈ।

ਜਨਾਬ ਤਾਰਿਕ ਮਲਿਕ ਨੇ ਕੁਰਾਨ ਸ਼ਰੀਫ਼ ਦੀ ਆਇਤ ਦੇ ਹਵਾਲੇ ਨਾਲ ਵਾਲਿਦਾਨ ਦੇ ਅਹਿਸਾਨਮੰਦ ਹੋਣ ਦੀ ਨਸੀਹਤ ਦਿੱਤੀ। ਉਸ ਦਾ ਸ਼ੇਅਰ ਵੀ ਸੋਚ ਨੂੰ ਟੁੰਬ ਗਿਆ - ਤੁੰਦੀ-ਏ-ਬਾਦੇ ਮੁਖ਼ਾਲਿਫ਼ ਸੇ ਨ ਘਬਰਾ ਐ ਉਕਾਬ, ਯੇਹ ਚਲਤੀ ਹੈ ਤੁਝੇ ਊਂਚਾ ਉੜਾਨੇ ਕੇ ਲੀਏ। ਵਿਨੋਦ ਕੁਮਾਰੀ ਦੇ ਗੀਤ ਨੇ ਸਰੋਦੀ ਮਾਹੌਲ ਸਿਰਜਿਆ - ਚੱਲੀ ਪਿਆਰ ਦੀ ਹਵਾ ਮਸਤਾਨੀ ਕਿ ਘੁੰਡ ਲਹਿ ਗੇ ਕਲੀਆਂ ਦੇ।

ਸੁਰਿੰਦਰ ਕਾਲੀਆ ਨੇ ਹਿੰਦੀ ਗੀਤ ਸੁਣਾ ਕੇ ਸੰਗੀਤਕ ਮਾਹੌਲ ਹੋਰ ਗੂੜ੍ਹਾ ਕਰ ਦਿੱਤਾ - ਜੋ ਤੁਮ ਕੋ ਹੋ ਪਸੰਦ ਵਹੀ ਬਾਤ ਕਰੇਂਗੇ। ਕਰਮ ਸਿੰਘ ਭੁੱਲਰ ਨੇ ਚੋਣ ਕਮੇਟੀ ਦੀ ਤਰਫੋਂ ਚੋਣ-ਨਿਯਮਾਂ ਅਤੇ ਚੋਣਾਂ ਦੀ ਪ੍ਰਗਤੀ ਬਾਰੇ ਜਾਣਕਾਰੀ ਦਿੱਤੀ। ਇੱਕ ਚੁਟਕਲਾ ਸੁਣਾ ਕੇ ਸਭ ਨੂੰ ਹਾਸੇ ਵਿੱਚ ਲਪੇਟ ਲਿਆ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਾਰਵਾਈ ਚਲਾਉਂਦਿਆਂ ਪਿਤਾ ਬਾਰੇ ਰਿਕਾਰਡ ਹੋਇਆ ਗੀਤ ਚਲਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਸੁਰਿੰਦਰਜੀਤ ਪਲਾਹਾ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਅਗਲੀ ਮੀਟਿੰਗ 7 ਜੁਲਾਈ ਨੂੰ ਤਿੰਨ ਵਜੇ ਐਡਵਰਦੀ ਪਾਰਕ ਵਿੱਚ ਹੋਵੇਗੀ।

# ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਦੇ ਦਫ਼ਤਰ ਵਿੱਚ "ਕੈਨੇਡਾ ਡੇਅ" ਮਨਾਇਆ ਗਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਡੇਅ ਪ੍ਰੋਗਰਾਮ ਦੀ ਸ਼ੁਰੂਆਤ ਕਰਨ ਲਈ "ਰਾਸ਼ਟਰੀ ਗੀਤ, 'ਕੈਨੇਡਾ'' ਅਤੇ "ਜਨ ਗਣ ਮਨ" ਵਜਾਇਆ ਗਿਆ। ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਇਤਿਹਾਸਕ ਪਿਛੋਕੜ ਬਾਰੇ ਸੰਖੇਪ ਵਿੱਚ ਦੱਸਿਆ ਕਿ ਕਿਵੇਂ ਕੈਨੇਡਾ ਨੂੰ 1867 ਵਿੱਚ ਅਜ਼ਾਦੀ ਮਿਲੀ ਜਦੋਂ 1982 ਵਿੱਚ "ਡੋਮੀਨੀਅਨ ਡੇ" ਅਤੇ ਬਾਅਦ ਵਿੱਚ "ਕੈਨੇਡਾ ਡੇ" ਵਜੋਂ ਮਨਾਇਆ ਗਿਆ ਜੋ ਅੱਜ ਤੱਕ ਮਨਾਇਆ ਜਾ ਰਿਹਾ ਹੈ। ਇਸ ਮੌਕੇ 70 ਤੋਂ ਵੱਧ ਲੋਕਾਂ ਦੀ ਹਜਰੀ ਵਿੱਚ ਕੇਕ ਕੱਟਣ ਦੀ ਰਸਮ ਵੀ ਅਦਾ ਕੀਤੀ ਗਈ। ਇਸ ਮੌਕੇ ਮਾਨਯੋਗ ਜਸਰਾਜ ਹੱਲਣ, ਐਮ ਪੀ, ਜਾਰਜ ਚਹਿਲ, ਐਮ ਪੀ, ਇਰਫਾਨ ਸਬੀਰ, ਐਮ ਐਲ ਏ, ਗੁਰਿੰਦਰ ਬਰਾੜ, ਐਮ ਐਲ ਏ, ਦਵਿੰਦਰ ਤੂਰ ਸਾਬਕਾ ਐਮ ਐਲ ਏ, ਰਾਜ ਧਾਲੀਵਾਲ, ਕੌਂਸਲਰ ਨੇ ਸਾਰਿਆਂ ਨੂੰ ਕੈਨੇਡਾ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਕਜੁੱਟ ਰਹਿ ਕੇ ਖੁਸ਼ਹਾਲੀ ਲਈ ਕੰਮ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਕੇਸਰ ਸਿੰਘ ਨੀਰ, ਸ੍ਰੀਮਤੀ ਕੁਲਦੀਪ ਕੌਰ ਨੀਰ, ਹਰਚੰਦ ਸਿੰਘ, ਬਲਵਿੰਦਰ ਸਿੰਘ ਵਿਰਦੀ, ਗੁਰਦਿਆਲ ਸਿੰਘ ਖਹਿਰਾ, ਸਮਾਜ ਸੇਵੀ ਲਲਿਤਾ ਸਿੰਘ ਨੇ ਵੀ ਕੈਨੇਡਾ ਦਿਵਸ ਸਬੰਧੀ ਕਵਿਤਾਵਾਂ ਪੜ੍ਹੀਆਂ ਅਤੇ ਆਪੋ ਆਪਣੇ ਵਿਚਾਰ ਰੱਖੇ। ਰਵੀ ਜਨਾਗਲ ਵੱਲੋਂ ਕੈਨੇਡਾ ਦੀ ਤਾਰੀਫ ਵਿੱਚ ਇੱਕ ਸ਼ਾਨਦਾਰ ਗੀਤ ਗਾਇਆ ਗਿਆ। ਅੰਤ ਵਿੱਚ ਪ੍ਰਧਾਨ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਸਨੈਕਸ ਦੇ ਨਾਲ ਚਾਹ ਵਰਤਾਈ ਗਈ।

# ਇੰਕਾ ਸੀਨੀਅਰਜ਼ ਸੋਸਾਇਟੀ ਕੈਲਗਰੀ ਦੀ ਅਗਲੀ ਪ੍ਰਬੰਧਕੀ ਕਮੇਟੀ ਦੀ ਚੋਣ ਹੋਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਕਾ ਸੀਨੀਅਰਜ਼ ਸੋਸਾਇਟੀ ਕੈਲਗਰੀ ਦਾ ਸਾਲਾਨਾ ਜਨਰਲ ਇਜਲਾਸ ਗੁਰਮੁਖ ਸਿੰਘ ਮਿਨਹਾਸ ਦੀ ਪ੍ਰਧਾਨਗੀ ਹੇਠ ਹੋਇਆ। ਸਟੇਜ ਦੀ ਕਾਰਵਾਈ ਜਨਰਲ ਸਕੱਤਰ ਦਰਸ਼ਨ ਸਿੰਘ ਗਿੱਲ ਨੇ ਸ਼ੁਰੂ ਕੀਤੀ। ਵੱਖ ਵੱਖ ਬੁਲਾਰਿਆਂ, ਦਰਸ਼ਨ ਸਿੰਘ ਢੀਂਡਸਾ, ਡਾਕਟਰ ਜੰਗ ਬਹਾਦਰ ਸਿੰਘ ਸਿੱਧੂ, ਧਰਮ ਸਿੰਘ ਗਿੱਲ, ਸੋਹਣ ਲਾਲ ਰੱਤੂ, ਅਤੇ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਸੁਸਾਇਟੀ ਦੇ ਪਿਛਲੇ ਦੋ ਸਾਲਾਂ ਦੀ ਕਾਰਗੁਜ਼ਾਰੀ ਬਾਰੇ ਆਪਣੇ ਵਿਚਾਰ ਰੱਖੇ। ਸਭਾ ਦੇ ਪ੍ਰਧਾਨ ਗੁਰਮਖ ਸਿੰਘ ਮਿਨਹਾਸ ਨੇ ਵੀ ਇਜਲਾਸ ਨੂੰ ਸੰਬੋਧਨ ਕੀਤਾ। ਸੁਸਾਇਟੀ ਬਾਇ ਲਾਅਜ਼ ਅਨੁਸਾਰ ਚੋਣ ਕੀਤੀ ਗਈ। ਚੋਣ ਕਮੇਟੀ ਵੱਲੋਂ ਪੇਸ਼ ਕੀਤੇ ਨਾਵਾਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਹੈ। ਚੁਣੇ ਗਏ ਕਮੇਟੀ ਦੇ ਅਹੁਦੇਦਾਰਾਂ ਦਾ ਵੇਰਵਾ ਇਸ ਤਰਾਂ ਹੈ: ਮੋਤਾ ਸਿੰਘ ਮਿਨਹਾਸ ਪ੍ਰਧਾਨ, ਸੁਰਮੁਖ ਸਿੰਘ ਕੂਨਰ ਉਪ ਪ੍ਰਧਾਨ, ਮੇਜਰ ਸਿੰਘ ਧਾਲੀਵਾਲ ਜਨਰਲ ਸਕੱਤਰ, ਕੁਲਵੀਰ ਸਿੰਘ ਕਾਲਕਟ ਜੋਇੰਟ ਸਕੱਤਰ, ਮਾਸਟਰ ਗੁਰਮੀਤ ਸਿੰਘ ਖ਼ਜ਼ਾਨਚੀ, ਜਸਵੀਰ ਸਿੰਘ ਗਿੱਲ ਜੁਆਇੰਟ ਖ਼ਜ਼ਾਨਚੀ, ਅਤੇ ਹਰਦਿਆਲ ਸਿੰਘ ਸੇਖੋਂ, ਹਰਭਜਨ ਸਿੰਘ ਸੰਘਾ ਸੁਰਜੀਤ ਸਿੰਘ ਬਾਠ, ਬੀਬੀ ਮਲਕੀਤ ਕੌਰ ਧਾਲੀਵਾਲ ਅਤੇ ਬੀਬੀ ਬਲਬੀਰ ਕੌਰ ਸਿੱਧੂ ਡਾਇਰੈਕਟਰ ਚੁਣੇ ਗਏ ਹਨ।

# ਸਟੱਡੀ ਪਰਮਿਟ ਵਾਲੇ ਭਾਰਤੀ ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀ ਹੋਰ ਜ਼ਿਆਦਾ ਗਹਿਰਾਈ ਨਾਲ ਜਾਂਚ ਹੋਣ ਲੱਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜਾਅਲੀ ਦਸਤਾਵੇਜ਼ਾਂ ਦੇ ਆਧਾਰ ਤੇ ਕੈਨੇਡਾ ਵਿਚ ਸਟੱਡੀ ਪਰਮਿਟ ਹਾਸਲ ਕਰਨ ਵਾਲੇ 700 ਦੇ ਕਰੀਬ ਭਾਰਤੀ ਵਿਦਿਆਰਥੀਆਂ ਦੇ ਮਾਮਲੇ ਤੋਂ ਹਰ ਕੋਈ ਭਲੀ ਭਾਂਤ ਜਾਣੂ ਹੈ ਹਾਲਾਂਕਿ ਸਰਕਾਰ ਨੇ ਜਾਂਚ ਮੁਕੰਮਲ ਹੋਣ ਤੱਕ ਇਨ੍ਹਾਂ ਵਿਦਿਆਰਥੀਆਂ ਨੂੰ ਡਿਪੋਰਟ ਕੀਤੇ ਜਾਣ ਉੱਪਰ ਅਸਥਾਈ ਤੌਰ ਤੇ ਰੋਕ ਲਗਾ ਦਿੱਤੀ ਹੈ ਤਾਂ ਕਿ ਕਿਸੇ ਬੇਕਸੂਰ ਵਿਦਿਆਰਥੀ ਦਾ ਭਵਿੱਖ ਖ਼ਰਾਬ ਨਾ ਹੋ ਜਾਵੇ। ਦੂਜੇ ਪਾਸੇ ਸਟੱਡੀ ਪਰਮਿਟ ਲਈ ਅਪਲਾਈ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀ ਹੋਰ ਜ਼ਿਆਦਾ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਇਮੀਗ੍ਰੇਸ਼ਨ ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਦੇ ਅਧਿਕਾਰੀਆਂ ਨੇ ਜਨਵਰੀ 2018 ਤੋਂ ਮਈ 2023 ਦਰਮਿਆਨ ਭਾਰਤ ਤੋਂ ਕੁੱਲ 7,528 ਸਟੱਡੀ ਪਰਮਿਟ ਅਰਜ਼ੀਆਂ ਰੱਦ ਕੀਤੀਆਂ ਹਨ। ਅਜਿਹਾ ਇਨ੍ਹਾਂ ਅਰਜ਼ੀਆਂ ਦੇ ਫਰਜ਼ੀ ਹੋਣ ਦੇ ਸਬੂਤ ਮਿਲਣ ਤੋਂ ਬਾਅਦ ਕੀਤਾ ਗਿਆ ਹੈ। ਜੇਕਰ ਮੌਜੂਦਾ ਸਾਲ ਦੀ ਹੀ ਗੱਲ ਕੀਤੀ ਜਾਵੇ ਤਾਂ ਇਸ ਸਾਲ 31 ਮਈ ਤੱਕ ਭਾਰਤੀ ਵਿਦਿਆਰਥੀਆਂ ਦੀਆਂ ਕੁੱਲ ਅਰਜ਼ੀਆਂ ਵਿੱਚੋਂ 595 ਅਰਜ਼ੀਆਂ ਨੂੰ ਨਾਮਨਜ਼ੂਰ ਕੀਤਾ ਗਿਆ ਹੈ।

SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Punjab Insurance Inc
Harpinder Sidhu
REGIONAL MANAGER
403 404 3500
sidhu.harpinder@gmail.com
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance
Gurinder Chahal
MANAGER
587 707 7000
cgyquotes@gmail.com

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ, ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
LAKESIDE MEAT MASALA
Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

# ਮੌਂਟਰੀ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਵੱਲੋਂ ਸਟੈਂਪੀਡ ਬਰੇਕਫਾਸਟ ਦਾ ਆਯੋਜਨ ਕੀਤਾ ਜਾਏਗਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੇ ਤਕਰੀਬਨ ਅੱਸੀ ਮੈਂਬਰਾਂ ਨੇ ਮੌਂਟਰੀ ਪਾਰਕ ਕਮਿਊਨਿਟੀ ਹਾਲ ਵਿੱਚ ਕੈਨੇਡਾ ਡੇ ਅਤੇ 7 ਸੀਨੀਅਰ ਮੈਂਬਰਾਂ ਦਾ ਜਨਮ ਦਿਨ ਮਨਾਇਆ।ਇਸ ਮੌਕੇ ਤੇ ਜਨਮ ਦਿਨ ਅਤੇ ਕੈਨੇਡਾ ਡੇ ਦਾ ਕੇਕ ਕੱਟਿਆ ਗਿਆ ਤੇ ਜਨਮ ਦਿਨ ਵਾਲੇ ਸੀਨੀਅਰ ਮੈਂਬਰਾਂ ਨੂੰ ਵਧਾਈ ਕਾਰਡ ਦਿੱਤੇ ਗਏ।



ਸਟੇਜ ਸਕੱਤਰ ਵੱਲੋਂ ਅਗਲੇ ਕੁੱਝ ਮਹੀਨਿਆਂ ਵਿੱਚ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਜਾਣਕਾਰੀ ਸਾਂਝੀ ਕੀਤੀ ਗਈ। ਐਸੋਸੀਏਸ਼ਨ ਵੱਲੋਂ 15 ਜੁਲਾਈ ਨੂੰ ਮੌਂਟਰੀ ਕਮਿਊਨਿਟੀ ਹਾਲ ਦੀ ਪਾਰਕਿੰਗ ਵਿੱਚ ਸਵੇਰੇ 9:00 ਤੋਂ ਸਵੇਰੇ 11:00 ਵਜੇ ਤੱਕ ਸਟੈਂਪੀਡ ਬਰੇਕਫਾਸਟ ਦਾ ਆਯੋਜਨ ਕੀਤਾ ਜਾਏਗਾ । ਇਸ ਤੋਂ ਬਾਦ ਮਨੋਰੰਜਨ ਦਾ ਦੌਰ ਚੱਲਿਆ , ਜਿਸ ਵਿੱਚ ਮਾਸਟਰ ਬਚਿੱਤਰ ਸਿੰਘ ਗਿੱਲ,ਸਰਬਜੀਤ ਸਿੰਘ ਰੰਧਾਵਾ, ਜਸਪਾਲ ਸਿੰਘ ਕੰਗ, ਪਰਬੇਸ਼ ਪਰਹਾਰ, ਲਲਿਤਾ ਸਿੰਘ ਅਤੇ ਜਸਪਾਲ ਕੌਰ ਸਵੈਚ ਨੇ ਆਪਣੀਆਂ ਰਚਨਾਵਾਂ ਅਤੇ ਵਿਚਾਰਾਂ ਨਾਲ ਆਏ ਹੋਏ ਮੈਂਬਰਾਂ ਦਾ ਮਨੋਰੰਜਨ ਕੀਤਾ। ਅਖੀਰ ਵਿੱਚ ਸਾਰਿਆਂ ਨੇ ਖਾਣੇ ਦਾ ਅਨੰਦ ਮਾਣਦਿਆਂ ਪਰੋਗਰਾਮ ਦੀ ਸਮਾਪਤੀ ਕੀਤੀ।


# ਕਨੇਡਾ ਦੀਆਂ ਖ਼ਬਰਾਂ ਹੁਣ ਗੂਗਲ ਤੋਂ ਦਿਖਾਈ ਨਹੀਂ ਦੇਣਗੀਆਂ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਗੂਗਲ ਨੇ ਆਪਣੇ ਪਲੈਟਫਾਰਮ ਤੋਂ ਕੈਨੇਡੀਅਨ ਕੰਟੈਂਟ ਨੂੰ ਹਟਾਉਣ ਦਾ ਐਲਾਨ ਕਰ ਦਿੱਤਾ ਹੈ। ਗੂਗਲ ਵੱਲੋਂ ਇਹ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਕੈਨੇਡਾ ਸਰਕਾਰ ਦੇ ਆਨ ਲਾਈਨ ਨਿਊਜ਼ ਐਕਟ ਜਿਸ ਤਹਿਤ ਕੈਨੇਡੀਅਨ ਮੀਡੀਆ ਦੀ ਸਮੱਗਰੀ ਲਈ ਸਬੰਧਤ ਮੀਡੀਆ ਹਾਊਸਿਜ਼ ਨੂੰ ਉਸਦਾ ਮੁਆਵਜ਼ਾ ਦੇਣਾ ਪਵੇਗਾ ਕਾਰਨ ਇਹ ਕਦਮ ਚੁੱਕਿਆ ਜਾ ਰਿਹਾ ਹੈ। ਗੂਗਲ ਦੀ ਯੋਜਨਾ ਕੈਨੇਡੀਅਨ ਪਬਲਿਸ਼ਰਜ਼ ਅਤੇ ਪਾਠਕਾਂ ਲਈ ਸਰਚ ਇੰਜਣ , ਗੂਗਲ ਨਿਊਜ਼ ਅਤੇ ਗੂਗਲ ਡਿਸਕਵਰ ਤੋਂ ਕੈਨੇਡੀਅਨ ਲਿੰਕ ਨੂੰ ਡਿਲੀਟ ਕਰਨ ਦੀ ਹੈ। ਪਰ ਕੈਨੇਡੀਅਨ ਯੂਜਰਜ਼ ਦੁਨੀਆਂ ਦੇ ਹੋਰ ਦੇਸ਼ਾਂ ਦੀਆਂ ਖਬਰਾਂ ਆਦਿ ਪੜ ਸਕਣਗੇ। ਕੰਪਨੀ ਦੇ ਗਲੋਬਲ ਅਫੇਅਰਜ਼ ਦੇ ਪ੍ਰੈਜ਼ੀਡੈਂਟ ਕੈਂਟ ਵਾਕਰ ਨੇ ਆਖਿਆ ਹੈ ਕੈਨੇਡਾ 'ਚ ਗੂਗਲ ਨਿਊਜ਼ ਸ਼ੋਅਕੇਸ ਨੂੰ ਵੀ ਸਮਾਪਤ ਕੀਤਾ ਜਾਵੇਗਾ।


























HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੂਨ ਮਹੀਨੇ ਦੀ ਇਕੱਤਰਤਾ- ਅਮਿੱਟ ਛਾਪ ਛੱਡ ਗਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਦੀ ਜੂਨ ਮਹੀਨੇ ਦੀ ਮਾਸਿਕ ਇਕੱਤਰਤਾ 25 ਜੂਨ ਦਿਨ ਐਤਵਾਰ ਬਾਦ ਦੁਪਹਿਰ ਦੋ ਵਜੇ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ। ਉੱਘੇ ਬਰਾਡਕਾਸਟਰ ਅਤੇ ਟੀਵੀ ਹੋਸਟ ਇਕਬਾਲ ਮਾਹਲ,ਪੰਜਾਬੀ ਦੀ ਨਾਮਵਰ ਡਾ: ਕਵਿਤਰੀ ਗੁਰਮਿੰਦਰ ਸਿੱਧੂ ਨੇ ਪੰਜਾਬੀ ਉਚੇਚੇ ਤੌਰ ਤੇ ਹਾਜਰੀ ਭਰੀ। ਗੁਰਮਿੰਦਰ ਸਿੱਧੂ ਦੇ ਪਤੀ ਸ। ਬਲਦੇਵ ਸਿੰਘ ਖਹਿਰਾ ਨੇ ਭਾਵਪੂਰਤ ਕਹਾਣੀ 'ਬਾਪੂ ਕਿਤੇ ਸੱਟ ਤਾਂ ਨੀ ਲੱਗੀ!' ਸੁਣਾਈ। ਇਹ ਕਹਾਣੀ ਕੁੜੀ ਮਾਰ ਸਿਸਟਮ ਤੇ ਬੜੀ ਕਰਾਰੀ ਚੋਟ ਸੀ। ਡਾ, ਗੁਰਮਿੰਦਰ ਸਿੱਧੂ ਨੇ ਪੰਜਾਬੀ ਬੋਲੀ ਅਤੇ ਭਾਸ਼ਾ ਦੇ ਪਸਾਰੇ ਤੇ ਬੋਲਦਿਆਂ ਕਿਹਾ ਕਿ ਸਾਨੂੰ ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾਂ ਵਿੱਚ ਛਪਵਾਏ ਜਾਣ ਵਾਲੇ ਕਾਰਡ ਪੰਜਾਬੀ ਵਿੱਚ ਛਪਵਾਉਣੇ ਚਾਹੀਦੇ ਹਨ। ਵਾਟਸਐਪ ਤੇ ਵੱਧ ਤੋਂ ਵੱਧ ਪੰਜਾਬੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ। ਇਕਬਾਲ ਮਾਹਲ ਹੋਰਾਂ ਨੇ ਆਪਣੇ ਜੀਵਨ ਦੇ ਤਜਰਬੇ ਸਾਂਝੇ ਕੀਤੇ ਅਤੇ ਲੋਕਾਂ ਵਲੋਂ ਮਿਲੇ ਪਿਆਰ- ਭਰਪੂਰ ਹੁੰਗਾਰੇ ਨੂੰ ਸਾਰੇ ਮਾਨਾਂ ਸਨਮਾਨਾਂ ਤੋਂ ਵੱਡਾ ਦੱਸਿਆ।



ਪੰਜਾਬੀ ਰੰਗ-ਮੰਚ ਦੀ ਉੱਘੀ ਰੰਗ-ਮੰਚ ਕਰਮੀ ਡਾ, ਰਾਜਵੰਤ ਕੌਰ ਮਾਨ ਨੇ ਇਕਬਾਲ ਮਾਹਲ, ਡਾ, ਗੁਰਮਿੰਦਰ ਸਿੱਧੂ ਅਤੇ ਡਾ, ਬਲਦੇਵ ਸਿੰਘ ਖਹਿਰਾ ਨਾਲ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਸਹਿਤਕ ਖੇਤਰ ਵਿੱਚ ਉਹਨਾਂ ਦੇ ਪਾਏ ਯੋਗਦਾਨ ਦੀ ਬਹੁਤ ਖ਼ੂਬਸੂਰਤ ਸ਼ਬਦਾਂ ਵਿੱਚ ਚਰਚਾ ਕੀਤੀ। ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਇਕਬਾਲ ਮਾਹਲ ਅਤੇ ਡਾ: ਗੁਰਮਿੰਦਰ ਸਿੱਧੂ ਨੂੰ ਕਿਤਾਬਾਂ ਅਤੇ ਸ਼ਾਲ ਦੇ ਕੇ ਰਵਾਇਤੀ ਤੌਰ ਤੇ ਸਨਮਾਨਿਤ ਕੀਤਾ ਗਿਆ।ਗੀਤਕਾਰ ਅਤੇ ਗਾਇਕ ਦਰਸ਼ਨ ਤਿਉਨਾ ਨੇ ਆਪਣੀ ਸੁਰੀਲੀ ਅਤੇ ਟੁਣਕਦੀ ਆਵਾਜ਼ ਵਿੱਚ ਬੜਾ ਖ਼ੂਬਸੂਰਤ ਗੀਤ ਪੇਸ਼ ਕੀਤਾ। ਏਥੇ ਸਭਾ ਦੇ ਖਜ਼ਾਨਚੀ ਮਨਜੀਤ ਬਰਾੜ ਦੇ ਗੀਤ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਉਹ ਜੋ ਕੁੱਝ ਅਪਣੇ ਆਲੇ ਦੁਆਲੇ ਵਿਚਰਦਾ ਵੇਖਦਾ ਹੈ ਉਸਨੂੰ ਕਲਮਬੱਧ ਕਰਦਾ ਹੈ। ਰਚਨਾਵਾਂ ਦੇ ਦੌਰ ਵਿੱਚ ਡਾ, ਮਨਮੋਹਨ ਬਾਠ, ਸੁਖਵਿੰਦਰ ਤੂਰ,ਮੰਗਲ ਚੱਠਾ, ਜਰਨੈਲ ਤੱਗੜ, ਜਸਵੰਤ ਸੇਖ਼ੋਂ, ਜਸਵੀਰ ਸਹੋਤਾ, ਸੁਰਿੰਦਰ ਢਿਲੋਂ ਨੇ ਹਿੱਸਾ ਲਿਆ। ਜਗਦੇਵ ਸਿੱਧੂ ਹੋਰਾਂ ਨੇ ਗੁਰਮਿੰਦਰ ਸਿੱਧੂ ਦੇ ਨਾਵਲ 'ਅੰਬਰੀਂ ਉੱਡਣ ਤੋਂ ਪਹਿਲਾਂ' ਬਾਰੇ ਆਪਣੇ ਸਕਾਰਾਤਮਿਕ ਵਿਚਾਰ ਪੇਸ਼ ਕੀਤੇ ਅਤੇ ਇਕਬਾਲ ਮਾਹਲ ਦੇ ਨਾਵਲ 'ਡੌਂਗੀਟੇਲ ਡ੍ਰਾਈਵ' ਦੀ ਤੁਲਨਾ ਜੇਮਜ਼ ਜੁਆਇਸ ਦੇ ਸ਼ਾਹਕਾਰ ਨਾਵਲ 'ਯੂਲੀਸਿਸ' ਨਾਲ ਕੀਤੀ। ਅੰਤ ਵਿੱਚ ਸੁਰਿੰਦਰ ਗੀਤ ਨੇ ਆਪਣੀਆਂ ਦੋ ਛੋਟੀਆਂ ਛੋਟੀਆਂ ਕਵਿਤਾਵਾਂ ਸੁਣਾਈਆਂ। ਸਰੋਤਿਆਂ ਵਲੋਂ ਦਿਖਾਏ ਗਏ ਅਨੁਸ਼ਾਸਨ ਜਾਬਤੇ ਦੀ ਸ਼ਲਾਘਾ ਕੀਤੀ ਅਤੇ ਮੁੱਖ ਮਹਿਮਾਨਾਂ ਸਮੇਤ ਹਾਜ਼ਰੀਨ ਦਾ ਧੰਨਵਾਦ ਕੀਤਾ। ਗੁਰਦਿਆਲ ਸਿੰਘ ਖਹਿਰਾ ਦਾ ਮੰਚ ਸੰਚਾਲਨ ਆਪਣੀ ਮਿਸਾਲ ਆਪ ਸੀ।

## ਊਬਰ ਵਿੱਚ ਬਿਠਾਕੇ ਬਾਰਡਰ ਟਪਾਉਣ ਵਾਲੇ ਪੰਜਾਬੀ ਨੂੰ ਤਿੰਨ ਸਾਲ ਦੀ ਸਜਾ ਹੋਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 49 ਸਾਲਾ ਭਾਰਤੀ-ਅਮਰੀਕੀ ਵਿਅਕਤੀ ਨੂੰ ਸੈਂਕੜੇ ਭਾਰਤੀ ਨਾਗਰਿਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਸਰਹੱਦ ਪਾਰ ਕਰਵਾ ਕੇ ਅਮਰੀਕਾ ਦਾਖਲ ਕਰਨ ਦੇ ਦੋਸ਼ ਵਿੱਚ ਤਿੰਨ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ ਹੈ। ਕੈਲੀਫੋਰਨੀਆ ਦੇ ਐਲਕ ਗਰੋਵ ਦੇ ਰਜਿੰਦਰ ਪਾਲ ਸਿੰਘ ਉਰਫ਼ ਜਸਪਾਲ ਗਿੱਲ ਨੂੰ ਸਿਆਟਲ ਦੀ ਜ਼ਿਲ੍ਹਾ ਅਦਾਲਤ ਨੇ ਸਜ਼ਾ ਸੁਣਾਈ। ਗਿੱਲ ਨੇ ਫਰਵਰੀ ਵਿੱਚ ਆਪਣਾ ਦੋਸ਼ ਕਬੂਲ ਕੀਤਾ ਸੀ ਤੇ ਮੰਨਿਆ ਸੀ ਕਿ ਉਸ ਨੇ ਤਸਕਰੀ ਗਰੋਹ ਦੇ ਪ੍ਰਮੁੱਖ ਮੈਂਬਰ ਵਜੋਂ ਇਸ ਕੰਮ ਲਈ 500,000 ਡਾਲਰ ਤੋਂ ਵੱਧ ਲਏ ਸਨ। ਉਹ ਭਾਰਤੀਆਂ ਨੂੰ ਨਾਜਾਇਜ਼ ਢੰਗ ਨਾਲ ਅਮਰੀਕਾ 'ਚ ਦਾਖਲ ਕਰਾਉਣ ਲਈ ਉਬੇਰ ਦੀ ਵਰਤੋਂ ਕਰਦਾ ਸੀ। ਚਾਰ ਸਾਲਾਂ ਦੇ ਅਰਸੇ ਵਿੱਚ ਉਸ ਨੇ 800 ਤੋਂ ਵੱਧ ਲੋਕਾਂ ਨੂੰ ਅਮਰੀਕਾ ਵਿੱਚ ਲਿਆਂਦਾ ਸੀ।

SSSS IMMIGRATION SERVICES
www.ssssimmigration.com
ICCRC CRCIC
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਲੋੜਾਂ ਇੱਕ ਹੀ ਫੋਨ ਕਾਲ ਨਾਲ ਪੂਰੀਆਂ ਕਰੋ
R2 IMMIGRATION
• Study Visa
• Start-up Visa
• Visitor Visa
• Citizenship Application
• LMIA, PNP
• PR Card Renewal
• Express Entry
R2 Immigration Services Inc.
Rahul Sharma
RCIC
info@r2immi.ca
403-439-0007
403-434-5555
4310 104 Ave NE #3266 Unit 2 Calgary AB T3J 1W5

ਹੁਣ ਨਵੀਆਂ ਲਾਟਾਂ ਵੇਚ ਰਹੇ ਹਾਂ
ਹਾਈ $400S ਤੋਂ ਘਰ ਸ਼ੁਰੂ ਹਨ
DAWSON'S LANDING CHESTERMERE
A QUALICO COMMUNITY
2 ਮੁਕੰਮਲ ਸਟੌਰਮ ਵਾਟਰ kidney™ ਪਥਵੇਅ ਏਰੀਆ
ਕੈਲਗਰੀ ਡਾਊਨਟਾਊਨ ਜਾਣ ਲਈ ਹਾਈ ਵੇਅ 1 ਨਾਲ ਜੁੜਦਾ ਰਸਤਾ
ਮਾਲਕ ਐਸੋਸੀਏਸ਼ਨ ਘਰ ਦੀਆਂ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਦੀ ਹੈ
ਪਹਿਲਾ ਖੇਡ ਗਰਾਊਂਡ ਹੁਣ ਤਿਆਰ ਹੈ
ਚੈਸਟਰਮੇਰ ਸ਼ਹਿਰ ਵਿੱਚ ਝੀਲ ਦੇ ਕਿਨਾਰੇ ਡਾਸਨ ਲੈਂਡਿੰਗ,ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ,ਜਿੱਥੇ ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ,ਸਕੂਲਾਂ,ਪਾਰਕਾਂ,ਖਰੀਦਦਾਰੀ,ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁੱਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁੱਝ ਮਿੰਟਾਂ ਵਿੱਚ ਸਥਿੱਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਬੁਲਾਉਣ ਵਿੱਚ ਮਾਣ ਮਹਿਸੂਸ ਕਰੋਗੇ।
ਫਰੰਟ ਗੈਰਾਜ ਡੁਪਲੈਕਸ
ਫਰੰਟ ਗੈਰਾਜ ਵਾਲੇ ਘਰ
ਲੇਨਡ ਡੁਪਲੈਕਸ
ਲੇਨਡ ਹੋਮ
NUVISTA HOMES • BROADVIEW HOMES • TRUMAN HOMES
MORRISON HOMES • TRICO HOMES • STERLING HOMES
RESERVE YOUR LOT TODAY!
Contact Us at: 403-801-1340
customercare@qualicocommunities.com
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QualicoCommunitiesCalgary.com
QUALICO communities

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ਼
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed- One year warranty on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਪੀ ਟੀ ਬੀ ਕਿੰਗਜ਼ ਗੋਲਡ ਫੀਲਡ ਹਾਕੀ ਕੱਪ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਕਿੰਗਜ਼ ਇਲੈਵਨ ਫੀਲਡ ਹਾਕੀ ਸੁਸਾਇਟੀ ਦੀ ਕਮਾਨ ਹੇਠ ਜੈਨਸਿਸ ਸੈਂਟਰ ਕੈਲਗਰੀ ਵਿੱਚ ਚੱਲ ਰਹੇ ਤਿੰਨ ਰੋਜ਼ਾ ਪੀ ਟੀ ਬੀ ਕਿੰਗਜ਼ ਗੋਲਡ ਫੀਲਡ ਹਾਕੀ ਕੱਪ ਦੇ ਦੂਜੇ ਦਿਨ ਬਹੁਤ ਹੀ ਰੌਚਿਕ ਮੁਕਾਬਲੇ ਦੇਖਣ ਨੂੰ ਮਿਲੇ। 2 ਜੁਲਾਈ ਨੂੰ ਟੂਰਨਾਮੈਂਟ ਦਾ ਆਖਰੀ ਦਿਨ ਸੀ। ਮੈਚ ਸਵੇਰੇ 8 ਵਜੇ ਤੋਂ ਸ਼ੁਰੂ ਹੋ ਹੋਏ । ਬਾਅਦ ਵਿੱਚ ਸੀਨੀਅਰ ਪੁਰਸ਼ ਵਰਗ ਦੇ ਸੈਮੀਫਾਈਨਲ ਮੈਚ ਖੇਡੇ ਗਏ। ਕੈਨੇਡਾ ਭਰ ਚੋਂ 20 ਟੀਮਾਂ ਨੇ ਭਾਗ ਲਿਆ ਅੰਡਰ 12 ਵਿੱਚ ਕਿੰਗਜ਼ ਅਲੈਵਨ ਦੀ ਟੀਮ ਜੇਤੂ ਰਹੀ। ਅੰਡਰ 15 ਯੂਨਾਈਟਿਡ ਫੀਲਡ ਹਾਕੀ ਕਲੱਬ ਚੈਂਪੀਅਨ ਅਤੇ ਗੋਬਿੰਦ ਸਰਵਰ ਦੂਜੇ ਨੰਬਰ ਉੱਪਰ ਰਹੀ। ਔਰਤਾਂ ਦੇ ਮੁਕਾਬਲਿਆਂ ਵਿੱਚ ਕਿੰਗਜ਼ 11 ਪਹਿਲੇ ਅਤੇ ਇੰਡੀਆ ਕਲੱਬ ਦੂਜੇ ਨੰਬਰ ਉੱਪਰ ਰਹੀ। ਮਰਦਾਂ ਵਿੱਚ ਚੈਂਪੀਅਨ ਗੋਬਿੰਦ ਸਰਵਰ ਅਤੇ ਇੰਡੀਆ ਕਲੱਬ ਦੂਜੇ ਨੰਬਰ ਉੱਪਰ ਰਹੀ । ਇਸ ਟੂਰਨਾਮੈਂਟ ਦੌਰਾਨ ਕਿੰਗਜ਼ 11 ਦੇ ਕਨੇਡਾ ਲਈ ਚੁਣੇ ਹੋਏ ਖਿਡਾਰੀਆਂ ਗੌਰਵ ਘਈ, ਪ੍ਰਭਲੀਨ ਗਰੇਵਾਲ,ਤਨਵੀਰ ਗਿੱਲ, ਅਨੀਸ਼ ਨਰੂਲਾ,ਅਜੇ ਭੰਗੂ,ਅਤੇ ਵੀਰਪਾਲ ਚੱਠਾ ਨੂੰ ਸਨਮਾਨਿਤ ਕੀਤਾ ਗਿਆ। ਰਾਜਨੀਤਕ ਸਖ਼ਸੀਅਤਾਂ ਐਮ ਪੀ ਜੌਰਜ ਚਾਹਲ,ਐਮ ਪੀ ਜਸਰਾਜ ਹੱਲਣ, ਐਮ ਐਲ ਏ ਪਰਮੀਤ ਸਿੰਘ, ਐਮ ਐਲ ਏ ਇਰਫਾਨ ਸਾਬੀਰ, ਐਮ ਐਲ ਏ ਗੁਰਿੰਦਰ ਬਰਾੜ,ਅਤੇ ਸਿਟੀ ਕੌਂਸਲਰ ਰਾਜ ਧਾਲੀਵਾਲ ਨੇ ਵੀ ਹਾਜਰੀ ਲਗਵਾਈ। ਪਾਲੀ ਵਿਰਕ , ਮਨਦੀਪ ਦੁੱਗਲ, ਗੁਰੂਘਰ ਦੀ ਕਮੇਟੀ ਦੇ ਸਾਰੇ ਮੈਂਬਰ ਅਤੇ ਕਲੱਬ ਮੈਂਬਰ ਨਰਿੰਦਰਪਾਲ ਔਜਲਾ, ਟੋਨੀ ਧਾਲੀਵਾਲ,ਹਰਪ੍ਰੀਤ ਕੁਲਾਰ,ਕਨਵਰ ਸਰਾਓ,ਸਮਸ਼ੇਰ ਗਿੱਲ,ਸੁੱਖਾ ਗਿੱਲ,ਜਸਕਰਨ ਗਿੱਲ,ਹੈਪੀ ਢੀਂਡਸਾ,ਪਰਮਿਮਦਰ ਭੰਗੂ,ਰਿੱਕੀ ਨਰੂਲਾ,ਦਲਜੀਤ ਪੁਰਬਾ,ਜਸਜੀਤ ਜੱਸਲ,ਸਤਬਿੰਦਰ ਬਨਵੈਤ,ਕਮਲ ਗਿੱਲ,ਰਾਜਾ ਧਾਲੀਵਾਲ,ਹਰੀ ਘਈ,ਉਂਕਾਰ ਢੀਂਡਸਾਨੇ ਤਿੰਨੇ ਦਿਨ ਹਾਜਰੀ ਭਰੀ। ਟੋਨੀ ਧਾਲੀਵਾਲ ਨੂੰ ਸਹੀਦ ਮੇਜਰ ਗੁਰਪ੍ਰੀਤ ਸਿੰਘ ਬਿੰਦਰਾ ਪੁਰਸਕਾਰ ਨਾਲ ਹਾਕੀ ਦੀਆਂ ਸੇਵਾਵਾਂ ਦੇਣ ਬਦਲੇ ਸਨਮਾਨਿਤ ਕੀਤਾ ਗਿਆ। ਮਨਦੀਪ ਦੁੱਗਲ ਨੂਮ ਕਨਿਊਨਿਟੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਬਕਾ ਉਲੰਪੀਅਨ ਰੁਪਿੰਦਰਪਾਲ ਸਿੰਘ ਨੇ ਇਸ ਟੂਰਨਾਮੈਂਟ ਵਿੱਚ ਬਤੌਰ ਮੁੱਖ ਮਹਿਮਾਨ ਹਾਜ਼ਰੀ ਭਰੀ।

# ਅੰਤਰਰਾਸਟਰੀ ਵਿਦਿਆਰਥੀ ਨੇ ਪ੍ਰੋਫੈਸਰ ਅਤੇ ਦੋ ਵਿਦਿਆਰਥੀਆਂ ਉੱਪਰ ਚਾਕੂ ਨਾਲ ਹਮਲਾ ਕੀਤਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਵਾਟਰਲੂ ਯੂਨੀਵਰਸਿਟੀ ਦੀ ਇੱਕ ਕਲਾਸ ਵਿੱਚ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਨੇ ਨੇ ਤਿੰਨ ਵਿਅਕਤੀਆਂ ਨੂੰ ਚਾਕੂ ਮਾਰਕੇ ਜ਼ਖਮੀਂ ਕਰ ਦਿੱਤਾ । ਇਸ ਮਾਮਲੇ ਵਿੱਚ ਪੁਲਿਸ ਨੇ 24 ਸਾਲਾ ਅੰਤਰਰਾਸ਼ਟਰੀ ਵਿਦਿਆਰਥੀ ਜਿਸ ਦੀ ਪਹਿਚਾਣ ਜਿ?ਵੈਨੀ ਵਿਲਾਲਬਾ ਅਲੇਮਾ ਦੇ ਤੌਰ 'ਤੇ ਹੋਈ ਹੈ ਨੂੰ ਵੱਖ ਵੱਖ 10 ਧਾਰਾਵਾਂ ਅਧੀਨ ਗ੍ਰਿਫਤਾਰ ਕਰ ਲਿਆ ਹੈ । ਪੁਲੀਸ ਨੇ ਦੱਸਿਆ ਕਿ ਇਹ ਹਮਲਾ ਵਾਟਰਲੂ ਯੂਨੀਵਰਸਿਟੀ ਦੇ ਹੇਗੀ ਹਾਲ ਵਿੱਚ ਹੋਇਆ। ਜ਼ਖਮੀਆਂ ਵਿੱਚ 38 ਸਾਲਾ ਮਹਿਲਾ ਪ੍ਰੋਫੈਸਰ ਤੋਂ ਇਲਾਵਾ ਇੱਕ ਵਿਦਿਆਰਥੀ ਅਤੇ ਇੱਕ ਵਿਦਿਆਰਥਣ ਸ਼ਾਮਿਲ ਹਨ । ਵਾਟਰਲੂ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਯੂਸਫ਼ ਕਾਯਮਾਕ ਨੇ ਦੱਸਿਆ ਕਿ ਹਮਲਾ ਲਿੰਗ ਅਧਿਐਨ ਜਮਾਤ ਵਿੱਚ ਹੋਇਆ। ਪੁਲਿਸ ਨੇ ਇਸ ਹਮਲੇ ਨੂੰ ਨਫ਼ਰਤੀ ਹਮਲਾ ਕਰਾਰ ਦਿੱਤਾ ਹੈ। ਹਮਲੇ ਦੇ ਸਮੇਂ ਜਮਾਤ 'ਚ 40 ਵਿਦਿਆਰਥੀ ਮੌਜੂਦ ਸਨ।

STANCE PHYSIO
CHIRO & MASSAGE
Psychological/Mental Health Counselling Available
ਫਿਜੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕਲੋਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB I PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151 Address: 470, 10980 38St NE AB Calgary

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
INDIVIDUAL COURSES
• Eyelash Extensions
• Eye brow/Eyelash Tinting
• Eyelash Lift up
• Waxing • Facials
• Threading
International Students accepting
• Makeup
• Hair styling
• Manicure/Pedicure
• Microdermabrasion
• Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
GD COLLEGE CALGARY
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



**ਸਬਰ ਬਹੁਤ ਵੱਡੀ ਚੀਜ਼ ਹੈ**
**ਜੋ ਕਰ ਗਿਆ ਸੋ ਤਰ ਗਿਆ**

# ਸਾਫ਼ਟ ਡਰਿੰਕ ਅਤੇ ਸਾਡੀ ਸਿਹਤ

ਸਾਫ਼ਟ ਡਰਿੰਕ ਪੀਣ ਵਿੱਚ ਤਾਂ ਸਵਾਦ ਦਿੰਦੇ ਹਨ ਪਰ ਇਹ ਸਾਡੀ ਸਿਹਤ ਲਈ ਕਿੰਨੇ ਹਾਨੀਕਾਰਕ ਹਨ, ਉਸ ਦੇ ਇੰਕਸ਼ਾਫ਼ ਸਮੇਂ ਸਮੇਂ ਉੱਤੇ ਹੁੰਦੇ ਰਹੇ ਹਨ। ਹੁਣ ਤਾਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇਨ੍ਹਾਂ ਨੂੰ ਮਿੱਠਾ ਬਣਾਉਣ ਵਾਲਾ ਪਦਾਰਥ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ। ਵਿਸ਼ਵ ਸਿਹਤ ਸੰਸਥਾ (ਡਬਲਿਊ ਐੱਚ ਓ) ਦੀ ਕੈਂਸਰ ਖੋਜ ਸਬੰਧੀ ਕੌਮਾਂਤਰੀ ਏਜੰਸੀ ਅਤੇ ਭੋਜਨ ਪਦਾਰਥਾਂ 'ਚ ਸਵਾਦ ਵਧਾਉਣ ਲਈ ਸ਼ਾਮਿਲ ਕੀਤੇ ਜਾਂਦੇ ਪਦਾਰਥਾਂ (ਐਡਿਟਿਵਜ਼) ਬਾਰੇ ਮਾਹਿਰਾਂ ਦੀ ਕਮੇਟੀ ਨੇ ਐਸਪਾਰਟੇਮ ਜਿਸ ਦੀ ਵਰਤੋਂ ਆਮ ਤੌਰ 'ਤੇ ਡਾਈਟ ਸੋਢੇ, ਕਾਰਬੋਨੇਟਡ ਪੇਅ ਪਦਾਰਥਾਂ, ਚੁਇੰਗ ਗਮ, ਰੈਡੀਮੇਡ ਚਾਹ ਅਤੇ ਘੱਟ ਕੈਲੋਰੀ ਵਾਲੇ ਭੋਜਨ ਪਦਾਰਥਾਂ ਨੂੰ ਮਿੱਠਾ ਬਣਾਉਣ ਲਈ ਕੀਤੀ ਜਾਂਦੀ ਹੈ, ਦੀ ਵਰਤੋਂ ਵਿਰੁੱਧ ਚਿਤਾਵਨੀ ਦਿੱਤੀ ਹੈ। ਇਸ ਨਾਲ ਠੰਢੇ ਬਣਾਉਣ ਵਾਲੀ ਸਨਅਤ ਨੂੰ ਢਾਹ ਲੱਗ ਸਕਦੀ ਹੈ। ਮਾਹਿਰਾਂ ਅਨੁਸਾਰ ਮਿੱਠੇ ਦਾ ਇਹ ਗ਼ੈਰ-ਕੁਦਰਤੀ ਬਦਲ ਮਨੁੱਖੀ ਸਿਹਤ ਲਈ ਨੁਕਸਾਨਦਾਇਕ ਹੈ ਜਿਸ ਨਾਲ ਪਾਚਨ ਸਬੰਧੀ ਸਮੱਸਿਆਵਾਂ ਤੋਂ ਲੈ ਕੇ ਕੈਂਸਰ ਤੱਕ ਦਾ ਜੋਖ਼ਮ ਵਧ ਜਾਂਦਾ ਹੈ। ਗ਼ੈਰ-ਕੁਦਰਤੀ ਮਿੱਠੇ ਵਾਲੇ ਪੇਅ ਪਦਾਰਥਾਂ ਦੇ ਸਿਹਤ 'ਤੇ ਮਾੜੇ ਅਸਰ ਬਾਰੇ ਦੁਨੀਆ ਭਰ 'ਚ ਦਹਾਕਿਆਂ ਤੋਂ ਖੋਜ ਕੀਤੀ ਜਾਂਦੀ ਰਹੀ ਹੈ ਅਤੇ ਜਦੋਂ ਕਦੇ ਵੀ ਇਸ ਬਾਰੇ ਕੋਈ ਨਵੀਂ ਲੱਭਤ ਸਾਹਮਣੇ ਆਉਂਦੀ ਹੈ ਤਾਂ ਅਰਬਾਂ ਡਾਲਰਾਂ ਦੇ ਵਪਾਰ ਵਾਲੀਆਂ ਇਨ੍ਹਾਂ ਸਨਅਤਾਂ ਅਤੇ ਮਾਹਿਰਾਂ ਦਰਮਿਆਨ ਤਿੱਖੀ ਬਹਿਸ ਛਿੜ ਜਾਂਦੀ ਹੈ ਜਿਸ ਨਾਲ ਲੋਕ ਅਕਸਰ ਭੰਬਲਭੂਸੇ ਵਿਚ ਪੈ ਜਾਂਦੇ ਹਨ। ਅਮਰੀਕਾ ਦੀ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ (ਐਫਡੀਏ) ਸਮੇਤ ਜ਼ਿਆਦਾਤਰ ਦੇਸ਼ਾਂ 'ਚ ਖ਼ੁਰਾਕੀ ਪਦਾਰਥਾਂ ਦੀ ਨਿਗਰਾਨੀ ਕਰਨ ਵਾਲੀਆਂ ਸੰਸਥਾਵਾਂ 1981 ਤੋਂ ਲੈ ਕੇ ਹੁਣ ਤੱਕ ਐਸਪਾਰਟੇਮ ਦੀ ਵਰਤੋਂ ਨੂੰ ਹਰੀ ਝੰਡੀ ਦਿੰਦੀਆਂ ਆ ਰਹੀਆਂ ਹਨ ਅਤੇ ਸਾਫਟ ਡਰਿੰਕ ਬਣਾਉਣ ਵਾਲੀ ਸਨਅਤ ਅਰਬਾਂ ਡਾਲਰ ਦਾ ਕਾਰੋਬਾਰ ਕਰਦੀ ਹੈ। 1981 ਵਿੱਚ ਅਮਰੀਕੀ ਸਰਕਾਰੀ ਏਜੰਸੀ ਦੁਆਰਾ ਇਸ ਨੂੰ ਹਰੀ ਝੰਡੀ ਦੇਣਾ ਵਾਦ-ਵਿਵਾਦ ਵਾਲਾ ਮਸਲਾ ਹੈ; ਇਸ ਸਬੰਧ ਵਿੱਚ ਰਾਸ਼ਟਰਪਤੀ ਰੋਨਾਲਡ ਰੀਗਨ ਦੀ ਸਰਕਾਰ ਵਿੱਚ ਸ਼ਾਮਿਲ ਡੋਨਲਡ ਰਮਸਫੈਲਡ 'ਤੇ ਉਂਗਲੀ ਉਠਾਈ ਜਾਂਦੀ ਰਹੀ ਜੋ ਪਹਿਲਾਂ ਦਵਾਈਆਂ ਬਣਾਉਣ ਵਾਲੀ ਇੱਕ ਕੰਪਨੀ ਦਾ ਮੁੱਖ ਪ੍ਰਬੰਧਕ ਸੀ। ਵਿਸ਼ਵ ਸਿਹਤ ਸੰਸਥਾ ਦੀ ਇਸ ਗ਼ੈਰ-ਕੁਦਰਤੀ ਮਿੱਠੇ (ਆਰਟੀਫੀਸ਼ੀਅਲ ਸਵੀਟਨਰ) ਦੀ ਵਰਤੋਂ ਖ਼ਿਲਾਫ਼ ਦਿੱਤੀ ਚਿਤਾਵਨੀ ਅੱਖਾਂ ਖੋਲ੍ਹਣ ਵਾਲੀ ਹੋਣੀ ਚਾਹੀਦੀ ਹੈ। ਧਿਆਨਯੋਗ ਹੈ ਕਿ ਪਿਛਲੇ ਮਹੀਨੇ ਵੀ ਵਿਸ਼ਵ ਸਿਹਤ ਸੰਸਥਾ ਨੇ ਹਰ ਤਰ੍ਹਾਂ ਦੇ ਗ਼ੈਰ-ਕੁਦਰਤੀ ਮਿੱਠੇ ਜਿਵੇਂ ਐਸਪਾਰਟੇਮ, ਸਟੀਵੀਆ, ਸਕਰਾਲੋਜ਼ ਆਦਿ ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ ਸੀ। ਸੰਸਥਾ ਅਨੁਸਾਰ ਇਨ੍ਹਾਂ ਨਾਲ ਵਜ਼ਨ ਘਟਾਉਣ 'ਚ ਤਾਂ ਮੱਦਦ ਨਹੀਂ ਮਿਲਦੀ ਸਗੋਂ ਸ਼ੂਗਰ (ਟਾਈਪ-2), ਦਿਲ ਦੇ ਰੋਗਾਂ ਤੇ ਬਾਲਗਾਂ 'ਚ ਮੌਤ ਹੋਣ ਦਾ ਖ਼ਤਰਾ ਜ਼ਰੂਰ ਵਧ ਜਾਂਦਾ ਹੈ। ਜ਼ਾਹਿਰ ਹੈ ਕਿ ਭੋਜਨ ਪਦਾਰਥਾਂ ਨਾਲ ਜੁੜੀ ਸਨਅਤ ਅਜਿਹੀ ਕਿਸੇ ਵੀ ਚਿਤਾਵਨੀ ਦਾ ਵਿਰੋਧ ਜ਼ਰੂਰ ਕਰੇਗੀ ਕਿਉਂਕਿ ਹਰ ਦਿਨ ਬਾਜ਼ਾਰ 'ਚ ਨਵੇਂ, ਮਨਮੋਹਣੇ ਅਤੇ 'ਸਿਹਤਮੰਦ' ਪਦਾਰਥ ਉਤਾਰੇ ਜਾਂਦੇ ਹਨ। ਆਮ ਆਦਮੀ ਨੂੰ ਅਜਿਹੀ ਭਰਮ ਵਾਲੀ ਸਥਿੱਤੀ ਤੋਂ ਬਚਣਾ ਅਤੇ ਅਜਿਹੇ ਪਦਾਰਥਾਂ ਦੇ ਸੇਵਨ ਤੋਂ ਦੂਰ ਰਹਿਣਾ ਚਾਹੀਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਕੁਦਰਤੀ, ਰਵਾਇਤੀ ਅਤੇ ਸਿਹਤ ਲਈ ਫ਼ਾਇਦੇਮੰਦ ਭੋਜਨ ਖਾਣ ਦੀ ਆਦਤ ਪਾਉਣ ਤਾਂ ਜੋ ਅਗਲੀ ਪੀੜੀ ਫਾਸਟ ਫੂਡ ਤੋਂ ਬਚੀ ਰਹੇ।

**ਸੁਖਜਿੰਦਰ ਸਮਰਾ**
ਮੋ. 1 780 300 2000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਏ ਇਸ਼ਤਿਹਾਰਾਂ ਸਬੰਧੀ , ਸਬੰਧਤ ਚੀਜ਼ਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਐਡਿਟ ਜਾਂ ਨਾ ਐਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਕੰਮਕਾਜੀ ਔਰਤਾਂ ਕਿਉਂ ਛੱਡ ਰਹੀਆਂ ਹਨ ਨੌਕਰੀਆਂ ?



ਗੁਰਮੀਤ ਸਿੰਘ ਪਲਾਹੀ
9815802070

ਕੰਮਕਾਜੀ ਔਰਤਾਂ ਸਬੰਧੀ ਛਪੇ ਇੱਕ ਸਰਵੇਖਣ ਅਨੁਸਾਰ 131 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦੀ ਕੰਮਕਾਜੀ ਔਰਤਾਂ ਦੀ ਭਾਗੀਦਾਰੀ 'ਚ 120ਵੀਂ ਥਾਂ ਹੈ। ਬਹੁਤ ਸਾਰੀਆਂ ਕੰਮਕਾਜੀ ਔਰਤਾਂ ਨੌਕਰੀਆਂ ਛੱਡ ਰਹੀਆਂ ਹਨ। ਵਿਚਕਾਰਲੀਆਂ ਪ੍ਰਬੰਧਨ ਨੌਕਰੀਆਂ ਨੂੰ ਤਿਲਾਂਜ਼ਲੀ ਦੇਣ ਵਾਲੀਆਂ ਔਰਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਾਂ ਜ਼ਿਆਦਾ ਹੈ।

ਪੁਰਸ਼ ਪ੍ਰਧਾਨ ਭਾਰਤੀ ਸਮਾਜ 'ਚ ਔਰਤਾਂ ਦੀ ਸਖ਼ਸ਼ੀ ਆਜ਼ਾਦੀ ਦਾ ਪਹੀਆ ਉਲਟਾ ਘੁੰਮ ਰਿਹਾ ਹੈ। ਪੁਰਸ਼ਾਂ ਦੀ ਜਕੜ ਹੋਰ ਪੱਕੀ-ਪੀਡੀ ਹੋ ਰਹੀ ਹੈ। ਸਾਲ 2005 ਵਿੱਚ ਔਰਤਾਂ ਦੀ ਨੌਕਰੀਆਂ 'ਚ ਹਿੱਸੇਦਾਰੀ 27 ਫ਼ੀਸਦੀ ਸੀ, ਜਿਹੜੀ ਡਿੱਗਕੇ ਹੁਣ 23 ਫ਼ੀਸਦੀ ਰਹਿ ਗਈ ਹੈ ਜਦਕਿ ਔਰਤਾਂ ਪੜ੍ਹਾਈ ਦੇ ਖੇਤਰ 'ਚ ਲਗਾਤਾਰ ਅੱਗੇ ਵੱਧ ਰਹੀਆਂ ਹਨ, ਵੱਡੀਆਂ ਡਿਗਰੀਆਂ ਪ੍ਰਾਪਤ ਕਰ ਰਹੀਆਂ ਹਨ, ਨੌਕਰੀਆਂ ਲਈ ਮੁਕਾਬਲੇ ਦੇ ਇਮਤਿਹਾਨਾਂ 'ਚ ਮੋਹਰੀ ਥਾਂ ਬਣਾ ਰਹੀਆਂ ਹਨ।

ਮੱਧ ਵਰਗੀ ਕੰਮਕਾਜੀ ਔਰਤਾਂ ਦੇ ਨੌਕਰੀ ਛੱਡਣ ਦੇ ਬੁਨਿਆਦੀ ਕਾਰਨਾਂ 'ਚ ਸਭ ਤੋਂ ਪ੍ਰਮੁੱਖ ਇਹ ਹੈ ਕਿ ਦੇਸ਼ ਵਿੱਚ ਮਾਹਰ ਮਰਦਾਂ ਅਤੇ ਔਰਤਾਂ 'ਚ ਬਰਾਬਰ ਦੀ ਕੁਸ਼ਲਤਾ ਹੋਣ 'ਤੇ ਵੀ ਉਹਨਾ ਨੂੰ ਬਰਾਬਰ ਦੀ ਤਨਖਾਹ ਨਹੀਂ ਮਿਲਦੀ। ਜਾਂ ਉਹਨਾ ਨੂੰ ਨੌਕਰੀਆਂ 'ਚ ਬਰਾਬਰ ਦੇ ਮੌਕੇ ਨਹੀਂ ਮਿਲਦੇ ਅਤੇ ਨਾ ਹੀ ਬਰਾਬਰ ਦੀਆਂ ਤਰੱਕੀਆਂ ਮਿਲਦੀਆਂ ਹਨ। ਦੂਜਾ ਯੌਨ ਹਿੰਸਾ ਦਾ ਜ਼ੋਖਮ ਹੈ, ਜਿਸ 'ਚ ਦੇਸ਼ ਭਾਰਤ ਮੋਹਰੀ ਦੇਸ਼ਾਂ ਵਿਚੋਂ ਇੱਕ ਹੈ। ਲਿੰਗਕ ਨਾ ਬਰਾਬਰੀ ਵਾਲਾ ਪੁਰਸ਼ ਪ੍ਰਧਾਨ ਭਾਰਤੀ ਸਮਾਜ ਚਾਹੁੰਦਾ ਹੈ ਕਿ ਔਰਤਾਂ ਘਰ 'ਚ ਰਹਿਣ। ਉਹਨਾ ਦਾ ਮੁੱਖ ਕੰਮ ਘਰ ਦੀ ਚਾਰ ਦੀਵਾਰੀ ਅੰਦਰ ਹੈ। ਰੰਗੜਊ ਮਰਦ ਚਾਹੁੰਦੇ ਹਨ ਕਿ ਔਰਤਾਂ ਰਸੋਈ 'ਚ ਕੰਮ ਕਰਨ, ਬੱਚਿਆਂ ਦੀ ਦੇਖਭਾਲ ਕਰਨ ਅਤੇ ਸਿਰਫ਼ ਕੰਮ ਚਲਾਊ ਸਿੱਖਿਆ ਹੀ ਹਾਸਲ ਕਰਨ।

ਭਾਵੇਂ ਕਿ ਸੰਯੁਕਤ ਰਾਸ਼ਟਰ ਮਰਦਾਂ, ਔਰਤਾਂ ਦੀ ਬਰਾਬਰੀ ਦੀ ਗੱਲ ਕਰਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਵਿਸ਼ਵ ਭਰ 'ਚ 2.7 ਅਰਬ ਲੋਕਾਂ ਤੋਂ ਵੀ ਵੱਧ ਔਰਤਾਂ ਕਨੂੰਨੀ ਰੂਪ ਵਿੱਚ ਪੁਰਸ਼ਾਂ ਦੇ ਬਰਾਬਰ ਨੌਕਰੀਆਂ ਦੀ ਚੋਣ ਤੋਂ ਬਾਹਰ ਹਨ। ਬਹੁਤ ਸਾਰੇ ਦੇਸ਼ ਦੁਨੀਆ ਭਰ 'ਚ ਇਹੋ ਜਿਹੇ ਹਨ, ਜਿਥੇ ਔਰਤਾਂ ਨੂੰ ਨੌਕਰੀਆਂ ਕਰਨ 'ਤੇ ਪਾਬੰਦੀ ਹੈ। ਇਥੇ ਹੀ ਬੱਸ ਨਹੀਂ ਦੁਨੀਆ 'ਚ 59 ਦੇਸ਼ ਇਹੋ ਜਿਹੇ ਹਨ, ਜਿਥੇ ਯੌਨ ਉਤਪੀੜਨ ਸਬੰਧੀ ਕੋਈ ਕਾਨੂੰਨ ਹੀ ਨਹੀਂ ਹੈ। ਵਿਸ਼ਵ ਪੱਧਰ 'ਤੇ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਤਨਖਾਹ ਨਹੀਂ ਮਿਲਦੀ। 40 ਫ਼ੀਸਦੀ ਔਰਤਾਂ ਇਹੋ ਜਿਹੀਆਂ ਹਨ ਜਿਹਨਾ ਨੂੰ ਸਮਾਜਿਕ ਸੁਰੱਖਿਆ ਨਹੀਂ ਹੈ। ਦੁਨੀਆਂ ਭਰ 'ਚ ਸਿਰਫ਼ 58 ਫ਼ੀਸਦੀ ਔਰਤਾਂ ਦੀ ਹੀ ਬੈਂਕਾਂ ਆਦਿ ਤੱਕ ਪਹੁੰਚ ਹੈ। ਕੰਮਕਾਜੀ ਦੁਨੀਆ 'ਚ ਛੋਟੀਆਂ, ਵੱਡੀਆਂ, ਬਜ਼ੁਰਗ, ਪੜ੍ਹੀਆਂ, ਲਿਖੀਆਂ, ਅਨਪੜ੍ਹ ਹਰ ਵਰਗ ਦੀਆਂ ਔਰਤਾਂ ਦਾ ਕੰਮਾਂ ਦੀ ਥਾਂ ਤੇ ਸੋਸ਼ਣ ਅਤੇ ਕਈ ਹਾਲਤਾਂ 'ਚ ਯੌਨ ਸੋਸ਼ਣ ਹੁੰਦਾ ਹੈ।

ਅੰਤਰਰਾਸ਼ਟਰੀ ਲੇਬਰ ਸੰਗਠਨ ਦੀ ਇੱਕ ਰਿਪੋਰਟ ਪੜ੍ਹਨ ਵਾਲੀ ਹੈ। ਇਹ ਦਰਸਾਉਂਦੀ ਹੈ ਕਿ ਦੁਨੀਆ ਦੇ 64 ਦੇਸ਼ਾਂ ਦੀਆਂ ਸਾਰੀਆਂ ਔਰਤਾਂ ਰੋਜ਼ਾਨਾ 1640 ਕਰੋੜ ਘੰਟੇ ਬਿਨ੍ਹਾਂ ਉਜਰਤ ਕੰਮ ਕਰਦੀਆਂ ਹਨ। ਦੁਨੀਆ ਦੀਆਂ 25.8 ਕਰੋੜ ਪ੍ਰਵਾਸੀਆਂ ਵਿਚੋਂ ਲਗਭਗ 50 ਫ਼ੀਸਦੀ ਕੰਮਕਾਜੀ ਔਰਤਾਂ ਹਨ ਜੋ ਆਪਣੇ ਦੇਸ਼ਾਂ ਤੋਂ ਬਾਹਰ ਰਹਿੰਦੀਆਂ ਹਨ। ਇਹਨਾ ਔਰਤਾਂ ਨੂੰ ਬਿਹਤਰ ਰੁਜ਼ਗਾਰ ਪ੍ਰਾਪਤੀ ਲਈ, ਰੂੜੀਵਾਦੀ ਸੋਚ, ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਹਨਾ ਦੀ ਨੌਕਰੀਆਂ 'ਚ ਚੋਣ ਅਤੇ ਅੱਗੋਂ ਕੰਮ ਕਰਨ 'ਚ ਇਹ ਸੋਚ ਰੁਕਾਵਟ ਬਣਦੀ ਹੈ। ਪ੍ਰਾਪਤ ਜਾਣਕਾਰੀਆਂ, ਸਰਵੇ, ਰਿਪੋਰਟਾ ਦੱਸਦੀਆਂ ਹਨ ਕਿ ਭਾਰਤ ਵਿੱਚ ਕੰਮਕਾਜ ਵਿੱਚ ਔਰਤਾਂ ਦੀ ਹਿੱਸੇਦਾਰੀ ਵਿੱਚ



ਲਗਾਤਾਰ ਗਿਰਾਵਟ ਆ ਰਹੀ ਹੈ। ਇਸਦਾ ਮੁੱਖ ਕਾਰਨ ਅਰਥ ਵਿਵਸਥਾ ਦੇ ਸੰਕਟ ਨਾਲ ਜੁੜਿਆ ਹੋਇਆ ਹੈ, ਕਿਉਂਕਿ ਵੱਡੀ ਗਿਣਤੀ ਔਰਤਾਂ ਕੋਲ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਕੰਮ ਹੀ ਕੋਈ ਨਹੀਂ ਅਤੇ ਉਹਨਾ ਦੀ ਕੰਮ-ਸ਼ਕਤੀ ਅੰਜਾਈ ਜਾ ਰਹੀ ਹੈ।

ਇਸੇ ਤਰ੍ਹਾਂ ਘਰੇਲੂ ਦਬਾਅ ਕਾਰਨ ਨੌਕਰੀ ਪੇਸ਼ਾ ਭਾਰਤੀ ਔਰਤਾਂ ਹਰ ਸਮੇਂ ਮਾਨਸਿਕ ਅਤੇ ਸਰੀਰਕ ਰੂਪ 'ਚ ਥੱਕੀਆਂ ਮਹਿਸੂਸ ਕਰਦੀਆਂ ਹਨ। ਭਾਰਤੀ ਔਰਤਾਂ ਉਤੇ ਘਰੇਲੂ ਜ਼ਿੰਮੇਵਾਰੀਆਂ ਦਾ ਭਾਰੀ ਬੋਝ ਰਹਿੰਦਾ ਹੈ। ਸਹੁਰੇ ਘਰਾਂ 'ਚ ਨਿਵਾਸ ਕਰਦੀਆਂ ਸਾਂਝੇ ਪਰਿਵਾਰ 'ਚ ਰਹਿੰਦੀਆਂ ਕੰਮਕਾਜੀ ਔਰਤਾਂ ਉਤੇ ਤਾਂ ਮਾਨਸਿਕ ਦਬਾਅ ਹੋਰ ਵੀ ਵਧਿਆ ਰਹਿੰਦਾ ਹੈ। ਵੇਖਣ ਵਿੱਚ ਤਾਂ ਇਹ ਵੀ ਆਉਂਦਾ ਹੈ ਕਿ ਰੂੜੀਵਾਦੀ ਸੋਚ ਵਾਲੇ ਲੋਕ ਔਰਤਾਂ ਨੂੰ ਨੌਕਰੀ ਕਰਨ ਦੇ ਹੱਕ 'ਚ ਨਹੀਂ ਰਹਿੰਦੇ। ਭਾਰਤ ਵਿੱਚ ਪਿਛਲੇ ਇੱਕ ਦਹਾਕੇ 'ਚ 1096 ਕਰੋੜ ਔਰਤਾਂ ਨੇ ਨੌਕਰੀਆਂ ਗੁਆਈਆਂ ਜਾਂ ਛੱਡੀਆਂ ਹਨ। ਇੰਜੀਨੀਰਿੰਗ ਤੇ ਮੈਡੀਕਲ ਖੇਤਰਾਂ 'ਚ ਔਰਤਾਂ ਦਾ 30 ਤੋਂ 45 ਫੀਸਦੀ ਤੱਕ, ਆਈ.ਆਈ.ਟੀ. ਖੇਤਰ 'ਚ ਪ੍ਰਵੇਸ਼ ਸਮੇਂ 20.8 ਫ਼ੀਸਦੀ ਅੱਛਾ ਖਾਸਾ ਪ੍ਰੀਖਿਆ ਯੋਗਤਾ ਪਾਸ ਕਰਨ 'ਚ ਹਿੱਸੇਦਾਰੀ ਹੁੰਦੀ ਹੈ ਪਰ ਨੌਕਰੀ ਵੇਲੇ ਤਾਂ ਆਈ.ਆਈ.ਟੀ. ਹਿੱਸੇਦਾਰੀ 8 ਤੋਂ 9 ਫ਼ੀਸਦੀ ਹੀ ਰਹਿ ਜਾਂਦੀ ਹਠ। ਅਸਲ 'ਚ ਵਿਆਹ ਵੇਲੇ ਮਰਦ ਸ਼ਰਤ ਹੀ ਇਹ ਲਾਉਂਦੇ ਹਨ ਕਿ ਉਹਨਾ ਦੀ ਘਰਵਾਲੀ ਨੌਕਰੀ ਨਹੀਂ ਕਰੇਗੀ।

ਅੱਜ ਔਰਤਾਂ ਉਦਯੋਗ, ਪ੍ਰਸ਼ਾਸਨ, ਰਾਜਨੀਤੀ ਆਦਿ ਸਭ ਥਾਈਂ ਕੰਮ ਕਰਦੀਆਂ ਹਨ। ਨੌਕਰੀਆਂ ਕਾਰਨ ਜਦੋਂ ਕਿ ਇੱਕ ਪਾਸੇ ਉਹਨਾ ਹਾਲਾਤਾਂ ਵਿੱਚ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ, ਪਰ ਉਹਨਾ ਦੀਆਂ ਸਮੱਸਿਆਂਵਾਂ ਵੀ ਵਧ ਰਹੀਆਂ ਹਨ। ਕਿਉਂਕਿ ਨੌਕਰੀਆਂ ਕਾਰਨ ਔਰਤਾਂ ਨੂੰ ਘਰੋਂ ਬਾਹਰ ਰਹਿਣਾ ਪੈਂਦਾ ਹੈ। ਸਿੱਟੇ ਵਜੋਂ ਉਸ ਉਤੇ ਮਾਨਸਿਕ ਅਤੇ ਸਰੀਰਕ ਬੋਝ ਵਧਦਾ ਹੈ। ਕਈ ਹਾਲਤਾਂ ਵਿੱਚ ਜਦੋਂ ਉਹਨਾ ਤੇ ਨੌਕਰੀ ਦਾ ਭਾਰ ਵਧਦਾ ਹੈ ਤਾਂ ਪਰਿਵਾਰਕ ਸਥਿਤੀ ਡਾਵਾਂਡੋਲ ਹੁੰਦੀ ਹੈ। ਵੱਡੀ ਗਿਣਤੀ ਔਰਤਾਂ ਦਾ ਨੌਕਰੀ ਆਪਣੀ ਆਜ਼ਾਦੀ ਅਤੇ ਚੰਗੀ ਪਛਾਣ ਲਈ ਵੀ ਨੌਕਰੀ ਕਰਦੀਆਂ ਹਨ। ਪਰ ਕੰਮ ਦੀਆਂ ਥਾਵਾਂ ਉਤੇ ਉਹ ਯੌਨ ਸੋਸ਼ਣ, ਲਿੰਗ ਭੇਦਭਾਵ ਅਤੇ ਅਸੁਰੱਖਿਆ ਉਹਨਾ ਲਈ ਨੌਕਰੀ ਲਈ ਰੁਕਾਵਟ ਬਣਦੀ ਹੈ। ਜਿਸ ਨਾਲ ਉਹਨਾ ਦਾ ਮਨੋਬਲ ਡਿੱਗਦਾ ਹੈ ਅਤੇ ਉਹ ਘਰ ਬੈਠਣ ਲਈ ਮਜ਼ਬੂਰ ਹੋ ਜਾਂਦੀਆਂ ਹਨ।

ਇਸ ਸਥਿਤੀ ਦੇ ਮੱਦੇਨਜ਼ਰ ਕੰਮਕਾਜੀ ਔਰਤਾਂ ਪ੍ਰਤੀ ਭਾਰਤ ਵਿੱਚ ਕੁਝ ਤੱਥ ਗੰਭੀਰ ਧਿਆਨ ਦੀ ਮੰਗ ਕਰਦੇ ਹਨ:-

1. ਭਾਰਤ ਵਿੱਚ 66 ਫ਼ੀਸਦੀ ਤੋਂ ਜ਼ਿਆਦਾ ਨੌਜਵਾਨ ਔਰਤਾਂ ਘਰੇਲੂ ਜ਼ੁੰਮੇਵਾਰੀਆਂ ਨਿਭਾਉਂਦੀਆਂ ਹਨ।
2. ਭਾਰਤ ਦੀਆਂ ਕੁੱਲ ਕੰਮ ਕਾਜੀ ਔਰਤਾਂ ਵਿੱਚ 63 ਫ਼ੀਸਦੀ ਖੇਤੀ ਦੇ ਕੰਮਾਂ 'ਚ ਲੱਗੀਆਂ ਹਨ।
3. ਭਾਰਤੀ ਔਰਤਾਂ ਦੀ ਲੇਬਰ ਦੇ ਕੰਮਾਂ 'ਚ ਭਾਗੀਦਾਰੀ 2005 ਵਿੱਚ 32 ਫ਼ੀਸਦੀ ਸੀ ਅਤੇ 2021 'ਚ ਇਹ 19 ਫ਼ੀਸਦੀ ਰਹਿ ਗਈ। ਭਾਵ ਪਿਛਲੇ ਦੋ ਦਹਾਕਿਆਂ 'ਚ ਇਹ ਕਾਫੀ ਘੱਟ ਗਈ।
4. ਵੱਡੀ ਗਿਣਤੀ ਭਾਰਤੀ ਔਰਤਾਂ ਨੂੰ ਕੰਮ ਬਦਲੇ ਕੋਈ ਮਜ਼ਦੂਰੀ ਨਹੀਂ ਮਿਲਦੀ। ਇਸ ਕੰਮ ਵਿੱਚ ਘਰੇਲੂ ਕੰਮ, ਬਾਲਣ ਇਕੱਠਾ ਕਰਨਾ, ਪਰਿਵਾਰ 'ਚ ਖੇਤੀਬਾੜੀ ਦੇ ਕੰਮ 'ਚ ਹੱਥ ਵਟਾਉਣਾ ਆਦਿ ਸ਼ਾਮਲ ਹੈ।

ਭਾਰਤ ਦੀ ਕੁੱਲ ਆਬਾਦੀ 140 ਕਰੋੜ ਪਹੁੰਚ ਚੁੱਕੀ ਹੈ ਅਤੇ ਇਸ ਵਿੱਚ ਔਰਤਾਂ ਦੀ ਗਿਣਤੀ 49 ਫ਼ੀਸਦੀ ਹੈ। ਇਹ ਭਾਰਤ ਲਈ ਵੱਡਾ ਚੈਲਿੰਜ ਹੈ ਕਿ ਭਾਰਤ ਦੀਆਂ ਔਰਤਾਂ ਲਈ ਕੰਮ ਦੇ ਵੱਧ ਤੋਂ ਵੱਧ ਮੌਕੇ ਨਹੀਂ ਮਿਲਦੇ। ਕੰਮ ਦੇ ਸਥਾਨ ਤੇ ਸੁਖਾਵਾਂ ਮਾਹੌਲ ਨਹੀਂ ਮਿਲਦਾ । ਇੱਕ ਸਰਵੇ ਅਨੁਸਾਰ ਅਨੁਸੂਚਿਤ ਜਾਤਾਂ ਜਾਂ ਪਿੱਛੜੇ ਵਰਗਾਂ ਨਾਲ ਸਬੰਧਤ ਔਰਤਾਂ ਦੀ ਹਾਲਤ ਤਾਂ ਬਹੁਤ ਹੀ ਨਿਰਾਸ਼ਾਜਨਕ ਹੈ। ਇਹ ਔਰਤਾਂ ਤਾਂ ਘਰ ਦੀ ਚਾਰ ਦੀਵਾਰੀ ਤੱਕ ਸੀਮਤ ਕਰਕੇ ਰੱਖ ਦਿੱਤੀਆਂ ਗਈਆਂ ਹਨ। ਉਂਜ ਵੀ ਪੜ੍ਹਾਈ ਕਰਨ ਤੋਂ ਬਾਅਦ ਵੱਡੀ ਗਿਣਤੀ ਔਰਤਾਂ ਘਰੇਲੂ ਕਾਰਨਾਂ ਅਤੇ ਵਧਦੀ ਬੇਰੁਜ਼ਗਾਰੀ ਦੀਆਂ ਸ਼ਿਕਾਰ ਨੌਕਰੀਆਂ ਤੋਂ ਵਾਂਝੀਆਂ ਰਹਿੰਦੀਆਂ ਹਨ।

ਵਿਸ਼ਵ ਪੱਧਰ 'ਤੇ ਲਗਭਗ ਇੱਕ ਤਿਹਾਈ ਔਰਤਾਂ ਦਾ ਮੁੱਖ ਰੁਜ਼ਗਾਰ ਖੇਤੀਬਾੜੀ ਹੈ,ਇਹਨਾਂ ਵਿੱਚ ਮੱਛੀ ਫੜਨ ਵਾਲੀਆਂ ਔਰਤਾਂ ਵੀ ਹਨ। ਪਰ ਹੈਰਾਨੀ ਵਾਲੀ ਗੱਲ ਹੈ ਕਿ 12.8 ਫ਼ੀਸਦੀ ਕਿਸਾਨ ਔਰਤਾਂ ਦੀ ਹੀ ਜ਼ਮੀਨ ਉਤੇ ਮਾਲਕੀ ਹੈ। ਭਾਰਤ ਵਿੱਚ 63 ਫ਼ੀਸਦੀ ਔਰਤਾਂ ਖੇਤੀਬਾੜੀ ਦੇ ਕੰਮ 'ਚ ਲੱਗੀਆਂ ਹਨ ਜਦਕਿ ਹੋਰ ਖੇਤਰਾਂ 'ਚ ਔਰਤਾਂ ਦੀ ਰੁਜ਼ਗਾਰਤ ਭਾਗੀਦਾਰੀ 11.2 ਫ਼ੀਸਦੀ ਹੈ। ਅਸਲ ਅਰਥਾਂ 'ਚ ਇਹ ਗਿਣਤੀ ਪ੍ਰਤੀਸ਼ਤ ਬਹੁਤ ਹੀ ਘੱਟ ਹੈ। ਭਾਰਤ 'ਚ ਸਮਾਜਕ ਅਵਸਥਾ ਦੇ ਮੱਦੇਨਜ਼ਰ ਔਰਤਾਂ ਦੇ ਉਂਜ ਵੀ ਹਾਲਤ ਮਾੜੇ ਹਨ। ਨਾ-ਬਰਾਬਰੀ ਇਸਦਾ ਵੱਡਾ ਕਾਰਨ ਹੈ। ਸਦੀਆਂ ਤੋਂ ਉਹਨਾ ਨਾਲ ਹੁੰਦਾ ਵਿਤਕਰਾ ਅਤੇ ਵਰਤਾਓ, ਉਹਨਾ ਦੇ ਪੜ੍ਹਨ, ਲਿਖਣ, ਰੁਜ਼ਗਾਰਤ ਹੋਣ 'ਚ ਵੱਡੀ ਰੁਕਾਵਟ ਬਣਦਾ ਹੈ।

ਪਰ ਭਾਰਤ ਦੀ ਅਰਥ ਵਿਵਸਥਾ ਨੂੰ ਥਾਂ ਸਿਰ ਕਰਨ ਲਈ ਔਰਤਾਂ ਦੀ ਸ਼ਕਤੀ ਵਰਤਣ ਦੀ ਲੋੜ ਇੱਕ ਸਾਲਨਾ ਸਰਵੇ 'ਚ ਦਰਸਾਈ ਗਈ ਹੈ, ਜਿਸ ਅਨੁਸਾਰ 6.8 ਕਰੋੜ ਹੋਰ ਕੰਮਕਾਜੀ ਔਰਤਾਂ ਦੀ ਜ਼ਰੂਰਤ ਪੈ ਸਕਦੀ ਹੈ। ਜੇਕਰ ਔਰਤਾਂ ਨੂੰ ਕੰਮਕਾਜ ਦੇ ਚੰਗੇ, ਸੁਖਾਵੇਂ, ਮਾਹੌਲ ਵਾਲੇ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣ, ਤਾਂ ਦੇਸ਼ 'ਚ ਕੰਮਕਾਜੀ ਔਰਤਾਂ ਦੀ ਗਿਣਤੀ ਪ੍ਰਤੀਸ਼ਤ ਕੁਲ ਕੰਮਕਾਜੀ ਲੋਕਾਂ 'ਚ 41 ਫ਼ੀਸਦੀ ਹੋ ਸਕਦੀ ਹੈ, ਜੋ ਅਗਲੇ ਦੋ ਤਿੰਨ ਸਾਲਾਂ 'ਚ ਜੀਡੀਪੀ 'ਚ ਵੱਡਾ ਵਾਧਾ ਕਰਕੇ ਵਿਕਾਸ ਦਰ 'ਚ 1.4 ਫ਼ੀਸਦੀ ਹੋਰ ਉਛਾਲ ਦੇ ਸਕਦੀ ਹੈ ਅਤੇ 46 ਲੱਖ ਕਰੋੜ ਦਾ ਹੋਰ ਮੁਨਾਫਾ ਦੇਸ਼ ਦੇ ਵਿਕਾਸ ਲਈ ਦੇ ਸਕਦੀ ਹੈ।

# ਅਲਵਿਦਾ ! ਰੌਸ਼ਨ ਦਿਮਾਗ ਵਿਦਵਾਨ ਸਿਆਸਤਦਾਨ ਬੀਰ ਦਵਿੰਦਰ ਸਿੰਘ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਸ.ਬੀਰ ਦਵਿੰਦਰ ਸਿੰਘ ਕਿਸੇ ਸਿਆਸੀ ਨੇਤਾ ਦੇ ਘਨੇੜੇ ਚੜ੍ਹਕੇ ਸਿਆਸਤ ਵਿੱਚ ਨਹੀਂ ਆਇਆ ਸੀ, ਸਗੋਂ ਉਹ ਤਾਂ ਆਪਣੀ ਕਾਬਲੀਅਤ ਦੇ ਸਿਰ 'ਤੇ ਸਿਆਸਤ ਵਿੱਚ ਆਇਆ ਸੀ। ਉਸ ਦੇ ਪਿਤਾ ਸ੍ਰ. ਪ੍ਰਿਤਪਾਲ ਸਿੰਘ ਪੁਲਿਸ ਵਿਭਾਗ ਵਿੱਚ ਨੌਕਰੀ ਕਰਦੇ ਸਨ। ਨੌਕਰੀ ਦੌਰਾਨ ਉਨ੍ਹਾਂ ਦਾ ਕਤਲ ਹੋ ਗਿਆ ਸੀ। ਸ੍ਰ. ਬੀਰ ਦਵਿੰਦਰ ਸਿੰਘ ਨੂੰ ਵੱਡਾ ਲੜਕਾ ਹੋਣ ਕਰਕੇ ਪੁਲਿਸ ਵਿਭਾਗ ਵਿੱਚ ਨੌਕਰੀ ਦੀ ਆਫ਼ਰ ਹੋਈ ਸੀ ਪ੍ਰੰਤੂ ਉਨ੍ਹਾਂ ਨੌਕਰੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਦੇ ਮਨ ਵਿੱਚ ਸਮਾਜ ਦੀ ਬਿਹਤਰੀ ਲਈ ਕੁਝ ਵਿਲੱਖਣ ਕਰਨ ਦੀ ਪ੍ਰਵਿਰਤੀ ਸੀ। ਫਿਰ ਉਨ੍ਹਾਂ ਦੇ ਛੋਟੇ ਭਰਾ ਨੂੰ ਪੁਲਿਸ ਵਿੱਚ ਨੌਕਰੀ ਦਿੱਤੀ ਗਈ ਸੀ।ਇਹ ਜਾਣਕਰੀ ਮੈਨੂੰ ਸ੍ਰ.ਬੇਅੰਤ ਸਿੰਘ ਨੇ ਦਿੱਤੀ ਸੀ। ਉਨ੍ਹਾਂ ਇਹ ਵੀ ਦੱਸਿਆ ਸੀ ਕਿ ਜਦੋਂ ਸ੍ਰ.ਬੀਰ ਦਵਿੰਦਰ ਸਿੰਘ ਕਾਂਗਰਸ ਵਿੱਚ ਸ਼ਾਮਲ ਹੋਏ ਸੀ ਤਾਂ ਉਹ ਅਤੇ ਓਮ ਪ੍ਰਕਾਸ਼ ਬੈਕਟਰ ਬੀਰ ਦਵਿੰਦਰ ਸਿੰਘ ਨੂੰ ਉਨ੍ਹਾਂ ਦੇ ਪਿੰਡ ਕੋਟਲਾ ਭਾਈਕਾ ਜਾ ਕੇ ਸਵਾਗਤ ਦੇ ਰੂਪ ਵਿੱਚ ਸ਼ਗਨ ਦੇ ਕੇ ਆਏ ਸਨ ਕਿਉਂਕਿ ਬੀਰ ਦਵਿੰਦਰ ਸਿੰਘ ਦੇ ਨਾਨਕੇ ਉਨ੍ਹਾਂ ਦੇ ਗੁਆਂਢੀ ਪਿੰਡ ਜੈਪੁਰੇ ਸਨ। ਇਸ ਗੱਲ ਦੀ ਤਸਦੀਕ ਓਮ ਪ੍ਰਕਾਸ਼ ਬੈਕਟਰ ਦੀ ਪੋਤਰੀ ਅਦਿੱਤੀ ਬੈਕਟਰ ਨੇ ਕੀਤੀ ਹੈ।ਸ੍ਰ.ਬੀਰ ਦਵਿੰਦਰ ਸਿੰਘ ਨੂੰ ਸਿਆਸਤ ਵਿੱਚ ਆਪਣੀ ਵਿਦਵਤਾ ਅਤੇ ਕਾਬਲੀਅਤ ਦਾ ਇਵਜ਼ਾਨਾ ਭੁਗਤਣਾ ਪਿਆ ਕਿਉਂਕਿ ਕਿਸੇ ਵੀ ਸੀਨੀਅਰ ਸਿਆਸਤਦਾਨ ਨੇ ਬੀਰ ਦਵਿੰਦਰ ਸਿੰਘ ਦੇ ਮਿਕਨਾਤੀਸੀ ਵਿਅਕਤਿਵ ਤੋਂ ਡਰਦਿਆਂ ਮਾਰਿਆਂ ਅੱਗੇ ਵੱਧਣ ਨਹੀਂ ਦਿੱਤਾ। ਸਗੋਂ ਉਸ ਦੇ ਰਾਹ ਵਿੱਚ ਅੜਿਕੇ ਪਾਏ। ਇਸ ਕਰਕੇ ਹੀ ਉਸ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਡਿਪਟੀ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਥੋਂ ਤੱਕ ਕਿ ਇਕ ਪਾਸੇ ਉਸ ਨੂੰ 2002 ਤੋਂ 2007 ਦੇ ਸਮੇਂ ਦੀ ਸੰਸਦੀ ਕਾਰਗੁਜ਼ਾਰੀ ਕਰਕੇ 'ਸਰਵੋਤਮ ਸੰਸਦ' ਦਾ ਖਿਤਾਬ ਦਿੱਤਾ ਗਿਆ ਪ੍ਰੰਤੂ ਦੂਜੇ ਪਾਸ 2007 ਦੀਆਂ ਵਿਧਾਨ ਸਭਾ ਚੋਣਾ ਸਮੇਂ ਕਾਂਗਰਸ ਪਾਰਟੀ ਨੇ ਉਸ ਦਾ ਟਿਕਟ ਕੱਟ ਦਿੱਤਾ। 2002 ਵਿੱਚ ਵੀ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਉਸ ਨੂੰ ਟਿਕਟ ਨਹੀਂ ਦੇਣਾ ਚਾਹੁੰਦੀ ਸੀ ਪ੍ਰੰਤੂ ਉਹ ਸਿੱਧਾ ਸੋਨੀਆਂ ਗਾਂਧੀ ਦੀ ਦਖ਼ਲਅੰਦਾਜ਼ੀ ਨਾਲ ਟਿਕਟ ਲੈ ਕੇ ਆਇਆ ਸੀ।20 ਦਿਨਾ ਵਿੱਚ ਹੀ ਚੋਣ ਪ੍ਰਚਾਰ ਕਰਕੇ ਚੋਣ ਜਿੱਤ ਗਿਆ ਸੀ। 2016 ਵਿੱਚ ਉਸ ਨੂੰ ਕਾਂਗਰਸ ਪਾਰਟੀ ਵੀ ਛੱਡਣੀ ਪਈ। ਜਿਸ ਕਰਕੇ ਉਸ ਨੂੰ ਕਈ ਪਾਰਟੀਆਂ ਵਿੱਚ ਮਜ਼ਬੂਰੀ ਵਸ ਜਾਣਾ ਪਿਆ।ਸਿਆਸਤ ਵਿੱਚਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਟਕਸਾਲ ਦੇ ਵਿਦਿਆਰਥੀ, ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਗੁੜ੍ਹਤੀ ਲੈ ਕੇ ਸਿਆਸਤ ਵਿੱਚ ਧਾਂਕ ਜਮਾਉਣ ਵਾਲੇ ਵਿਦਵਾਨ ਬੁਲਾਰੇ ਸ੍ਰ.ਬੀਰ ਦਵਿੰਦਰ ਸਿੰਘ 30 ਜੂਨ ਨੂੰ ਪੀ.ਜੀ.ਆਈ ਚੰਡੀਗੜ੍ਹ ਵਿਖੇ 74 ਸਾਲ ਦੀ ਉਮਰ ਵਿੱਚ ਸਵਰਗ ਸਿਧਾਰ ਗਏ। ਉਹ ਫੂਡ ਪਾਈਪ ਦੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਤੋਂ ਪ੍ਰਭਾਵਤ ਸਨ। ਕੈਂਸਰ ਅਜੇ ਪਹਿਲੀ ਸਟੇਜ ਵਿੱਚ ਹੀ ਸੀ ਪ੍ਰੰਤੂ ਕੀਮੋ ਕਰਨ ਤੋਂ ਬਾਅਦ ਉਹ ਕਮਜ਼ੋਰ ਹੁੰਦੇ ਗਏ ਤੇ ਅਖ਼ੀਰ ਸਵਰਗ ਸਿਧਾਰ ਗਏ। ਉਨ੍ਹਾਂ ਦਾ ਦੋ ਸਾਲ ਪਹਿਲਾਂ ਦਿਲ ਦਾ ਅਪ੍ਰੇਸ਼ਨ ਹੋਇਆ ਸੀ। ਉਸ ਤੋਂ ਬਾਅਦ ਤਾਂ ਉਹ ਨਾਰਮਲ ਜਿੰਦਗੀ ਜੀਅ ਰਹੇ ਸਨ। ਕੁਝ ਸਮਾਂ ਪਹਿਲਾਂ ਹੀ ਨਾਮੁਰਾਦ ਬਿਮਾਰੀ ਨੇ ਦਲੇਰ ਸਿਆਸਤਦਾਨ ਨੂੰ ਲਪੇਟ ਲਿਆ।ਉਹ ਸਮਾਜ ਵਿੱਚ ਬਿਲਕੁਲ ਆਮ ਦੀ ਤਰ੍ਹਾਂ ਵਿਚਰਦੇ ਸਨ ਪ੍ਰੰਤੂ ਸਿਆਸਤ ਵਿੱਚੋਂ ਸੇਵਾ ਮੁਕਤੀ ਲੈ ਲਈ ਸੀ। ਉਨ੍ਹਾਂ ਨੇ ਆਪਣਾ ਸਿਆਸੀ ਕੈਰੀਅਰ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਸ਼ੁਰੂ



ਕੀਤਾ ਸੀ। ਉਥੋਂ ਸਿਖਿਆ ਲੈ ਕੇ ਪੰਥ ਦੀ ਮਾਇਆ ਨਾਜ਼ ਹਸਤੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈਵਿਚ ਸ਼ਰੋਮਣੀ ਅਕਾਲੀ ਦਲ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ੯0। ਪ੍ਰੰਤੂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸਲਾਹ ਨਾਲ ਹੀ ਉਹ ਅਕਾਲੀ ਦਲ ਨੂੰ ਅਲਵਿਦਾ ਕਹਿਕੇ ਕਾਂਗਰਸ ਪਾਰਟੀ ਵਿੱਚ ਚਲੇ ਗਏ ਸਨ ਕਿਉਂਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨੇੜੇ ਉਸ ਸਮੇਂ ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ ਸਨ ਉਹ ਪ੍ਰੇਮ ਸਿੰਘ ਚੰਦੂਮਾਜਰਾ ਦੀ ਥਾਂ ਬੀਰ ਦਵਿੰਦਰ ਸਿੰਘ ਨੂੰ ਸਰਹੰਦ ਵਿਧਾਨ ਸਭਾ ਹਲਕੇ ਵਿੱਚ ਮੋਹਰੀ ਨਹੀਂ ਬਣਾਉਣਾ ਚਾਹੁੰਦੇ ਸਨ। ਸ੍ਰ.ਬੀਰ ਦਵਿੰਦਰ ਸਿੰਘ 1971 ਤੋਂ 1977 ਤੱਕ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਰਹੇ ਸਨ। ਇਸ ਦੌਰਾਨ ਉਨ੍ਹਾਂ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਨੇਕਾਂ ਕੈਂਪ ਆਯੋਜਤ ਕਰਕੇ ਨੌਜਵਾਨਾ ਨੂੰ ਸਿੱਖੀ ਦੀ ਪਿਉਂਦ ਦਿੱਤੀ। ਸਿੱਖ ਸਟੂਡੈਂਟ ਫੈਡਰੇਸ਼ਨ ਦੀ ਸਿਖਿਆ ਨੇ ਸ੍ਰ. ਬੀਰ ਦਵਿੰਦਰ ਸਿੰਘ ਦੇ ਵਿਅਕਤਿਵ ਵਿੱਚ ਨਿਖਾਰ ਅਜਿਹਾ ਲਿਆਂਦਾ ਕਿ ਉਹ ਸਿਆਸੀ ਖੇਤਰ ਵਿੱਚ ਧਰੂ ਤਾਰੇ ਦੀ ਤਰ੍ਹਾਂ ਰੌਸ਼ਨੀ ਦੇਣ ਲੱਗ ਪਏ। ਦੂਜੀ ਗੱਲ ਉਸ ਦਾ ਸਿੱਖ ਇਤਿਹਾਸ ਨੂੰ ਪੜ੍ਹਨਾ ਅਤੇ ਨਾਲਹੀ ਦੁਨੀਆਂ ਦੇ ਸਾਰੇ ਧਰਮਾ ਦਾ ਅਧਿਐਨ ਕਰਨਾ ਬੀਰ ਦਵਿੰਦਰ ਲਈ ਵਰਦਾਨ ਸਾਬਤ ਹੋਇਆ। ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ ਅਤੇ ਬੀਰ ਦਵਿੰਦਰ ਸਿੰਘ ਆਪਣੇ ਭਾਸ਼ਣਾ ਵਿੱਚ ਸਿੱਖ ਇਤਿਹਾਸ ਦੀਆਂ ਉਦਾਹਰਨਾ ਅਤੇ ਸ਼ਬਦਾਵਲੀ ਵਰਤਦੇ ਸਨ, ਜਿਹੜੀ ਸਰੋਤਿਆਂ ਨੂੰ ਕੀਲ ਕੇ ਰੱਖ ਦਿੰਦੀ ਸੀ।ਅਸਲ ਕਾਰਨ ਅਕਾਲੀ ਲੀਡਰਸ਼ਿਪ ਵੀ ਉਸ ਦੀ ਸਿਆਸੀ ਵਿਦਵਤਾ ਤੋਂ ਡਰਦੀ ਸੀ। 1977 ਤੱਕ ਉਹ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਅਗਵਾਈ ਸਰਗਰਮੀ ਨਾਲ ਕਰਦੇ ਰਹੇ ਸਨ।ਅਕਾਲੀ ਦਲ ਦੀ ਲੀਡਰਸ਼ਿਪ ਉਨ੍ਹਾਂ ਨੂੰ ਸਿਆਸਤ ਵਿੱਚ ਉਭਰਨ ਤੋਂ ਰੋਕਦੀ ਸੀ, ਇਸ ਲਈ ਉਸ ਨੇ 1978 ਵਿੱਚ ਕਾਂਗਰਸ ਪਾਰਟੀ ਦਾ ਪੱਲਾ ਫੜ੍ਹ ਲਿਆ। 1980 ਵਿੱਚ ਉਹ ਸਰਹੰਦ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ। ਉਹ ਉਸ ਸਮੇਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਕਾਫ਼ੀ ਨਜ਼ਦੀਕੀਆਂ ਵਿੱਚੋਂ ਇਕ ਸਨ ਪ੍ਰੰਤੂ ਦਰਬਾਰਾ ਸਿੰਘ ਨੇ ਉਨ੍ਹਾਂ ਨੂੰ ਕੋਈ ਅਹੁਦਾ ਨਹੀਂ ਦਿੱਤਾ, ਸਿਰਫ ਪੰਜਾਬ ਵਿਧਾਨ ਸਭਾ ਵਿੱਚ ਕਾਂਗਰਸ ਪਾਰਟੀ ਦੇ ਚੀਫ਼ ਵਿਪ ਬਣਾ ਦਿੱਤਾ, ਜਿਹੜਾ ਕੋਈ ਸੰਵਿਧਾਨਿਕ ਅਹੁਦਾ ਨਹੀਂ ਸੀ। ਕਾਂਗਰਸੀ ਲੀਡਰ ਸਿਰਫ ਉਨ੍ਹਾਂ ਵਰਤਦੇ ਅਤੇ ਲੌਲੀ ਪੌਪ ਦਿੰਦੇ ਰਹੇ। ਕਈ ਵਾਰ ਉਨ੍ਹਾਂ ਨੇ ਸਹੁੰ ਚੁਕਣ ਲਈ ਜੈਕਟਾਂ ਅਤੇ ਅਚਕਨਾਂ ਸਿਲਾਈਆਂ ਪ੍ਰੰਤੂ ਉਨ੍ਹਾਂ ਨੂੰ ਮੰਤਰੀ ਨਹੀਂ ਬਣਾਇਆ ਗਿਆ। 2002 ਦੀਆਂ ਵਿਧਾਨ ਸਭਾ ਚੋਣਾ ਵਿੱਚ ਉਹ ਖਰੜ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ। ਭਰਿਸ਼ਟਾਚਾਰ ਦਾ ਮੁੱਦਾ ਚੁੱਕਣ 'ਤੇ ਕਾਂਗਰਸ ਪਾਰਟੀ ਨੇ ਬੀਰ ਦਵਿੰਦਰ ਸਿੰਘ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਸੀ ਫਿਰ ਉਹ 2010 ਵਿੱਚ ਉਹ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ 2012 ਤੱਕ ਇਸ ਪਾਰਟੀ ਨਾਲ ਜੁੜੇ ਰਹੇ। 2019 ਵਿੱਚ ਸ਼ਰੋਮਣੀ ਅਕਾਲੀ ਦਲ ਟਕਸਾਲੀ ਵਿੱਚ ਸ਼ਾਮਲ ਹੋ ਗਏ। ਜੁਲਾਈ 2020 ਵਿੱਚ ਸੁਖਦੇਵ ਸਿੰਘ ਢੀਂਡਸਾ ਵਾਲੇ ਸੰਯੁਕਤ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਸੰਯੁਕਤ ਅਕਾਲੀ ਦਲ ਦਾ ਉਪ ਪ੍ਰਧਾਨ ਬਣਾਇਆ ਗਿਆ। ਉਥੇ ਵੀ ਬਹੁਤੀ ਦੇਰ ਚਲ ਨਹੀਂ ਸਕੇ ਫਿਰ ਉਹ ਅਸਤੀਫਾ ਦੇ ਕੇ ਸਿਆਸਤ ਤੋਂ ਕਿਨਾਰਾ ਕਰ ਗਏ। ਸਿਆਸਤ ਵਿੱਚ ਪੁਸਤਕ ਸਭਿਆਚਾਰ ਨਾਲ ਜੁੜਨ ਵਾਲੇ ਗਿਣਵੇਂ ਚੁਣਵੇਂ ਨੇਤਾਵਾਂ ਵਿੱਚੋਂ ਬੀਰ ਦਵਿੰਦਰ ਸਿੰਘ ਇਕ ਸਨ।

ਬੀਰਦਵਿੰਦਰ ਸਿੰਘ ਸਰਾਓ ਦੇ ਇਸ ਫਾਨੀ ਸੰਸਾਰ ਤੋਂ ਅਲਵਿਦਾ ਕਹਿਣ ਤੋਂ ਬਾਅਦ ਪੰਜਾਬ ਇੱਕ ਬੁਧੀਜੀਵੀ, ਵਿਦਵਾਨ, ਚਿੰਤਕ, ਸਰਵੋਤਮ ਬੁਲਾਰੇ ਅਤੇ ਹੰਢੇ ਵਰਤੇ ਸੂਝਵਾਨ ਸਿਆਸਤਦਾਨ ਤੋਂ ਵਾਂਝਾ ਹੋ ਗਿਆ ਹੈ। ਬੀਰਦਵਿੰਦਰ ਸਿੰਘ ਸਿਆਸੀ ਖੇਤਰ ਵਿੱਚ ਭਾਵੇਂ ਵੱਡੀਆਂ ਪੁਲਾਂਘਾਂ ਪੁੱਟ ਨਹੀਂ ਸਕਿਆ ਪ੍ਰੰਤੂ ਆਪਣੇ ਬਿਆਨਾ, ਲੇਖਾਂ ਅਤੇ ਮੀਡੀਆ ਵਿੱਚ ਦਿੱਤੀਆਂ ਇੰਟਰਵਿਊ ਨਾਲ ਸਿਆਸਤਦਾਨਾ ਨੂੰ ਵਕਤ ਪਾ ਕੇ ਰੱਖਦੇ ਸਨ। ਸਰਕਾਰਾਂ ਦੀਆਂ ਕਮਜ਼ੋਰੀਆਂ ਦਾ ਪਰਦਾ ਫਾਸ਼ ਕਰਨ ਵਿੱਚ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ। ਉਹ ਕਿਸੇ ਇਕ ਪਾਰਟੀ ਨਾਲ ਟਿਕ ਕੇ ਚਲ ਵੀ ਨਹੀਂ ਸਕਿਆ ਪ੍ਰੰਤੂ ਬੀਰਦਵਿੰਦਰ ਸਿੰਘ ਦੀ ਵਿਦਵਤਾ ਉਸਦੀ ਲੇਖਣੀ ਅਤੇ ਬੁਲਾਰੇ ਦੇ ਤੌਰ 'ਤੇ ਇਕ ਵੱਖਰੀ ਪਛਾਣ ਬਣਾਈ ਹੋਈ ਸੀ।ਉਸ ਦੀ ਕਿਸੇ ਮੁੱਖ ਮੰਤਰੀ ਨਾਲ ਵੀ ਬਹੁਤੀ ਬਣ ਨਹੀਂ ਸਕੀ ਕਿਉਂਕਿ ਉਸ ਵਿੱਚ ਸਰਵੋਤਮ ਨੇਤਾ ਬਣਨ ਦੀ ਸਮਰੱਥਾ ਸੀ, ਇਸ ਲਈ ਸਿਆਸੀ ਨੇਤਾ ਉਸ ਤੋਂ ਤਿਬਕਦੇ ਸਨ।ਬੀਰਦਵਿੰਦਰ ਸਿੰਘ ਦੀ ਕਾਬਲੀਅਤ ਵਰਣਨਯੋਗ ਹੈ। ਉਸ ਦੀ ਹਰ ਖੇਤਰ ਦੀ ਜਾਣਕਾਰੀ ਵਿਸ਼ਾਲ ਸੀ, ਜਿਵੇਂ ਇਤਿਹਾਸ, ਸਾਹਿਤ, ਵਿਰਾਸਤ ਅਤੇ ਸਾਰੇ ਧਰਮਾ ਦੀ ਡੂੰਘਾਈ ਤੱਕ ਜਾਣਕਾਰੀ ਸੀ। ਉਨ੍ਹਾਂ ਦਾ ਪਿੰਡ ਕੋਟਲਾ ਭਾਈਕਾਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਪਵਿਤਰ ਧਰਤੀ ਫਤਿਹਗੜ੍ਹ ਸਾਹਿਬ ਦੇ ਨਜ਼ਦੀਕ ਹੋਣ ਕਰਕੇ, ਉਨ੍ਹਾਂ ਨੂੰ ਰੂਹਾਨੀ ਤਾਕਤ ਮਿਲਦੀ ਰਹੀ। ਉਹ ਅੰਗਰੇਜ਼ੀ ਭਾਸ਼ਾ ਦੇ ਵੀ ਗਿਆਤਾ ਸਨ। ਜਦੋਂ ਉਹ ਉਦਾਹਰਨਾ ਦੇਣ ਲੱਗਦੇ ਸਨ ਤਾਂ ਕਈ ਵਾਰ ਇਉਂ ਲਗਦਾ ਸੀ ਕਿ ਜਿਵੇਂ ਬਹੁਤ ਹੀ ਗੁਣੀ ਗਿਆਨੀ ਹੋਣ। ਉਨ੍ਹਾਂ ਦੀ ਜਾਣਕਾਰੀ ਦਾ ਖ਼ਜ਼ਾਨਾ ਅਥਾਹ ਭਰਪੂਰ ਹੋਵੇ। ਧਾਰਮਿਕ ਉਦਾਹਰਨਾ ਦੇਣ ਸਮੇਂ ਉਹ ਅਧਿਆਤਮਿਕ ਰੂਹਾਨੀ ਵਿਦਵਾਨ ਲੱਗਦੇ ਹਨ। ਉਹ ਆਪਣੀ ਭਾਸ਼ਣ ਕਲਾ ਨਾਲ ਸਰੋਤਿਆਂ ਨੂੰ ਅਜਿਹੇ ਢੰਗ ਨਾਲ ਕੀਲ ਲੈਂਦੇ ਸਨ ਕਿ ਸਰੋਤੇ ਉਨ੍ਹਾਂ ਦੇ ਸ਼ਬਦਾਂ ਦੇ ਵਹਿਣ ਵਿੱਚ ਦਰਿਆ ਦੇ ਵਹਿਣ ਦੀ ਤਰ੍ਹਾਂ ਵਹਿ ਤੁਰਦੇ ਹਨ। ਉਦਾਹਰਣਾ, ਲੁਕੋਕਤੀਆਂ, ਵਿਸ਼ੇਸ਼ਣ, ਕੁਟੇਸ਼ਨਾ, ਧਾਰਮਿਕ ਅਤੇ ਸਾਹਿਤਕ ਤੁਕਾਂ ਉਨ੍ਹਾਂ ਦੇ ਭਾਸ਼ਣ ਨੂੰ ਰਸਦਾਇਕ ਬਣਾ ਦਿੰਦੀਆਂ ਹਨ। ਉਹ ਸ਼ਬਦਾਂ ਦੇ ਜਾਦੂਗਰ ਸਨ। ਉਹ ਦਬੰਗ ਸਿਆਸਤਦਾਨ ਸਨ ਪਰੰਤੂ ਉਨ੍ਹਾਂ ਦਾ ਰਾਹ ਸਿਆਸਤਦਾਨ ਰੋਕਦੇ ਰਹੇ ਸਨ ਤਾਂ ਜੋ ਕਿਤੇ ਉਨ੍ਹਾਂ ਨੂੰ ਮਾਤ ਨਾ ਪਾ ਜਾਣ। ਉਹ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਸਰਕਾਰ ਸਮੇਂ 2003 ਤੋਂ 2004 ਤੱਕ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਨ। ਉਹ ਬਹੁਤੀ ਦੇਰ ਇਸ ਅਹੁਦੇ ਤੇ ਵੀ ਟਿਕ ਨਹੀਂ ਸਕੇ ਅਤੇ ਡਿਪਟੀ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਉਨ੍ਹਾਂ ਨੂੰ ਸਰਵੋਤਮ ਪਾਰਲੀਮੈਂਟੇਰੀਅਨ ਦਾ ਖਿਤਾਬ ਵੀ ਦਿੱਤਾ ਗਿਆ ਸੀ।6 ਮਹੀਨੇ ਪਹਿਲਾਂ ਮੈਂ ਅਤੇ ਪ੍ਰੋ.ਕ੍ਰਿਪਾਲ ਕਾਜਾਕ ਉਨ੍ਹਾਂ ਨੂੰ ਮਿਲਕੇ ਆਏ ਸੀ, ਉਨ੍ਹਾਂ ਸਿਆਸੀ ਸ਼ਤਰੰਜ ਦੀਆਂ ਬਹੁਤ ਸਾਰੀਆਂ ਘਿਨੌਣੀਆਂ ਹਰਕਤਾਂ ਬਾਰੇ ਖੁਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਸੀ ਉਨ੍ਹਾਂ ਦਾ ਜਨਮ ਪਿਤਾ ਪ੍ਰਿਤਪਾਲ ਸਿੰਘ ਅਤੇ ਮਾਤਾ ਰਣਧੀਰ ਕੌਰ ਦੇ ਘਰ ਪਿੰਡ ਕੋਟਲਾ ਭਾਈਕਾ ਵਿਖੇ ਹੋਇਆ। ਉਨ੍ਹਾਂ ਦੀਆਂ ਤਿੰਨ ਲੜਕੀਆਂ ਅਤੇ ਇਕ ਲੜਕਾ ਹੈ। ਸ੍ਰ.ਬੀਰ ਦਵਿੰਦਰ ਸਿੰਘ ਦਾ ਸਸਕਾਰ ਪਟਿਆਲਾ ਵਿਖੇ 3 ਜੁਲਾਈ ਨੂੰ ਬਡੂੰਗਰ ਸ਼ਮਸ਼ਾਨ ਘਾਟ ਵਿੱਚ ਕੀਤਾ ਗਿਆ ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸ਼ਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


Edmonton
Sukhdev Singh Dhanoa
780 700 5022, 780 599 2000
Email:
sukhdevdhanoa@gmail.com


Edmonton
Parminder Singh Balluana
780-258-5800
780 599 2000
Email:
balluana.parminder@gmail.com


Regina
Gurbinder Singh Gagowal
306 520 4313, 639 999 1000
Email:
gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬ ’ਚ ਨੌਂ ਸੀਟਾਂ ’ਤੇ ਭਾਜਪਾ ਪਹਿਲੀ ਵਾਰ ਲੜੇਗੀ ਚੋਣ

ਜਲੰਧਰ (ਪੰਜਾਬੀ ਅਖਬਾਰ ਬਿਊਰੋ)- ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਲਈ ਸਿਆਸੀ ਪਾਰਟੀਆਂ ਕੋਲ ਲਗਭਗ ਅੱਠ ਮਹੀਨਿਆਂ ਦਾ ਸਮਾਂ ਬਚਿਆ ਹੈ, ਅਤੇ ਦੋ ਮਹੀਨੇ ਚੋਣ ਪ੍ਰਕਿਰਿਆ ’ਚ ਬੀਤ ਜਾਣਗੇ। ਕੌਮੀ ਅਤੇ ਸੂਬਾ ਪੱਧਰੀ ਸਿਆਸੀ ਪਾਰਟੀਆਂ ’ਚ ਲੋਕ ਸਭਾ ਚੋਣਾਂ ਨੂੰ ਜਿੱਤਣ ਲਈ ਰਣਨੀਤੀ ਬਣਨ ਲੱਗੀ ਹੈ। ਭਾਰਤੀ ਜਨਤਾ ਪਾਰਟੀ ਵਲੋਂ 2024 ਦੀਆਂ ਲੋਕ ਸਭਾ ਚੋਣਾਂ ’ਚ ਵੀ 300 ਤੋਂ ਵੱਧ ਸੀਟਾਂ ਜਿੱਤਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਜਿੱਥੋਂ ਤਕ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਦੀ ਗੱਲ ਹੈ ਤਾਂ ਭਾਜਪਾ ਨੌਂ ਸੀਟਾਂ ’ਤੇ ਪਹਿਲੀ ਵਾਰ ਲੋਕ ਸਭਾ ਚੋਣ ਲੜਨ ਜਾ ਰਹੀ ਹੈ। ਵਰਣਨਯੋਗ ਹੈ ਕਿ ਲਗਭਗ ਢਾਈ ਦਹਾਕਿਆਂ ਤਕ ਸ਼੍ਰੋਮਣੀ ਅਕਾਲੀ ਦਲ ਦੀ ਸਾਥੀ ਰਹੀ ਭਾਰਤੀ ਜਨਤਾ ਪਾਰਟੀ ਸਿਰਫ਼ ਗੁਰਦਾਸਪੁਰ, ਅੰਮ੍ਰਿਤਸਰ ਤੇ ਹੁਸ਼ਿਆਰਪੁਰ ਦੀਆਂ ਲੋਕ ਸਭਾ ਸੀਟਾਂ ’ਤੇ ਹੀ ਚੋਣ ਲੜਦੀ ਰਹੀ ਹੈ, ਜਦੋਂਕਿ ਬਾਕੀ 10 ਸੀਟਾਂ ਸ਼੍ਰੋਮਣੀ ਅਕਾਲੀ ਦਲ (ਬ) ਲਈ ਛੱਡ ਦਿੱਤੀਆਂ ਜਾਂਦੀਆਂ ਸਨ। 2019 ’ਚ ਹੋਈਆਂ ਲੋਕ ਸਭਾ ਚੋਣਾਂ ’ਚ ਭਾਜਪਾ ਸਿਰਫ਼ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਹੀ ਚੋਣ ਜਿੱਤ ਸਕੀ ਸੀ ਅਤੇ ਗੁਰਦਾਸਪੁਰ ਸੀਟ ਤੋਂ ਸਨੀ ਦਿਓਲ ਅਤੇ ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਚੋਣ ਜਿੱਤੇ ਸਨ ਜਦੋਂ ਕਿ ਅੰਮ੍ਰਿਤਸਰ ਦੀ ਸੀਟ ਭਾਜਪਾ ਦੇ ਹੱਥੋਂ ਨਿਕਲ ਗਈ ਸੀ। ਇਸ ਸੀਟ ’ਤੇ ਹਰਦੀਪ ਸਿੰਘ ਪੁਰੀ ਚੋਣ ਲੜੇ ਸਨ।

ਜਲੰਧਰ ਲੋਕ ਸਭਾ ਸੀਟ ’ਤੇ ਵੀ 2 ਮਹੀਨੇ ਪਹਿਲਾਂ ਹੋਈ ਉਪ-ਚੋਣ ’ਚ ਭਾਜਪਾ ਨੇ ਇੰਦਰ ਇੱਕਬਾਲ ਸਿੰਘ ਰਿੰਕੂ ’ਤੇ ਦਾਅ ਖੇਡਿਆ ਸੀ। ਚੋਣ ਸਰਗਰਮੀਆਂ ਦੇ ਅੰਤਿਮ ਹਫ਼ਤੇ ’ਚ ਭਾਜਪਾ ਦੇ ਹੱਕ ’ਚ ਕੁੱਝ ਲਹਿਰ ਤਾਂ ਬਣੀ, ਪਰ ਇਹ ਲਹਿਰ ਸਿਰਫ਼ ਸ਼ਹਿਰੀ ਵੋਟਾਂ ਤਕ ਹੀ ਸੀਮਿਤ ਰਹਿ ਗਈ। ਸ਼ਹਿਰੀ ਤੇ ਪੇਂਡੂ ਖੇਤਰਾਂ ਦੀ ਕੁੱਲ ਵੋਟ ਮਿਲਾ ਕੇ ਭਾਜਪਾ ਨੂੰ ਇੱਕ ਲੱਖ 34 ਹਜ਼ਾਰ 800 ਵੋਟਾਂ ਮਿਲੀਆਂ ਸਨ ਜਦੋਂਕਿ ਇਸ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਤਿੰਨ ਲੱਖ ਦੋ ਹਜ਼ਾਰ 279 ਵੋਟਾਂ ਲੈ ਕੇ ਚੋਣ ਜਿੱਤ ਗਏ ਸਨ।



1997 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਗਠਜੋੜ ਹੋਇਆ ਸੀ ਜੋ ਸਤੰਬਰ 2020 ’ਚ ਖੇਤੀਬਾੜੀ ਕਾਨੂੰਨਾਂ ਨੂੰ ਲੈ ਕੇ ਟੁੱਟ ਗਿਆ। ਲਗਭਗ ਢਾਈ ਦਹਾਕਿਆਂ ਦੇ ਗਠਜੋੜ ਦੌਰਾਨ 15 ਸਾਲ ਤਕ ਪੰਜਾਬ ਦੀ ਸੱਤਾ ਗਠਜੋੜ ਦੇ ਹੱਥਾਂ ’ਚ ਰਹੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੰਸਦ ਮੈਂਬਰ ਸੁਖਬੀਰ ਬਾਦਲ ਅਤੇ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਇਹ ਕਹਿ ਕੇ ਗਠਜੋੜ ਤੋੜ ਦਿੱਤਾ ਸੀ ਕਿ ਖੇਤੀਬਾੜੀ ਕਾਨੂੰਨਾਂ ਨੂੰ ਲੈ ਕੇ ਭਾਜਪਾ ਨੇ ਉਨ੍ਹਾਂ ਨੂੰ ਧੋਖੇ ’ਚ ਰੱਖਿਆ ਹੈ।

ਗਠਜੋੜ ਦੌਰਾਨ 2014 ’ਚ ਕੇਂਦਰ ਦੀ ਸੱਤਾ ’ਤੇ ਭਾਰਤੀ ਜਨਤਾ ਪਾਰਟੀ ਦੇ ਕਾਬਜ਼ ਹੋਣ ਤੋਂ ਬਾਅਦ ਜੋਸ਼ ਨਾਲ ਭਰੇ ਭਾਜਪਾ ਨੇਤਾਵਾਂ ਤੇ ਵਰਕਰਾਂ ਵਲੋਂ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਕੇ ਆਪਣੇ ਦਮ ’ਤੇ ਪੰਜਾਬ ’ਚ ਚੋਣ ਲੜਨ ਦੀ ਹੁੰਕਾਰ ਭਰੀ ਜਾਂਦੀ ਰਹੀ, ਪਰ ਗਠਜੋੜ ਟੁੱਟਣ ਤੋਂ ਬਾਅਦ 2022 ’ਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ’ਚ ਦੋਵਾਂ ਸਿਆਸੀ ਪਾਰਟੀਆਂ ਨੇ ਵੱਖ-ਵੱਖ ਚੋਣ ਲੜੀ ਤਾਂ ਦੋਵਾਂ ਨੂੰ ਬਹੁਤ ਸਿਆਸੀ ਨੁਕਸਾਨ ਉਠਾਉਣਾ ਪਿਆ।

2014 ’ਚ ਹੋਈ ਲੋਕ ਸਭਾ ਚੋਣ ਦੌਰਾਨ ਡਰੱਗਜ਼ ਦੇ ਮੁੱਦੇ ’ਤੇ ਪੰਜਾਬ ਦੀ ਸਿਆਸਤ ’ਚ ਭੂਚਾਲ ਜਿਹਾ ਆ ਗਿਆ। ਆਮ ਆਦਮੀ ਪਾਰਟੀ ਨੇ ਬੜੇ ਜ਼ੋਰ-ਸ਼ੋਰ ਨਾਲ ਡਰੱਗਜ਼ ਦਾ ਮੁੱਦਾ ਚੁੱਕਿਆ ਅਤੇ ਪੰਜਾਬ ਦੀਆਂ ਚਾਰ ਲੋਕ ਸਭਾ ਸੀਟਾਂ ਜਿੱਤ ਲਈਆਂ। ਇਸ ਸਿਆਸੀ ਭੂਚਾਲ ਕਾਰਨ ਪੰਜਾਬ ਦੀ ਸੱਤਾ ’ਤੇ ਕਾਬਜ਼ ਗਠਜੋੜ ਸਰਕਾਰ ਦੀਆਂ ਚੂਲਾਂ ਹਿੱਲ ਗਈਆਂ ਅਤੇ ਉਸ ਨੂੰ ਪੰਜਾਬ ਦੇ ਨੌਜਵਾਨਾਂ ਦੀ ਚਿੰਤਾ ਤਾਂ ਹੋਈ ਪਰ ਜ਼ਿਆਦਾ ਦਿਨ ਤਕ ਨਹੀਂ। ਜਲਦੀ-ਜਲਦੀ ’ਚ ਸਰਕਾਰ ਵਲੋਂ ਨਸ਼ੇ ਦੇ ਆਦੀ ਨੌਜਵਾਨਾਂ ਨੂੰ ਫੜ-ਫੜ ਕੇ ਹਸਪਤਾਲਾਂ ’ਚ ਸੁੱਟਿਆ ਗਿਆ। ਲਗਾਤਾਰ ਨਸ਼ਾ ਸਮੱਗਲਰਾਂ ਨੂੰ ਫੜ ਕੇ ਜੇਲ੍ਹ ਦੀ ਹਵਾ ਖੁਆਈ ਗਈ, ਪਰ ਸਰਕਾਰ ਲੰਮੇ ਸਮੇਂ ਤਕ ਨਸ਼ੇ ਦੇ ਆਦੀ ਨੌਜਵਾਨਾਂ ਦਾ ਖ਼ਰਚ ਨਹੀਂ ਉਠਾ ਸਕੀ ਅਤੇ ਅਖੀਰ ’ਚ ਉਸ ਨੂੰ ਨਸ਼ੇੜੀ ਨੌਜਵਾਨਾਂ ਦੇ ਇਲਾਜ ਤੋਂ ਹੱਥ ਪਿੱਛੇ ਖਿੱਚਣਾ ਪਿਆ। ਪੰਜਾਬ ’ਚ ਮੁੱਦੇ ਅੱਜ ਵੀ ਉਸੇ ਤਰ੍ਹਾਂ ਖੜ੍ਹੇ ਹਨ ਜਿਵੇਂ ਪਹਿਲਾਂ ਸਨ, ਪਰ ਭਾਰਤੀ ਜਨਤਾ ਪਾਰਟੀ ਸਿਰਫ਼ ਚੋਣ ਦੌਰ ’ਚ ਕੁੱਝ ਦਿਨ ਰੌਲਾ ਪਾ ਕੇ ਚੁੱਪ ਬੈਠ ਜਾਂਦੀ ਹੈ।

ਸਾਬਕਾ ਮੁੱਖ ਮੰਤਰੀ ਕੈ.ਅਮਰਿੰਦਰ ਸਿੰਘ ਕਾਂਗਰਸ ਪਾਰਟੀ ਤੋਂ ਵੱਖ ਹੋ ਕੇ ਪਹਿਲਾਂ ਆਪਣੀ ਸਿਆਸੀ ਪਾਰਟੀ ਬਣਾ ਕੇ ਅਤੇ ਫ਼ਿਰ ਭਾਰਤੀ ਜਨਤਾ ਪਾਰਟੀ ’ਚ ਸ਼ਾਮਿਲ ਹੋ ਕੇ ਭਗਵੇ ਰੰਗ ’ਚ ਰੰਗ ਚੁੱਕੇ ਹਨ। ਉਨ੍ਹਾਂ ਦੀ ਪਤਨੀ ਪਰਨੀਤ ਕੌਰ ਪਟਿਆਲਾ ਤੋਂ ਕਾਂਗਰਸੀ ਸੰਸਦ ਮੈਂਬਰ ਹਨ ਜਿਨ੍ਹਾਂ ਦੇ ਹੁਣ ਭਾਜਪਾ ’ਚ ਜਾਣ ਦੀ ਸੰਭਾਵਨਾ ਹੈ। ਭਾਜਪਾ ਵਲੋਂ ਕੈ.ਅਮਰਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਨੂੰ ਚੋਣ ਮੈਦਾਨ ’ਚ ਉਤਾਰਿਆ ਜਾ ਸਕਦਾ ਹੈ। ਵਰਣਨਯੋਗ ਹੈ ਕਿ ਕੈ.ਅਮਰਿੰਦਰ ਸਿੰਘ ਇੱਕ ਵਾਰ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਰਹਿ ਚੁੱਕੇ ਹਨ। ਦੂਜੇ ਪਾਸੇ ਸਾਬਕਾ ਸੰਸਦ ਮੈਂਬਰ ਸੁਨੀਲ ਜਾਖੜ ਜੋ ਕਿ ਭਾਰਤੀ ਜਨਤਾ ਪਾਰਟੀ ਦਾ ਪੱਲਾ ਫ਼ੜ ਚੁੱਕੇ ਹਨ, ਉਨ੍ਹਾਂ ਨੂੰ ਵੀ ਕਿਸੇ ਸੀਟ ਤੋਂ ਚਿਹਰੇ ਦੇ ਰੂਪ ’ਚ ਉਤਾਰਿਆ ਜਾ ਸਕਦਾ ਹੈ। ਜਾਖੜ ਸਾਬਕਾ ਸੰਸਦ ਮੈਂਬਰ ਵਿਨੋਦ ਖੰਨਾ ਦੇ ਦਿਹਾਂਤ ਤੋਂ ਬਾਅਦ ਗੁਰਦਾਸਪੁਰ ਤੋਂ ਕਾਂਗਰਸ ਦੀ ਟਿਕਟ ’ਤੇ ਚੋਣ ਲੜੇ ਸਨ ਅਤੇ ਜਿੱਤ ਪ੍ਰਾਪਤ ਕੀਤੀ ਸੀ, ਪਰ 2019 ਦੀ ਚੋਣ ’ਚ ਉਹ ਭਾਜਪਾ ਦੇ ਉਮੀਦਵਾਰ ਸਨੀ ਦਿਓਲ ਹੱਥੋਂ ਹਾਰ ਗਏ ਸਨ।

ਦੋ ਮਹੀਨੇ ਪਹਿਲਾਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ ’ਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਿਹਾਂਤ ਵੇਲੇ ਭਾਜਪਾ ਦੇ ਕੌਮੀ ਨੇਤਾਵਾਂ ਵਲੋਂ ਸੋਗ ਪ੍ਰਗਟ ਕਰਨ ਲਈ ਆਉਣਾ ਅਤੇ ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾਵਾਂ ਵਲੋਂ ਦਿੱਤੇ ਗਏ ਸੰਕੇਤਾਂ ਨਾਲ ਇੱਕ ਵਾਰ ਫ਼ਿਰ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਦੀ ਚਰਚਾ ਤੇਜ਼ ਤਾਂ ਹੋਈ ਸੀ ਪਰ ਗੱਲ ਅੱਗੇ ਨਹੀਂ ਵਧੀ। ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਵੇਂ ਸੰਸਦ ਭਵਨ ਦੇ ਉਦਘਾਟਨ ਸਮਾਗਮ ’ਚ ਸ਼ਾਮਿਲ ਹੋ ਕੇ ਗਠਜੋੜ ਦਾ ਰਸਤਾ ਖੋਲ੍ਹ ਦਿੱਤਾ ਹੈ, ਪਰ ਅਜੇ ਤਕ ਭਾਜਪਾ ਵਲੋਂ ਕੋਈ ਸੰਕੇਤ ਨਹੀਂ ਦਿੱਤਾ ਗਿਆ। ਇਸ ਦੌਰਾਨ ਚਰਚਾ ਇਹ ਵੀ ਹੈ ਕਿ ਜੇ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿੱਚਾਲੇ ਮੁੜ ਗਠਜੋੜ ਹੁੰਦਾ ਹੈ ਤਾਂ ਭਾਜਪਾ ਨੂੰ ਕਿੰਨੀਆਂ ਸੀਟਾਂ ਮਿਲਣਗੀਆਂ, ਇਹ ਸੋਚਣ ਵਾਲੀ ਗੱਲ ਹੈ।

## ਅਕਾਲੀ-ਭਾਜਪਾ ਗਠਜੋੜ ਤੋਂ ਪਹਿਲਾਂ ਅਸ਼ਵਨੀ ਸ਼ਰਮਾ ਦੀ ਛੁੱਟੀ ਨਾਲ ਅਕਾਲੀ ਪੈ ਗਏ ਭਾਰੀ

ਲੁਧਿਆਣਾ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਭਾਜਪਾ ਪ੍ਰਧਾਨਗੀ ਤੋਂ ਛੁੱਟੀ ਹੋਣ ਦੀਆਂ ਖ਼ਬਰਾਂ ਸੋਸ਼ਲ ਮੀਡੀਏ ’ਤੇ ਵੱਡੇ ਪੱਧਰ ’ਤੇ ਵਾਇਰਲ ਹੋ ਰਹੀਆਂ ਹਨ। ਅਸ਼ਵਨੀ ਸ਼ਰਮਾ ਭਾਜਪਾ ਦੀ ਪ੍ਰਧਾਨਗੀ ਤੋਂ ਸੱਚਮੁਚ ਲਾਂਭੇ ਹੋ ਗਏ ਤਾਂ ਕਿਧਰੇ ਪੰਜਾਬ ’ਚ ਅਕਾਲੀ-ਭਾਜਪਾ ਗਠਜੋੜ ਨਾ ਹੋਣ ਕਾਰਨ ਬਣੇ ਅੜਿੱਕੇ ਕਾਰਨ ਉਨ੍ਹਾਂ ਦੀ ਛੁੱਟੀ ਹੋ ਗਈ। ਇਹ ਸਵਾਲ ਅੱਜ ਭਾਜਪਾ ਲੀਡਰਸ਼ਿਪ ’ਚ ਵਾਰ-ਵਾਰ ਉੱਠ ਰਿਹਾ ਸੀ।ਇੱਥੇ ਦੱਸਣਾ ਬਣਦਾ ਹੈ ਕਿ ਅਸ਼ਵਨੀ ਸ਼ਰਮਾ ਪਿਛਲੇ ਸਮੇਂ ਤੋਂ ਹਿੱਕ ਥਾਪੜ ਕੇ ਅਤੇ ਪੂਰੇ ਭਰੋਸੇ ਨਾਲ ਆਖਦੇ ਆ ਰਹੇ ਸਨ ਕਿ ਭਾਜਪਾ -ਅਕਾਲੀ ਦਲ ਨਾਲ ਕਿਸੇ ਕੀਮਤ ’ਤੇ ਗਠਜੋੜ ਨਹੀਂ ਕਰੇਗੀ। ਉਨ੍ਹਾਂ ਦੇ ਬਿਆਨ ’ਤੇ ਅਕਾਲੀ ਨੇਤਾ ਵੀ ਪਲਟਵਾਰ ਕਰਦੇ ਸਨ। ਹੁਣ ਲੱਗਦਾ ਹੈ ਕਿ ਭਾਜਪਾ ਨੇ ਅਕਾਲੀ ਦਲ ਨਾਲ ਗਠਜੋੜ ਮੁੜ ਕਰਨ ਦਾ ਇਰਾਦਾ ਬਣਾ ਲਿਆ ਹੈ ਜਿਸ ਦੇ ਚਲਦੇ ਸਭ ਤੋਂ ਪਹਿਲਾਂ ਅਕਾਲੀਆਂ ਦੀ ਪਹਿਲੀ ਮੰਗ ਸ਼ਰਮਾ ਹਟਾਓ ਹੋਣ ’ਤੇ ਲੱਗਦਾ ਹੈ ਕਿ ਉਨ੍ਹਾਂ ਦੀ ਪ੍ਰਧਾਨਗੀ ਤੋਂ ਛੁੱਟੀ ਹੋ ਗਈ। ਇਸ ਦੀ ਚਰਚਾ ਅੱਜ ਅਕਾਲੀ ਆਗੂ ਇੱਕ-ਦੂਜੇ ਕੋਲ ਕਰਦੇ ਸੁਣੇ ਗਏ।

ਬਾਕੀ ਹੁਣ ਦੇਖਦੇ ਹਾਂ ਕਿ ਭਾਜਪਾ ਅਕਾਲੀ ਦਲ ਨਾਲ ਗੂੜ੍ਹੀ ਸਾਂਝ ਰੱਖਣ ਵਾਲੇ ਕਿਸੇ ਭਾਜਪਾ ਆਗੂ ਨੂੰ ਪ੍ਰਧਾਨ ਬਣਾਉਂਦੇ ਹਨ ਜਾਂ ਫ਼ਿਰ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਜੋ ਭਾਜਪਾ ਦੀ ਛੱਤਰੀ ’ਤੇ ਹਨ, ਉਨ੍ਹਾਂ ਨੂੰ ਕਮਾਂਡ ਸੰਭਾਲਦੇ ਹਨ।ਪੰਜਾਬ ’ਚ ਭਾਜਪਾ ਆਪਣੇ ਪੁਰਾਣੇ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਹਟਾ ਕੇ ਨਵਾਂ ਪ੍ਰਧਾਨ ਥਾਪਣ ਜਾ ਰਹੀ ਹੈ। ਇਸ ’ਤੇ ਇੱਕ ਪੁਰਾਣੇ ਬਜ਼ੁਰਗ ਨੇਤਾ ਨੇ ਕਿਹਾ ਕਿ ਜੰਗ ਦੇ ਮੈਦਾਨ ਤੋਂ ਪਹਿਲਾਂ ਘੋੜੇ ਬਦਲਣਾ ਚੰਗਾ ਕੰਮ ਨਹੀਂ ਹੁੰਦਾ। ਉਸ ਆਗੂ ਨੇ ਕਿਹਾ ਕਿ ਭਾਵੇਂ ਭਾਜਪਾ ਕਿਸੇ ਨਾਲ ਵੀ ਗਠਜੋੜ ਕਰੇ, ਪਰ ਆਪਣੀ ਪਾਰਟੀ ’ਚ ਬੈਠੇ ਨੇਤਾਵਾਂ ਨੂੰ ਲਾਂਭੇ ਕਰ ਕੇ ਜਿਨ੍ਹਾਂ ਨੇ ਲੰਬੇ ਸਮੇਂ ਤੋਂ ਵਰਕਰਾਂ ’ਚ ਜੋਸ਼ ਤੇ ਵਰਕਰਾਂ ਨੂੰ ਵੀ ਹੁੰਦਾ ਹੈ। ਸਾਡਾ ਪ੍ਰਧਾਨ ਹੈ, ਪਰ ਜਦੋਂ ਨਵਾਂ ਪ੍ਰਧਾਨ ਆਉਂਦਾ ਹੈ ਤਾਂ ਵਰਕਰਾਂ ਦੀ ਓਨੀ ਪੁੱਛ ਪ੍ਰਤੀਤ ਨਹੀਂ ਹੁੰਦੀ ਕਿਉਂਕਿ ਨਵੇਂ ਪ੍ਰਧਾਨ ਨੂੰ ਨਹੀਂ ਪਤਾ ਹੁੰਦਾ ਕਿ ਕਿਹੜੇ ਵਰਕਰ ਦਾ ਕੀ ਰਤਬਾ ਹੈ। ਇਸ ਲਈ ਇਹ ਕੋਈ ਚੰਗਾ ਫ਼ੈਸਲਾ ਨਹੀਂ ਲੱਗਦਾ।

## ਲੰਗਰ ਘਰ ਦੇ ਸੁੱਕੇ ਪ੍ਰਸ਼ਾਦਿਆਂ ’ਚ ਘਪਲੇ ਦਾ ਮਾਮਲਾ ਭਖਿਆ

ਅੰਮ੍ਰਿਤਸਰ(ਪੰਜਾਬੀ ਅਖਬਾਰ ਬਿਊਰੋ)- ਸ੍ਰੀ ਦਰਬਾਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ’ਚ ਬਚੇ ਹੋਏ ਸੁੱਕੇ ਪ੍ਰਸ਼ਾਦਿਆਂ ਦੀ ਵਿੱਕਰੀ ਦੀ ਰਕਮ ’ਚ ਹੋਏ ਘਪਲੇ ਦਾ ਮਾਮਲਾ ਹੁਣ ਸਿਆਸੀ ਰੰਗਤ ਲੈਂਦਾ ਜਾ ਰਿਹਾ ਹੈ। ਇਸ ਮਾਮਲੇ ’ਚ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਪ੍ਰਧਾਨ ਨੂੰ ਮਾਮਲਾ ਸਪੱਸ਼ਟ ਕਰਨ ਲਈ ਕਿਹਾ। ਮੁੱਖ ਮੰਤਰੀ ਵਲੋਂ ਕੀਤੇ ਗਏ ਟਵੀਟ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਟਵੀਟ ਕਰ ਕੇ ਮੁੱਖ ਮੰਤਰੀ ਨੂੰ ਮੋੜਵਾਂ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਲੰਗਰ ਘਰ ’ਚ 2019 ਦੌਰਾਨ ਹੋਈਆਂ ਪ੍ਰਬੰਧਕੀ ਬੇਨੇਮੀਆਂ ਦਾ ਸੱਚ ਸੰਗਤ ਸਾਹਮਣੇ ਲਿਆਂਦਾ ਜਾਵੇਗਾ ਅਤੇ ਇਸ ਦੀ ਪਾਰਦਰਸ਼ਤਾ ਨਾਲ ਜਾਂਚ ਕਰ ਕੇ ਦੋਸ਼ੀਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।



ਸ਼੍ਰੋਮਣੀ ਕਮੇਟੀ ਉੱਚ ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਇਹ ਮਾਮਲਾ ਕਰੋਨਾ ਕਾਲ ਦੇ 2 ਸਾਲਾਂ ਦੇ ਸਮੇਂ ਦਾ ਹੈ ਜਦੋਂ ਲੰਗਰ ਦੇ ਸੁੱਕੇ ਪ੍ਰਸ਼ਾਦਿਆਂ ਦੀ ਰਕਮ ਜਮ੍ਹਾਂ ਨਹੀਂ ਕਰਵਾਈ ਗਈ। ਲੰਗਰ ਦੇ ਸੁੱਕੇ ਹੋਏ ਅਤੇ ਬਚੇ ਹੋਏ ਇਹ ਪ੍ਰਸ਼ਾਦੇ ਟੈਂਡਰ ਰਾਹੀਂ ਵੇਚੇ ਜਾਂਦੇ ਹਨ। ਹਫ਼ਤੇ ’ਚ ਇੱਕ ਜਾਂ ਦੋ ਵਾਰ ਇਹ ਸੁੱਕੇ ਹੋਏ ਪ੍ਰਸ਼ਾਦੇ ਵੇਚੇ ਜਾਂਦੇ ਹਨ। ਇਸ ਤੋਂ ਇਲਾਵਾ ਲੰਗਰ ਦਾ ਬਚਿਆ ਸਾਮਾਨ ਵੀ ਇਸੇ ਤਰ੍ਹਾਂ ਵੇਚਿਆ ਜਾਂਦਾ ਹੈ। ਇਹ ਮਾਮਲਾ ਛੇ ਮਹੀਨੇ ਪਹਿਲਾਂ ਸਾਹਮਣੇ ਆਇਆ ਸੀ ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਲੋਂ ਇਸ ਦੀ ਜਾਂਚ ਸ਼ੁਰੂ ਕਰਵਾਈ ਗਈ। ਫ਼ਿਲਹਾਲ ਇਸ ਦੀ ਜਾਂਚ ਸ਼੍ਰੋਮਣੀ ਕਮੇਟੀ ਦੇ ਫ਼ਲਾਇੰਗ ਵਿਭਾਗ ਵਲੋਂ ਕੀਤੀ ਜਾ ਰਹੀ ਹੈ।

ਇਸ ਮਾਮਲੇ ’ਚ ਹੁਣ ਤਕ ਦੋ ਸਟੋਰ ਕੀਪਰਾਂ ਨੂੰ ਮੁਅੱਤਲ ਕੀਤਾ ਗਿਆ ਹੈ ਅਤੇ ਭਲਕੇ ਇਸ ਮਾਮਲੇ ’ਚ ਸਬੰਧਤ ਇੰਸਪੈਕਟਰਾਂ ਦੀ ਕੀਤੀ ਜਾਂਚ ਦੀ ਰਿਪੋਰਟ ਵੀ ਸਾਹਮਣੇ ਆਉਣ ਦੀ ਸੰਭਾਵਨਾ ਹੈ। ਸੁੱਕੇ ਪ੍ਰਸ਼ਾਦਿਆਂ ਦੀ ਵਿੱਕਰੀ ਦੀ ਰਕਮ ਸਟੋਰ ਕੀਪਰ ਵਲੋਂ ਵਸੂਲੀ ਜਾਂਦੀ ਹੈ ਅਤੇ ਇੰਸਪੈਕਟਰ ਵਲੋਂ ਤਸਦੀਕ ਕੀਤੀ ਜਾਂਦੀ ਹੈ ਪਰ ਇਹ ਦੋਵੇਂ ਵਿਭਾਗਾਂ ਦੇ ਅਧਿਕਾਰੀਆਂ ਵਲੋਂ ਅਣਗਹਿਲੀ ਵਰਤੀ ਗਈ ਹੈ। ਇਸ ਮਾਮਲੇ ’ਚ ਲਗਭਗ 75 ਲੱਖ ਰੁਪਏ ਤੋਂ ਲੈ ਕੇ ਇੱਕ ਕਰੋੜ ਰੁਪਏ ਤਕ ਦਾ ਘਪਲਾ ਹੋਣ ਦਾ ਖ਼ਦਸ਼ਾ ਹੈ।

## ਹਰਸਿਮਰਤ ਬਾਦਲ ਇੱਕ ਵਾਰੀ ਫ਼ਿਰ ਬਣ ਸਕਦੀ ਹੈ ਮੋਦੀ ਸਰਕਾਰ ਦਾ ਹਿੱਸਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਮਹਾਰਾਸ਼ਟਰ ’ਚ ਹੋਏ ਘਟਨਾਕ੍ਰਮ ਦਾ ਅਸਰ ਪੰਜਾਬ ’ਤੇ ਵੀ ਹੋ ਸਕਦਾ ਹੈ। ਭਾਜਪਾ ਨੇ ਅਗਲੀਆਂ ਲੋਕ ਸਭਾ ਚੋਣਾਂ ਲਈ ਆਪਣੇ ਕੁਨਬੇ ਨੂੰ ਵੱਡਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਕੜੀ ’ਚ ਜਿੱਥੇ ਨਵੀਆਂ ਪਾਰਟੀਆਂ ਨੂੰ ਜੋੜਿਆ ਜਾ ਰਿਹਾ ਹੈ, ਉੱਥੇ ਹੀ ਕਿਸੇ ਨਾ ਕਿਸੇ ਕਾਰਨ ਵੱਖ ਹੋਏ ਪੁਰਾਣੇ ਸਾਥੀਆਂ ਨੂੰ ਵੀ ਐਨਡੀਏ ਦਾ ਫ਼ਿਰ ਤੋਂ ਹਿੱਸਾ ਬਣਾਉਣ ਦੀ ਦਿਸ਼ਾ ’ਚ ਕੰਮ ਚੱਲ ਰਿਹਾ ਹੈ। ਪੰਜਾਬ ’ਚ ਚਰਚਾ ਹੈ ਕਿ ਐਨਡੀਏ ਸਰਕਾਰ ਦੇ ਮੋਦੀ ਮੰਤਰੀ ਮੰਡਲ ਦੇ ਇਸ ਵਿਸਥਾਰ ਅਤੇ ਫ਼ੇਰਬਦਲ ਦੌਰਾਨ ਅਕਾਲੀ ਦਲ ਤੋਂ ਹਰਸਿਮਰਤ ਕੌਰ ਬਾਦਲ ਫ਼ਿਰ ਤੋਂ ਮੰਤਰੀ ਬਣਾਏ ਜਾ ਸਕਦੇ ਹਨ ਹਾਲਾਂਕਿ ਪਹਿਲਾਂ ਦੀ ਤਰ੍ਹਾਂ ਦਬਾਅ ਪਾ ਕੇ ਲਿਆ ਗਿਆ ਫ਼ੂਡ ਪ੍ਰੋਸੈਸਿੰਗ ਮੰਤਰਾਲਾ ਇਸ ਵਾਰ ਸ਼ਾਇਦ ਨਾ ਮਿਲ ਸਕੇ।

**ਅਕਾਲੀ ਦਲ ਦਾ ਪ੍ਰਦਰਸ਼ਨ ਵਿਗੜਦਾ ਗਿਆ ਅਤੇ ਮਜ਼ਬੂਤ ਹੁੰਦੀ ਗਈ ਭਾਜਪਾ**

ਜ਼ਿਕਰਯੋਗ ਹੈ ਕਿ ਅਕਾਲੀ ਦਲ ਵਲੋਂ ਹਰਸਿਮਰਤ ਅਤੇ ਉਨ੍ਹਾਂ ਦੇ ਪਤੀ ਸੁਖਬੀਰ ਬਾਦਲ ਹੀ ਲੋਕ ਸਭਾ ਮੈਂਬਰ ਹਨ। ਰਾਜ ਸਭਾ ’ਚ ਲੰਬੇ ਅਰਸੇ ਬਾਅਦ ਅਕਾਲੀ ਦਲ ਦਾ ਕੋਈ ਸੰਸਦ ਮੈਂਬਰ ਨਹੀਂ ਹੈ। ਹਰਸਿਮਰਤ 2014 ਤੋਂ ਮੋਦੀ ਸਰਕਾਰ ’ਚ ਫ਼ੂਡ ਪ੍ਰੋਸੈਸਿੰਗ ਮੰਤਰਾਲਾ ਦਾ ਜ਼ਿੰਮਾ ਸੰਭਾਲ ਰਹੇ ਸਨ, ਪਰ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਲੋਕਾਂ ਅਤੇ ਖ਼ਾਸ ਕਰ ਕੇ ਕਿਸਾਨਾਂ ਦੀ ਮੋਦੀ ਸਰਕਾਰ ਪ੍ਰਤੀ ਨਾਰਾਜ਼ਗੀ ਵੇਖ ਕੇ ਉਨ੍ਹਾਂ ਨੇ 2020 ’ਚ ਮੰਤਰੀ ਮੰਡਲ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹਾਲਾਂਕਿ ਇਸ ਅਸਤੀਫ਼ੇ ਦਾ ਕੋਈ ਰਾਜਨੀਤਕ ਫ਼ਾਇਦਾ ਚੁੱਕਣ ’ਚ ਅਕਾਲੀ ਦਲ ਨਾਕਾਮ ਰਿਹਾ। 2022 ਦੀਆਂ ਵਿਧਾਨ ਸਭਾ ਚੋਣਾਂ ’ਚ ਉਸ ਦਾ ਹੁਣ ਤਕ ਦਾ ਸਭ ਤੋਂ ਮਾੜਾ ਪ੍ਰਦਰਸ਼ਨ ਦੇਖਣ ਨੂੰ ਮਿਲਿਆ ਜਦੋਂ ਉਸ ਦੇ ਸਿਰਫ਼ ਤਿੰਨ ਵਿਧਾਇਕ ਹੀ ਜਿੱਤ ਕੇ 117 ਮੈਂਬਰੀ ਵਿਧਾਨ ਸਭਾ ਦਾ ਹਿੱਸਾ ਬਣੇ। ਇਸ ਤੋਂ ਬਾਅਦ ਹੋਈਆਂ ਦੋ ਲੋਕ ਸਭਾ ਉਪ ਚੋਣਾਂ ’ਚ ਵੀ ਅਕਾਲੀ ਦਲ ਨੂੰ ਹਾਰ ਹੀ ਮਿਲੀ। ਦੂਜੇ ਪਾਸੇ ਉਸ ਦੀ ਸਾਥੀ ਰਹੀ ਭਾਜਪਾ ਬੇਹੱਦ ਮਜ਼ਬੂਤ ਹੁੰਦੀ ਰਹੀ। ਭਾਜਪਾ ਨੂੰ ਪਤਾ ਹੈ ਕਿ ਉਸ ਕੋਲ ਅਜਿਹੇ ਚਿਹਰਿਆਂ ਦੀ ਹਮੇਸ਼ਾ ਕਮੀ ਰਹੀ ਹੈ ਜਿਨ੍ਹਾਂ ਦਾ ਕੋਈ ਆਧਾਰ ਹੋਵੇ ਜਾਂ ਜਿਨ੍ਹਾਂ ਨੂੰ ਪੂਰੇ ਪੰਜਾਬ ’ਚ ਲੋਕ ਜਾਣਦੇ ਪਛਾਣਦੇ ਹੋਣ। ਇਸ ਲਈ ਭਾਜਪਾ ਨੇ ਹੋਰ ਪਾਰਟੀਆਂ ਤੋਂ ਕਈ ਸੀਨੀਅਰ ਨੇਤਾਵਾਂ ਅਤੇ ਸਾਬਕਾ ਮੰਤਰੀਆਂ ਨੂੰ ਪਾਰਟੀ ’ਚ ਸ਼ਾਮਿਲ ਕਰਨ ਤੋਂ ਗੁਰੇਜ਼ ਨਹੀਂ ਕੀਤਾ।



ਬਦਲੇ ਰਾਜਨੀਤਕ ਹਾਲਾਤ ’ਚ ਅਕਾਲੀ ਦਲ ਵੀ ਸਮਝਦਾ ਹੈ ਕਿ ਉਸ ਤੋਂ ਕਿਤੇ ਜ਼ਿਆਦਾ ਮਜ਼ਬੂਤ ਕਾਂਗਰਸ ਅਤੇ ਉਸ ਤੋਂ ਵੀ ਕਿਤੇ ਜ਼ਿਆਦਾ ਤਾਕਤਵਰ ਆਮ ਆਦਮੀ ਪਾਰਟੀ ਹੈ। ਲੰਘੀਆਂ 2 ਵਿਧਾਨ ਸਭਾ ਚੋਣਾਂ ਹਾਰਨ ਦੇ ਨਾਲ ਹੀ ਪਾਰਟੀ ਸੂਬੇ ’ਚ ਹਾਸ਼ੀਏ ’ਤੇ ਪਹੁੰਚ ਚੁੱਕੀ ਹੈ। ਦੂਜੇ ਪਾਸੇ ਕੇਂਦਰ ਸਰਕਾਰ ਤੋਂ ਵੀ ਉਹ ਬਾਹਰ ਹੈ। ਅਜਿਹੇ ’ਚ ਰਾਜਨੀਤਕ ਵਜੂਦ ਬਚਾਈ ਰੱਖਣ ਲਈ ਉਸ ਨੂੰ ਭਾਜਪਾ ਵਰਗੇ ਮਜ਼ਬੂਤ ਸਹਾਰੇ ਦੀ ਜ਼ਰੂਰਤ ਹੈ। ਭਾਜਪਾ ਨੂੰ ਵੀ ਪਤਾ ਲੱਗ ਚੁੱਕਾ ਹੈ ਕਿ ਪੰਜਾਬ ਵਰਗੇ ਸੂਬੇ ’ਚ ਉਸ ਨੂੰ ਪ੍ਰਾਦੇਸ਼ਿਕ ਦਲ ਦੇ ਰੂਪ ’ਚ ਵੈਸਾਖੀ ਦੀ ਜ਼ਰੂਰਤ ਕਿੱਤੇ ਜ਼ਿਆਦਾ ਹੈ। ਹੁਣ ਇਹ ਤੈਅ ਹੈ ਕਿ ਦੋਵੇਂ ਪਾਰਟੀਆਂ ਮਜਬੂਰੀ ’ਚ ਹੀ ਸਹੀ ਪਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਕੱਠੀਆਂ ਹੋਣਗੀਆਂ ਜਿਸ ਦੀ ਨੀਂਹ ਕੇਂਦਰ ਸਰਕਾਰ ’ਚ ਅਕਾਲੀ ਦਲ ਦੇ ਸ਼ਾਮਿਲ ਹੋਣ ’ਤੇ ਪਵੇਗੀ।ਜੇਕਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ’ਚ ਦੁਬਾਰਾ ਗਠਜੋੜ ਹੁੰਦਾ ਹੈ ਤਾਂ ਇਹ ਤੈਅ ਹੈ ਕਿ ਇਸ ਵਾਰ ਸਮਝੌਤੇ ਦੀਆਂ ਸ਼ਰਤਾਂ ਕੁੱਝ ਅਲੱਗ ਰਹਿਣਗੀਆਂ ਜਿਸ ’ਚ ਭਾਜਪਾ ਦਾ ਪੱਖ ਪਹਿਲਾਂ ਦੇ ਮੁਕਾਬਲੇ ਬਹੁਤ ਭਾਰੀ ਰਹੇਗਾ। ਭਾਜਪਾ ਪਹਿਲਾਂ ਦੀ ਤਰ੍ਹਾਂ ਤਿੰਨ ਲੋਕ ਸਭਾ ਸੀਟਾਂ ’ਤੇ ਤਾਂ ਕਦੇ ਵੀ ਚੋਣ ਨਹੀਂ ਲੜੇਗੀ। ਲੰਘੇ ਦੋ ਸਾਲਾਂ ’ਚ ਭਾਜਪਾ ਆਪਣੇ ਪਹਿਲਾਂ ਵਾਲੇ ਰਾਜਨੀਤਕ ਆਧਾਰ ਵਾਲੇ ਇਲਾਕਿਆਂ ਤੋਂ ਬਾਹਰ ਵੀ ਕਾਫ਼ੀ ਪੈਰ ਪਸਾਰ ਚੁੱਕੀ ਹੈ। ਕਾਂਗਰਸ ਤੋਂ ਕੈਪਟਨ ਅਮਰਿੰਦਰ ਸਿੰਘ, ਸੁਨੀਲ ਕੁਮਾਰ ਜਾਖੜ ਅਤੇ ਲੱਗਭਗ ਅੱਧੀ ਦਰਜਨ ਸਾਬਕਾ ਮੰਤਰੀਆਂ ਦੇ ਆਉਣ ਨਾਲ ਭਾਜਪਾ ਦੇ ਖੇਤਰ ’ਚ ਕਾਫ਼ੀ ਵਾਧਾ ਹੋਇਆ ਹੈ। ਇਸ ਲਈ ਇਹੀ ਮੰਨਿਆ ਜਾ ਰਿਹਾ ਹੈ ਕਿ ਭਾਜਪਾ ਲੋਕ ਸਭਾ ਦੀਆਂ ਅੱਧੀਆਂ ਸੀਟਾਂ ਤਾਂ ਪੰਜਾਬ ’ਚ ਜ਼ਰੂਰ ਮੰਗੇਗੀ। ਅਕਾਲੀ ਦਲ ਇਸ ਸਥਿਤੀ ’ਚ ਨਹੀਂ ਹੈ, ਜਦੋਂ ਉਹ ਕੋਈ ਮੋਲ-ਭਾਅ ਭਾਜਪਾ ਨਾਲ ਕਰ ਸਕੇ। ਦੋਵਾਂ ਪਾਰਟੀਆਂ ਨੂੰ ਇੱਕ-ਦੂਜੇ ਦੀ ਦਰਕਾਰ ਹੈ, ਪਰ ਅਕਾਲੀ ਦਲ ਦੀ ਜ਼ਰੂਰਤ ਇਸ ਲਈ ਕਿਤੇ ਜ਼ਿਆਦਾ ਹੈ ਕਿਉਂਕਿ ਉਸ ਦੀ ਸਾਖ ਅਤੇ ਪਕੜ ਲਗਾਤਾਰ ਪੰਜਾਬ ’ਚ ਕਮਜ਼ੋਰ ਹੁੰਦੀ ਜਾ ਰਹੀ ਹੈ। ਉਸ ਦਾ ਵੋਟ ਬੈਂਕ ਖਿਸਕ ਕੇ ਆਮ ਆਦਮੀ ਪਾਰਟੀ ਵਲ ਜਾ ਚੁੱਕਿਆ ਹੈ। ਭਾਜਪਾ ਇਸ ਸਥਿਤੀ ’ਚ ਅਕਾਲੀ ਦਲ ਦਾ ਦਬਾਅ ਨਹੀਂ ਝੱਲੇਗੀ ਜਿਵੇਂ ਕਿ 25 ਸਾਲ ਦੇ ਗਠਜੋੜ ’ਚ ਉਹ ਝੱਲਦੀ ਰਹੀ ਹੈ। ਸਗੋਂ ਹੁਣ ਉਹ ਅਕਾਲੀ ਦਲ ’ਤੇ ਦਬਾਅ ਪਾਉਣ ਦੀ ਸਥਿਤੀ ’ਚ ਹੈ। ਅਕਾਲੀ ਦਲ ਦੇ ਨੇਤਾਵਾਂ ਦਾ ਰਵੱਈਆ ਵੀ ਭਾਜਪਾ ਨੇਤਾਵਾਂ ਪ੍ਰਤੀ ਕਾਫ਼ੀ ਬਦਲਿਆ ਹੋਇਆ ਹੈ। ਇੱਕ ਭਾਜਪਾ ਨੇਤਾ ਨੇ ਦੱਸਿਆ ਕਿ ਅਕਾਲੀ ਨੇਤਾ ਹੁਣ ਜ਼ਿਲ੍ਹਾ ਪੱਧਰ ’ਤੇ ਕਿਤੇ ਵੀ ਭਾਜਪਾ ਪ੍ਰਤੀ ਕੁੜੱਤਣ ਨਹੀਂ ਦਿਖਾਉਂਦੇ।

## ਸਰਕਾਰ ਨੇ ਕੁੰਵਰ ਵਿਜੈ ਪ੍ਰਤਾਪ ਖ਼ਿਲਾਫ਼ ਪਟੀਸ਼ਨ ਦੀ ਰਿਪੋਰਟ ਦੇਣ ਤੋਂ ਵੱਟਿਆ ਟਾਲਾ

ਫ਼ਰੀਦਕੋਟ(ਪੰਜਾਬੀ ਅਖਬਾਰ ਬਿਊਰੋ)- ਬਹਿਬਲ ਗੋਲੀ ਕਾਂਡ ਦੇ 7 ਚਸ਼ਮਦੀਦ ਗਵਾਹਾਂ ਵਲੋਂ ਸਾਬਕਾ ਜਾਂਚ ਅਧਿਕਾਰੀ ਤਤਕਾਲੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਖ਼ਿਲਾਫ਼ ਦਾਇਰ ਕੀਤੀ ਗਈ ਪਟੀਸ਼ਨ ’ਤੇ ਪੰਜਾਬ ਸਰਕਾਰ ਅਤੇ ਵਿਸ਼ੇਸ਼ ਜਾਂਚ ਟੀਮ ਨੇ ਕੋਈ ਵੀ ਰਿਪੋਰਟ ਅਦਾਲਤ ਵਿੱਚ ਪੇਸ਼ ਨਹੀਂ ਕੀਤੀ। ਇਲਾਕਾ ਮੈਜਿਸਟਰੇਟ ਮਿਸ ਚੰਦਨ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਆਦੇਸ਼ ਦਿੱਤੇ ਹਨ ਕਿ 21 ਜੁਲਾਈ ਨੂੰ ਇਸ ਮਾਮਲੇ ਵਿੱਚ ਰਿਪੋਰਟ ਪੇਸ਼ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਬੀਤੀ 19 ਜੂਨ ਨੂੰ ਗੋਲੀ ਕਾਂਡ ਦੇ ਗਵਾਹ ਪ੍ਰਭਦੀਪ ਸਿੰਘ, ਸਰਬਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਅਮਨਦੀਪ ਸਿੰਘ, ਕਰਮਜੀਤ ਸਿੰਘ, ਸੁਖਰਾਜ ਸਿੰਘ ਤੇ ਮਹਿੰਦਰ ਸਿੰਘ ਨੇ ਅਦਾਲਤ ’ਚ ਲਿਖਤੀ ਅਰਜ਼ੀ ਦੇ ਕੇ ਦੋਸ਼ ਲਾਏ ਸਨ ਕਿ ਸਾਬਕਾ ਜਾਂਚ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਉਨ੍ਹਾਂ ਦੇ ਬਿਆਨਾਂ ਨਾਲ ਕਥਿਤ ਤੌਰ ’ਤੇ ਛੇੜਛਾੜ ਕੀਤੀ ਹੈ ਤੇ ਨਿੱਜੀ ਰੰਜਿਸ਼ ਕੱਢਣ ਲਈ 2 ਗਵਾਹਾਂ ਨੂੰ ਮੁਲਜ਼ਮ ਵਜੋਂ ਹੀ ਨਾਮਜ਼ਦ ਕਰ ਦਿੱਤਾ ਅਤੇ ਕੁੱਝ ਅਜਿਹੇ ਵਿਅਤੀਆਂ ਨੂੰ ਚਸ਼ਮਦੀਦ ਗਵਾਹ ਦਿਖਾਇਆ ਗਿਆ ਹੈ ਜੋ ਘਟਨਾ ਸਮੇਂ ਮੌਕੇ ’ਤੇ ਹਾਜ਼ਰ ਹੀ ਨਹੀਂ ਸਨ। ਇਲਾਕਾ ਮੈਜਿਸਟਰੇਟ ਨੇ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਤੋਂ ਰਿਪੋਰਟ ਮੰਗੀ ਸੀ, ਪਰ ਪੰਜਾਬ ਸਰਕਾਰ ਨੇ ਅਦਾਲਤ ਵਿੱਚ ਰਿਪੋਰਟ ਪੇਸ਼ ਨਹੀਂ ਕੀਤੀ ਅਤੇ ਇਸ ਮਾਮਲੇ ਦੀ ਘੋਖ ਲਈ ਸਮੇਂ ਦੀ ਮੰਗ ਕੀਤੀ ਹੈ, ਜਿਸ ਮਗਰੋਂ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 21 ਜੁਲਾਈ ਤਕ ਮੁਲਤਵੀ ਕਰ ਦਿੱਤੀ ਹੈ। ਦੂਜੇ ਪਾਸੇ ਕੁੰਵਰ ਵਿਜੈ ਪ੍ਰਤਾਪ ਸਿੰਘ ਉਕਤ ਗਵਾਹਾਂ ਵਲੋਂ ਅਦਾਲਤ ਵਿੱਚ ਦਿੱਤੀ ਅਰਜ਼ੀ ਨੂੰ ਸਾਜਿਸ਼ ਕਰਾਰ ਦੇ ਚੁੱਕੇ ਹਨ। ਉਨ੍ਹਾਂ ਕਿਹਾ ਹੈ ਕਿ ਵੱਡੇ ਮੁਲਜ਼ਮਾਂ ਨੂੰ ਬਚਾਉਣ ਲਈ ਇਹ ਸਾਜਿਸ਼ ਰਚੀ ਗਈ ਹੈ।



## ਕੈਨੇਡਾ ’ਚ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੁਰੱਖਿਆ ਮੰਤਰੀ ਨੂੰ ਮਿਲਣਗੀਆਂ ਸਿੱਖ ਜਥੇਬੰਦੀਆਂ

ਮਿਸੀਸਾਗਾ (ਪੰਜਾਬੀ ਅਖਬਾਰ ਬਿਊਰੋ)-ਕੈਨੇਡਾ ’ਚ ਬੀਤੇ ਮਹੀਨੇ ਖ਼ਾਲਿਸਤਾਨ ਸਮਰਥੱਕ ਹਰਦੀਪ ਸਿੰਘ ਨਿੱਜਰ ਦਾ ਕੁੱਝ ਅਣਪਛਾਤੇ ਹਮਲਾਵਰਾਂ ਦੁਆਰਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਘਟਨਾ ਮਗਰੋਂ ਸਿੱਖ ਭਾਈਚਾਰੇ ਦੇ ਮੈਂਬਰ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਾ ’ਚ ਹਨ। ਹਾਲ ਹੀ ’ਚ ਸਰੀ ਗੁਰਦੁਆਰਾ ਕਮੇਟੀ ਵਲੋਂ ਇਹ ਜਾਣਕਾਰੀ ਸਾਂਝੀ ਕੀਤੀ ਗਈ ਕਿ ਸੁੱਖ ਧਾਲੀਵਾਲ, ਐਮਪੀ ਸਰੀ ਨਿਊਟਨ ਨੇ ਭਾਈ ਹਰਦੀਪ ਸਿੰਘ ਨਿੱਜਰ ਦੇ ਕਤਲ ’ਚ ਵਿਦੇਸ਼ੀ ਸ਼ਮੂਲੀਅਤ ਬਾਰੇ ਚਿੰਤਾਵਾਂ ਨੂੰ ਦੂਰ ਕਰਨ ਲਈ ਫ਼ੈਡਰਲ ਪਬਲਿਕ ਸੇਫ਼ਟੀ ਮੰਤਰੀ ਮਾਰਕੋ ਮੈਂਡੀਨੋ ਨਾਲ 4 ਜੁਲਾਈ ਨੂੰ ਇੱਕ ਵਰਚੂਅਲ ਮੀਟਿੰਗ ਦਾ ਪ੍ਰਬੰਧ ਕੀਤਾ ਹੈ।



ਗੁਰਦੁਆਰਾ ਕਮੇਟੀ ਨੇ ਸ਼ਹਿਰ ਦੇ ਇੱਕ ਧਾਰਮਿਕ ਸਥਾਨ ’ਤੇ ਵਾਪਰੀ ਘਟਨਾ ਦੇ ਬਾਵਜੂਦ ਸਿਟੀ ਔਫ਼ ਸਰੀ ਵਲੋਂ ਸਹਿਯੋਗ ਜਾਂ ਹੁੰਗਾਰਾ ਨਾ ਮਿਲਣ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਖ਼ਾਲਿਸਤਾਨ ਸਮਰਥਕਾਂ ਵਲੋਂ ਕੀਤੀ ਗਈ ਇੱਕ ਬੈਠਕ ’ਚ ਸੁੱਖ ਧਾਲੀਵਾਲ ਵਲੋਂ ਕੀਤੇ ਜਾ ਰਹੇ ਯਤਨਾਂ ਲਈ ਧੰਨਵਾਦ ਕੀਤਾ ਗਿਆ। ਇੱਕ ਬੁਲਾਰੇ ਨੇ ਕਿਹਾ ਕਿ ਕੈਨੇਡਾ ਭਰ ’ਚ ਵੱਸਦੇ ਸਿੱਖ ਭਾਈਚਾਰੇ ਦੇ ਮੈਂਬਰ ਇਕੱਠੇ ਹੋ ਕੇ ਪਬਲਿਕ ਸਿਹਤ ਮੰਤਰੀ ਨਾਲ ਮੁਲਾਕਾਤ ਕਰਨਗੇ ਅਤੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਯਤਨਾਂ ਸਬੰਧੀ ਜਾਣਕਾਰੀ ਲੈਣਗੇ।

## ਪੰਜ ਸਾਲ ਤੋਂ ਦੁਨੀਆਂ ਦਾ ਸਭ ਤੋਂ ਅਸ਼ਾਂਤ ਦੇਸ਼ ਅਫ਼ਗਾਨਿਸਤਾਨ

ਕਾਬੁਲ (ਪੰਜਾਬੀ ਅਖਬਾਰ ਬਿਊਰੋ)- ਅਫ਼ਗਾਨਿਸਤਾਨ ਨੂੰ ਲਗਾਤਾਰ ਪੰਜਵੇਂ ਸਾਲ ਦੁਨੀਆਂ ਦਾ ਸਭ ਤੋਂ ਘੱਟ ਸ਼ਾਂਤੀ ਵਾਲਾ ਦੇਸ਼ ਬਣਾਇਆ ਗਿਆ ਹੈ। ਇੰਸਟੀਚਿਊਟ ਫ਼ੌਰ ਇਕਨੌਮਿਕਸ ਐਂਡ ਪੀਸ ਨੇ ਗਲੋਬਲ ਪੀਸ ਇੰਡੈਕਸ 2022 ਦੀ ਸੂਚੀ ਜਾਰੀ ਕੀਤੀ ਹੈ ਜਿਸ ’ਚ ਅਫ਼ਗਾਨਿਸਤਾਨ ਵੀ ਦੁਨੀਆਂ ਦੇ ਸਭ ਤੋਂ ਜ਼ਿਆਦਾ ਗੜਬੜ ਵਾਲੇ ਦੇਸ਼ਾਂ ਦੀ ਸੂਚੀ ’ਚ ਪਹਿਲੇ ਸਥਾਨ ’ਤੇ ਹੈ। ਅਫ਼ਗਾਨਿਸਤਾਨ ਤੋਂ ਬਾਅਦ ਯਮਨ, ਸੀਰੀਆ, ਰੂਸ ਅਤੇ ਦੱਖਣੀ ਸੂਡਾਨ ਨੂੰ ਸਭ ਤੋਂ ਅਸ਼ਾਂਤ ਦੇਸ਼ ਮੰਨਿਆ ਗਿਆ ਹੈ।



ਗਲੋਬਲ ਪੀਸ ਇੰਡੈਕਸ-2022 ਦੀ ਸੂਚੀ ਨੂੰ ਦੇਖਦੇ ਹੋਏ ਤਾਲਿਬਾਨ ਨੇ ਇਸ ’ਤੇ ਨਾਰਾਜ਼ਗੀ ਜਤਾਈ ਹੈ। ਨਾਲ ਹੀ ਕਿਹਾ ਕਿ ਇਸ ਮਾਮਲੇ ’ਚ ਅਫ਼ਗਾਨਿਸਤਾਨ ਨਾਲ ਬੇਇਨਸਾਫ਼ੀ ਹੋਈ ਹੈ। ਅਫ਼ਗਾਨਿਸਤਾਨ ਸਥਿਤ ਇੱਕ ਨਿਊਜ਼ ਚੈਨਲ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਗਲੋਬਲ ਪੀਸ ਇੰਡੈਕਸ 2022 ’ਚ ਅਫ਼ਗਾਨਿਸਤਾਨ, ਯਮਨ, ਸੀਰੀਆ, ਰੂਸ ਅਤੇ ਦੱਖਣੀ ਸੂਡਾਨ ਪਿਛਲੇ ਤਿੰਨ ਸਾਲਾਂ ਤੋਂ ਸਭ ਤੋਂ ਘੱਟ ਸ਼ਾਂਤੀ ਵਾਲੇ ਦੇਸ਼ਾਂ ਦੀ ਸੂਚੀ ’ਚ ਬਣੇ ਹੋਏ ਹਨ।

ਆਈਈਪੀ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਨਿਊਜ਼ ਚੈਨਲ ਨੇ ਕਿਹਾ ਹੈ ਕਿ 2022 ’ਚ ਅਫ਼ਗਾਨਿਸਤਾਨ ’ਚ ਹਥਿਆਰਬੰਦ ਸੰਘਰਸ਼ ਕਾਰਨ ਮਰਨ ਵਾਲਿਆਂ ਦੀ ਗਿਣਤੀ ’ਚ ਕਮੀ ਆਈ ਹੈ, ਪਰ ਫ਼ਿਰ ਵੀ ਸਥਿਤੀ ’ਚ ਬਹੁਤਾ ਬਦਲਾਅ ਨਹੀਂ ਆਇਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਗਸਤ ’ਚ ਅਮਰੀਕੀ ਫ਼ੌਜਾਂ ਦੀ ਵਾਪਸੀ ਤੋਂ ਬਾਅਦ ਅਫ਼ਗਾਨਿਸਤਾਨ ’ਚ ਸੰਘਰਸ਼ ਦਾ ਪੱਧਰ ਕਾਫ਼ੀ ਹੇਠਾਂ ਆਇਆ ਹੈ।

ਆਈਈਪੀ ਦੀ ਰਿਪੋਰਟ ਮੁਤਾਬਿਕ ਤਾਲਿਬਾਨ ਸ਼ਾਸ਼ਿਤ ਅਫ਼ਗਾਨਿਸਤਾਨ ’ਚ ਨਾਗਰਿਕ ਹੁਣ ਆਪਣੇ ਆਪ ਨੂੰ ਪਹਿਲਾਂ ਨਾਲੋਂ ਜ਼ਿਆਦਾ ਸੁਰੱਖਿਅਤ ਸਮਝਦੇ ਹਨ। ਅਫ਼ਗਾਨ ਨਾਗਰਿਕਾਂ ਦੀ ਅਪਰਾਧਿਕਤਾ ਦੇ ਸਬੰਧ ’ਚ ਬਹੁਤ ਘੱਟ ਸੁਧਾਰ ਹੋਇਆ ਹੈ। ਰਿਪੋਰਟ ਮੁਤਾਬਿਕ ਇੱਥੇ ਇਕੱਲੇ ਤੁਰਨ ਨੂੰ ਅਸੁਰੱਖਿਅਤ ਮਹਿਸੂਸ ਕਰਨ ਵਾਲੇ ਲੋਕਾਂ ਦੀ ਗਿਣਤੀ 84 ਫ਼ੀਸਦੀ ਤੋਂ ਘੱਟ ਕੇ 77 ਫ਼ੀਸਦੀ ਰਹਿ ਗਈ ਹੈ। ਇਸ ਦੇ ਨਾਲ ਹੀ ਰਿਪੋਰਟ ’ਚ ਕਿਹਾ ਗਿਆ ਹੈ ਕਿ 2022 ’ਚ ਅਫ਼ਗਾਨਿਸਤਾਨ ’ਚ ਅਤਿਵਾਦੀ ਘਟਨਾਵਾਂ ’ਚ 75 ਫ਼ੀਸਦੀ ਦੀ ਕਮੀ ਆਈ ਹੈ। ਇੰਨਾ ਹੀ ਨਹੀਂ ਅਤਿਵਾਦ ਕਾਰਨ ਹੋਣ ਵਾਲੀਆਂ ਮੌਤਾਂ ’ਚ 58 ਫ਼ੀਸਦੀ ਦੀ ਕਮੀ ਆਈ ਹੈ। ਇਸ ਸਭ ਦੇ ਬਾਵਜੂਦ ਅਫ਼ਗਾਨਿਸਤਾਨ ਦੁਨੀਆਂ ਦਾ ਸਭ ਤੋਂ ਅਸ਼ਾਂਤ ਦੇਸ਼ ਬਣਿਆ ਹੋਇਆ ਹੈ।ਇਸ ਦੇ ਨਾਲ ਹੀ, 2008 ਤੋਂ, ਆਈਸਲੈਂਡ ਵਿਸ਼ਵ ਸ਼ਾਂਤੀ ਸੂਚਕ ਅੰਕ ’ਚ ਪਹਿਲੇ ਨੰਬਰ ’ਤੇ ਰਿਹਾ ਹੈ। ਯਾਨੀ ਪਿਛਲੇ ਸਾਲ ਵੀ ਆਈਸਲੈਂਡ ਦੁਨੀਆਂ ਦਾ ਸਭ ਤੋਂ ਸ਼ਾਂਤ ਦੇਸ਼ ਰਿਹਾ।

# ਮਾਨਵੀ ਸੰਚਾਰ ਦੇ ਸੰਦਰਭ 'ਚ ਭਾਸ਼ਾ ਉਪਰੰਤ ਲਿਪੀ ਦੀ ਭੂਮਿਕਾ ਸਰਬੋਤਮ

-ਜਸਵੰਤ ਕੌਰ ਮਣੀ/98888-70822

ਮਨੁੱਖ ਸਮਾਜਿਕ ਪ੍ਰਾਣੀ ਹੈ। ਜਿਊਣ ਲਈ ਮੁੱਖ ਤੌਰ 'ਤੇ ਸੰਚਾਰ ਦੀ ਲੋੜ ਹੁੰਦੀ ਹੈ। ਮਨੁੱਖਤਾ ਦੇ ਵਿਕਾਸ 'ਚ ਸੰਚਾਰ ਦਾ ਸਭ ਤੋਂ ਵੱਧ ਯੋਗਦਾਨ ਹੈ। ਸੰਚਾਰ ਸਾਰੇ ਹੀ ਪ੍ਰਾਣੀ ਜਗਤ 'ਚ ਵਿਦਮਾਨ ਹੈ ਪਰ ਮਨੁੱਖੀ ਸੰਚਾਰ ਦੀ ਸਮਰੱਥਾ ਸਭ ਤੋਂ ਸ੍ਰੇਸ਼ਟ ਤੇ ਵਿਆਪਕ ਹੈ। ਮਾਨਵੀ ਸੰਚਾਰ ਦੇ ਸੰਦਰਭ 'ਚ ਭਾਸ਼ਾ ਉਪਰੰਤ ਲਿਪੀ ਦੀ ਭੂਮਿਕਾ ਸਰਬੋਤਮ ਹੈ। ਭਾਸ਼ਾ ਮਨੁੱਖ ਦੀ ਸਭ ਤੋਂ ਮਹਾਨ ਖੋਜ ਹੈ। ਭਾਸ਼ਾ ਤੇ ਵਿਚਾਰ ਸ਼ਕਤੀ ਮਨੁੱਖਾਂ ਨੂੰ ਜਾਨਵਰਾਂ ਤੋਂ ਅਲੱਗ ਕਰਦੀ ਹੈ। ਭਾਸ਼ਾ ਤੋਂ ਅੱਗੇ ਲਿਪੀ ਮਨੁੱਖ ਦੀ ਦੂਜੀ ਵੱਡੀ ਪ੍ਰਾਪਤੀ ਹੈ। ਛਾਪੇਖਾਨੇ ਦੀ ਈਜਾਦ ਨਾਲ ਸੰਚਾਰ ਦਾ ਘੇਰਾ ਹੋਰ ਵੀ ਵੱਧ ਗਿਆ। ਇਸ ਨੇ ਸੰਚਾਰ ਦੀ ਗਤੀ 'ਚ ਵੱਡਾ ਇਨਕਲਾਬ ਲਿਆਂਦਾ ਹੈ। ਭਾਸ਼ਾ ਮਨੁੱਖੀ ਸੰਚਾਰ ਦਾ ਮਾਧਿਅਮ ਹੈ। ਭਾਸ਼ਾ ਦੀ ਸਿਰਜਣਾ ਬਾਕੀ ਸਾਰੀਆਂ ਮਨੁੱਖੀ ਸਿਰਜਨਾਵਾਂ ਨਾਲੋਂ ਸਭ ਤੋਂ ਉੱਤਮ ਹੈ। ਬਾਕੀ ਸਾਰੇ ਜੀਵਾਂ ਦੇ ਮੁਕਾਬਲੇ ਮਨੁੱਖੀ ਜ਼ੁਬਾਨ ਦੀ ਬਣਤਰ ਹੀ ਅਜਿਹੀ ਹੈ ਕਿ ਉਹ ਵੱਖੋ-ਵੱਖਰੀਆਂ ਧੁਨੀਆਂ ਉਚਾਰ ਸਕਦੀ ਹੈ। ਏਸੇ ਲਈ ਸੰਸਾਰ ਭਰ 'ਚ ਹਜ਼ਾਰਾਂ ਦੀ ਗਿਣਤੀ 'ਚ ਭਾਸ਼ਾਵਾਂ ਤੇ ਉਪ-ਭਾਸ਼ਾਵਾਂ ਹਨ।

## ਸ਼ਬਦਾਂ ਦਾ ਆਦਾਨ-ਪ੍ਰਦਾਨ

ਪੰਜਾਬੀ ਗਿਣਤੀ ਦੇ ਆਧਾਰ 'ਤੇ ਦੁਨੀਆ ਦੀ ਦਸਵੀਂ ਸਭ ਤੋਂ ਜ਼ਿਆਦਾ ਬੋਲੀ ਜਾਣ ਵਾਲੀ ਭਾਸ਼ਾ ਹੈ। 10 ਕਰੋੜ ਤੋਂ ਜ਼ਿਆਦਾ ਲੋਕ ਇਸ ਨੂੰ ਬੋਲਣ ਵਾਲੇ ਹਨ। ਇਸ ਸਮੇਂ ਇਹ ਸ਼ੰਕੇ ਪ੍ਰਗਟ ਕੀਤੇ ਜਾ ਰਹੇ ਹਨ ਪੰਜਾਬੀ ਭਾਸ਼ਾ ਖ਼ਤਮ ਹੋਣ ਵਾਲੀ ਹੈ ਜਾਂ ਆਉਣ ਵਾਲੇ ਕੁਝ ਸਾਲਾਂ 'ਚ ਖ਼ਤਮ ਹੋ ਜਾਵੇਗੀ। ਅੱਜ ਹਰ ਕੋਈ ਅੰਗਰੇਜ਼ੀ ਭਾਸ਼ਾ ਦੀ ਦਿਨੋਂ ਦਿਨ ਵੱਧ ਰਹੀ ਵਰਤੋਂ ਤੇ ਪੰਜਾਬੀ ਭਾਸ਼ਾ 'ਚ ਨਿਘਾਰ ਕਾਰਨ ਚਿੰਤਤ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬੀ ਭਾਸ਼ਾ ਦੁਆਰਾ ਸ਼ਬਦ ਲੈਣ ਦੀ ਗੱਲ ਕੋਈ ਨਵੀਂ ਨਹੀਂ ਬਲਕਿ ਇਸ ਤੋਂ ਪਹਿਲਾਂ ਵੀ ਅਰਬੀ ਫ਼ਾਰਸੀ ਵਰਗੀਆਂ ਭਾਸ਼ਾਵਾਂ ਦੇ ਸ਼ਬਦ ਪੰਜਾਬੀ ਭਾਸ਼ਾ 'ਚ ਆ ਚੁੱਕੇ ਹਨ। ਪੰਜਾਬੀ ਭਾਸ਼ਾ ਦਾ ਨਾਂਅ ਵੀ ਫ਼ਾਰਸੀ ਦੇ ਦੋ ਸ਼ਬਦਾਂ 'ਪੰਜ' ਤੇ 'ਆਬ' ਤੋਂ ਮਿਲ ਕੇ ਬਣਿਆ ਹੈ। ਇਸ ਦਾ ਭਾਵ ਕਿ ਸਾਡੀ ਭਾਸ਼ਾ ਦਾ ਤਾਂ ਨਾਮ ਵੀ ਦੂਜੀਆਂ ਭਾਸ਼ਾਵਾਂ ਨੂੰ ਮਿਲ ਕੇ ਬਣਿਆ ਹੈ। ਇਸ ਨਾਲ ਜਿਸ ਭਾਸ਼ਾ 'ਚੋਂ ਸ਼ਬਦ ਲਏ ਜਾ ਰਹੇ ਹਨ, ਉਨਾਂ ਦਾ ਵਿਸਥਾਰ ਵੀ ਤੇ ਜਿਸ ਭਾਸ਼ਾ 'ਚ ਸ਼ਬਦ ਸ਼ਾਮਲ ਹੋ ਰਹੇ ਹਨ ਉਸ ਦਾ ਵੀ। ਸਮੇਂ-ਸਮੇਂ ਪੰਜਾਬੀ ਭਾਸ਼ਾ ਨੇ ਵੱਖ-ਵੱਖ ਭਾਸ਼ਾਵਾਂ ਤੋਂ ਤਤਸਮ ਤੇ ਤਦਭਵ ਰੂਪ 'ਚ ਸ਼ਬਦ ਲਏ ਤੇ ਆਪਣੇ ਆਪ ਨੂੰ ਅਮੀਰ ਕੀਤਾ ਉੱਥੇ ਹੀ ਅੱਜ ਅੰਗਰੇਜ਼ੀ ਤੇ ਹਿੰਦੀ ਵਰਗੀਆਂ ਭਾਸ਼ਾਵਾਂ ਤੋਂ ਪੰਜਾਬੀ ਭਾਸ਼ਾ ਨੂੰ ਖ਼ਤਰਾ ਮਹਿਸੂਸ ਕੀਤਾ ਜਾ ਰਿਹਾ ਹੈ ਤੇ ਪੰਜਾਬੀ ਭਾਸ਼ਾ ਦੇ ਖ਼ਤਮ ਹੋਣ ਦੇ ਸ਼ੰਕੇ ਪੈਦਾ ਹੋ ਰਹੇ ਹਨ ਜਦਕਿ ਕੋਈ ਵੀ ਭਾਸ਼ਾ ਪੂਰੀ ਤਰ੍ਹਾਂ ਖ਼ਤਮ ਨਹੀਂ ਹੁੰਦੀ ਬਲਕਿ ਭਾਸ਼ਾ 'ਚੋਂ ਸ਼ਬਦਾਵਲੀ ਖ਼ਤਮ ਹੁੰਦੀ ਜਾਂਦੀ ਹੈ, ਜਦੋਂ ਦੂਜੀ ਭਾਸ਼ਾ ਦੇ ਸ਼ਬਦ ਭਾਰੂ ਪੈ ਜਾਂਦੇ ਹਨ।

ਹੋਰ ਭਾਸ਼ਾਵਾਂ ਦੇ ਪ੍ਰਭਾਵ ਇਤਿਹਾਸ ਗਵਾਹ ਹੈ ਕਿ ਪੰਜਾਬ ਦੀ ਜ਼ਮੀਨ ਉੱਤੇ ਵੱਖ-ਵੱਖ ਹਮਲਾਵਰ ਆਉਂਦੇ ਰਹੇ ਤੇ ਆਪਣੇ ਨਾਲ ਆਪਣਾ ਸੱਭਿਆਚਾਰ ਤੇ ਭਾਸ਼ਾ ਵੀ ਲੈ ਕੇ ਆਉਂਦੇ ਰਹੇ। ਜਦੋਂ ਮੁਸਲਮਾਨ ਆਏ ਤਾਂ ਅਸੀਂ ਉਨ੍ਹਾਂ ਦੇ ਸੱਭਿਆਚਾਰ ਦੇ ਨਾਲ ਨਾਲ ਉਨ੍ਹਾਂ ਦੀ ਭਾਸ਼ਾ ਦੇ ਸ਼ਬਦ ਵੀ ਅਪਣਾਏ। ਉਸ ਸਮੇਂ ਦੀਆਂ ਪੰਜਾਬੀ ਲਿਖਤਾਂ ਉੱਪਰ ਅਰਬੀ ਤੇ ਫ਼ਾਰਸੀ ਦਾ ਜ਼ਿਆਦਾ ਪ੍ਰਭਾਵ ਹੈ ਕਿਉਂਕਿ ਉਸ ਸਮੇਂ ਰਾਜ ਭਾਸ਼ਾ ਵੀ ਫ਼ਾਰਸੀ ਸੀ। ਸਿੱਖ ਰਾਜ ਕਾਲ 'ਚ ਵੀ ਪੰਜਾਬੀ ਰਾਜ ਭਾਸ਼ਾ ਨਹੀਂ ਬਣ ਸਕੀ ਬਲਕਿ ਉਸ ਸਮੇਂ ਦੀ ਸਰਕਾਰੀ ਭਾਸ਼ਾ ਫ਼ਾਰਸੀ ਸੀ। ਉਨ੍ਹਾਂ ਨੇ ਈਸਾਈ ਮਿਸ਼ਨਰੀਆਂ ਨੂੰ ਅੰਗਰੇਜ਼ੀ ਸਾਹਿਤ ਤੇ ਅੰਗਰੇਜ਼ੀ ਭਾਸ਼ਾ ਦੇ ਪ੍ਰਚਾਰ ਦਾ ਜਿੰਮਾ ਸੌਂਪਿਆ। ਉਨ੍ਹਾਂ ਨੇ ਅੰਗਰੇਜ਼ੀ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਬਣਾ ਦਿੱਤਾ ਕਿਉਂਕਿ ਉਨ੍ਹਾਂ ਨੂੰ ਆਪਣੀਆਂ ਨੌਕਰੀਆਂ ਲਈ ਸਸਤੇ ਕਲਰਕ ਚਾਹੀਦੇ ਸਨ। ਉਸ ਸਮੇਂ ਲੋਕਾਂ ਨੇ ਅੰਗਰੇਜ਼ਾਂ ਨਾਲ ਨੇੜਤਾ ਰੱਖਣ ਤੇ ਕੰਮ ਲੈਣ ਦੇ ਲਾਲਚ 'ਚ ਅੰਗਰੇਜ਼ੀ ਸਿੱਖਣੀ ਆਰੰਭੀ। ਅੰਗਰੇਜ਼ ਦੁਆਰਾ ਭਾਰਤ ਛੱਡ ਜਾਣ ਦੇ ਏਨੇ ਸਮੇਂ ਬਾਦ ਅੰਗਰੇਜ਼ੀ ਭਾਸ਼ਾ ਦੀ ਸਰਦਾਰੀ ਹੈ। ਇਸ ਪਿੱਛੇ ਰਾਜਨੀਤਕ ਕਾਰਨ ਵੀ ਕਾਰਜਸ਼ੀਲ ਹਨ। ਅੰਗਰੇਜ਼ ਜਾਂਦੇ ਸਮੇਂ ਸ਼ਾਸਨ ਦੀ ਵਾਗਡੋਰ ਆਪਣੇ ਸ਼ੁਭਚਿੰਤਕਾਂ ਨੂੰ ਹੀ ਦੇ ਕੇ ਗਏ, ਜਿਨ੍ਹਾਂ ਨੇ ਅੱਗੇ ਅੰਗਰੇਜ਼ੀ ਨੂੰ ਰਵਾਇਤ ਵਜੋਂ ਤੋਰੀ ਰੱਖਿਆ।

ਜਦੋਂ 1950 'ਚ ਭਾਰਤੀ ਸੰਵਿਧਾਨ ਲਾਗੂ ਹੋਇਆ ਤਾਂ ਉਸ ਸਮੇਂ ਸਿਰਫ਼ 15 ਸਾਲਾਂ ਲਈ ਅੰਗਰੇਜ਼ੀ ਭਾਸ਼ਾ ਨੂੰ ਸਹਾਇਕ ਰਾਜ ਭਾਸ਼ਾ ਵਜੋਂ ਥਾਂ ਦਿੱਤੀ ਗਈ। ਸਮੇਂ ਨਾਲ ਅੰਗਰੇਜ਼ੀ ਭਾਸ਼ਾ ਦਾ ਦਾਇਰਾ ਵੱਧਦਾ ਗਿਆ। 1997 'ਚ ਇਕ ਕਾਨੂੰਨ ਰਾਹੀਂ ਇਹ ਵਿਵਸਥਾ ਕੀਤੀ ਕਿ ਨਿਆਂਪਾਲਿਕਾ ਦੇ ਸਾਰੇ ਕੰਮ ਅੰਗਰੇਜ਼ੀ ਭਾਸ਼ਾ 'ਚ ਹੀ ਹੋਣਗੇ। ਇਸ ਕਾਨੂੰਨ ਨੂੰ ਖ਼ਤਮ ਕੀਤਾ ਜਾ ਸਕਦਾ ਸੀ ਪਰ ਜੇ ਸਾਰੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਦੋ ਤਿਹਾਈ ਪ੍ਰਤੀਸ਼ਤ ਮੈਂਬਰ ਸੰਸਦ 'ਚ ਇਹ ਪ੍ਰਸਤਾਵ ਰੱਖਦੇ ਪਰ ਅਜਿਹਾ ਅੱਜ ਤੱਕ ਨਹੀਂ ਹੋ ਸਕਿਆ।



ਭਾਰਤੀ ਸੰਵਿਧਾਨ ਦੀ ਅੱਠਵੀਂ ਸੂਚੀ 'ਚ ਪੰਜਾਬੀ ਭਾਸ਼ਾ ਨੂੰ ਉਨ੍ਹਾਂ 22 ਭਾਸ਼ਾਵਾਂ 'ਚ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਨੂੰ ਭਾਰਤੀ ਸੰਵਿਧਾਨ ਵੱਲੋਂ ਮਾਨਤਾ ਦਿੱਤੀ ਹੈ ਜਦਕਿ ਸੰਵਿਧਾਨ ਦੇ (ਆਰਟੀਕਲ 343) ਅਨੁਸਾਰ ਦੇਸ਼ ਦੀ ਕੋਈ ਵੀ ਰਾਸ਼ਟਰੀ ਭਾਸ਼ਾ ਨਹੀਂ ਹੈ। ਕਿਹਾ ਜਾਂਦਾ ਹੈ ਕਿ ਜੋ ਬੋਲੀ ਬੱਚਾ ਆਪਣੀ ਮਾਂ ਤੋਂ ਸਿੱਖਦਾ ਹੈ, ਉਸ ਦੀ ਮਾਂ ਬੋਲੀ ਹੈ ਪਰ ਅੱਜ ਦੇ ਸਮੇਂ ਤਾਂ ਮਾਂ ਦਾ ਸਾਰਾ ਜ਼ੋਰ ਇਸ ਗੱਲ 'ਤੇ ਹੁੰਦਾ ਹੈ ਕਿ ਉਹ ਜਿੰਨੀ ਛੇਤੀ ਹੋ ਸਕੇ ਅੰਗਰੇਜ਼ੀ ਆਪਣੇ ਬੱਚੇ ਨੂੰ ਸਿਖਾ ਦੇਵੇ। ਅੱਜ ਮਾਂ ਵੱਲੋਂ ਤੇ ਸਕੂਲ ਵੱਲੋਂ ਅੰਗਰੇਜ਼ੀ ਭਾਸ਼ਾ ਦੇ ਦਬਾਅ ਹੇਠ ਬੱਚਾ ਨਾ ਤਾਂ ਪੂਰੀ ਤਰ੍ਹਾਂ ਅੰਗਰੇਜ਼ੀ ਸਿੱਖ ਪਾਉਂਦਾ ਹੈ ਤੇ ਨਾ ਹੀ ਪੰਜਾਬੀ।

ਪੰਜਾਬੀ ਭਾਸ਼ਾ 'ਤੇ ਅੰਗਰੇਜ਼ੀ ਭਾਸ਼ਾ ਦੋ ਤਰੀਕਿਆਂ ਨਾਲ ਭਾਰੂ ਹੋ ਰਹੀ ਹੈ। ਪਹਿਲੀ ਸ਼ਬਦਾਵਲੀ, ਜਿਨ੍ਹਾਂ ਦਾ ਸਾਡੇ ਕੋਲ ਪੰਜਾਬੀ 'ਚ ਕੋਈ ਰੂਪਾਂਤਰਣ ਨਹੀਂ, ਉਨ੍ਹਾਂ ਨੂੰ ਵਰਤਣਾ ਸਾਡੀ ਮਜਬੂਰੀ ਹੈ ਜਿਵੇਂ 'ਸਕੂਟਰ', 'ਮੋਬਾਇਲ', 'ਮਾਈਕਰੋਵੇਵ', 'ਓਵਨ' ਆਦਿ। ਕਿਉਂਕਿ ਇਹ ਸਾਡੇ ਸੱਭਿਆਚਾਰ 'ਚੋਂ ਪੈਦਾ ਹੋਈਆਂ ਵਸਤਾਂ ਨਹੀਂ, ਬਲਕਿ ਦੂਜੇ ਸੱਭਿਆਚਾਰ 'ਚੋਂ ਲਈਆਂ ਗਈਆਂ ਹਨ। ਇਨ੍ਹਾਂ ਦਾ ਸਾਡੇ ਕੋਲ ਪੰਜਾਬੀ 'ਚ ਕੋਈ ਉਲੱਥਾ ਨਹੀਂ। ਦੂਜਾ ਤਰੀਕਾ ਆਪਣੀ ਭਾਸ਼ਾ ਨੂੰ ਪ੍ਰਭਾਵੀ ਬਣਾਉਣ ਲਈ ਜਾਂ ਆਪਣੇ ਗਿਆਨਵਾਨ ਹੋਣ ਦਾ ਰੋਅਬ ਪਾਉਣ ਲਈ ਵਰਤੀ ਜਾਂ ਰਹੀ ਸ਼ਬਦਾਵਲੀ। ਸਾਡੇ ਕੋਲ ਪੰਜਾਬੀ 'ਚ ਆਪਣੇ ਸ਼ਬਦ ਵੀ ਹਨ ਪਰ ਫਿਰ ਵੀ ਇਸਦੀ ਜਗ੍ਹਾ ਅਸੀਂ ਹੋਰ ਭਾਸ਼ਾ ਦੇ ਸ਼ਬਦ ਵਰਤਣਾ ਵਧੇਰੇ ਪਸੰਦ ਕਰਦੇ ਹਾਂ ਜਿਵੇਂ 'ਵਾਈ ਨਾਟ', 'ਐਕਸਕਿਊਜ਼ ਮੀ ਪਲੀਜ਼' ਆਦਿ। ਜਿਉਂ-ਜਿਉਂ ਸੱਭਿਆਚਾਰਕ ਤਬਦੀਲੀਆਂ ਆਉਂਦੀਆਂ ਹਨ, ਸਾਡੇ ਕੋਲ ਸ਼ਬਦਾਵਲੀ ਵੀ ਵੱਧ ਜਾਂਦੀ ਹੈ। ਰਸੋਈ (ਝਲਾਨੀ) ਲਈ 'ਕਿਚਨ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜ ਕੱਲ੍ਹ ਤਾਂ ਪੰਜਾਬੀਆਂ ਦੇ ਘਰਾਂ ਅੱਗੇ ਵੀ ਨਾਂ ਦੀਆਂ ਪਲੇਟਾਂ ਅੰਗਰੇਜ਼ੀ 'ਚ ਲਿਖੀਆਂ ਮਿਲਦੀਆਂ ਹਨ ਜਦਕਿ ਆਉਣਾ ਉੱਥੇ ਪੰਜਾਬੀਆਂ ਨੇ ਹੀ ਹੁੰਦਾ ਹੈ। ਕੁਝ ਸੱਭਿਆਚਾਰਕ ਤਬਦੀਲੀਆਂ ਵੀ ਕੁਝ ਸ਼ਬਦਾਂ ਦੇ ਖਾਰਜ

> ਸੱਚਾਈ ਤਾਂ ਇਹ ਹੈ ਕਿ ਅਸੀਂ ਭਾਸ਼ਾ ਦੀ ਵਰਤੋਂ ਪ੍ਰਤੀ ਬਿਲਕੁਲ ਵੀ ਸੁਚੇਤ ਨਹੀਂ ਰਹੇ, ਜੋ ਵੀ ਸਾਨੂੰ ਸਮੇਂ ਸਥਿਤੀ ਅਨੁਸਾਰ ਠੀਕ ਲੱਗਦਾ ਹੈ ਅਸੀਂ ਉਸਨੂੰ ਹੀ ਵਰਤ ਲੈਂਦੇ ਹਾਂ। ਭਾਸ਼ਾ ਵਿਗਿਆਨ 'ਚ ਹੋਈਆਂ ਖੋਜਾਂ ਵੀ ਸਾਬਿਤ ਕਰ ਚੁੱਕੀਆਂ ਹਨ ਕਿ ਹੋਰ ਕੋਈ ਵੀ ਭਾਸ਼ਾ ਸਿੱਖਣ ਲਈ ਆਪਣੀ ਮਾਤ ਭਾਸ਼ਾ ਨੂੰ ਸਿੱਖਣਾ ਜ਼ਰੂਰੀ ਹੈ। ਅਜਿਹਾ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਸਭ ਤੋਂ ਵੱਡਾ ਖ਼ਤਰਾ ਸਾਡੇ ਤੋਂ ਹੀ ਹੈ ਜੋ ਸੰਪੂਰਨ ਭਾਸ਼ਾ ਹੋਣ ਦੇ ਬਾਵਜੂਦ ਹੋਰ ਭਾਸ਼ਾ ਦੀ ਵਰਤੋਂ ਕਰ ਰਹੇ ਹਾਂ। ਬਿਨ੍ਹਾਂ ਸ਼ੱਕ ਬਹੁਤ ਸਾਰੀਆਂ ਸੰਸਥਾਵਾਂ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਉਜਵਲ ਭਵਿੱਖ ਲਈ ਯਤਨਸ਼ੀਲ ਹਨ।

ਹੋ ਣ 'ਚ ਭੂਮਿਕਾ ਨਿਭਾਉਂਦੀਆਂ ਹਨ। ਕੂੰਡਾ, ਘੋਟਨਾ, ਫੌਹੜਾ, ਨੇਹੀ, ਮਧਾਣੀ, ਆਦਿ ਵਸਤੂਆਂ ਦੀ ਜਿਉਂ ਜਿਉਂ ਵਰਤੋਂ ਘੱਟ ਰਹੀ ਹੈ, ਉਵੇਂ ਹੀ ਇਹ ਸ਼ਬਦ ਪੰਜਾਬੀ ਭਾਸ਼ਾ 'ਚੋਂ ਖਾਰਜ ਹੋ ਜਾਣਗੇ।

## ਤਕਨੀਕੀ ਸਮੱਸਿਆਵਾਂ

ਪੰਜਾਬੀ ਭਾਸ਼ਾ ਦੇ ਵਿਸਥਾਰ 'ਚ ਕੁਝ ਕੁ ਸਮੱਸਿਆਵਾਂ ਇਸ ਦੇ ਕੰਪੀਊਟਰੀਕਰਨ ਨਾਲ ਵੀ ਜੁੜੀਆਂ ਹਨ। ਪੰਜਾਬੀ ਭਾਸ਼ਾ ਦੇ ਤਕਨੀਕੀ ਕਾਰਨਾਂ ਨਾਲ ਵੀ ਬਹੁਤ ਸਾਰੀਆਂ ਸਮੱਸਿਆਵਾਂ ਜੁੜੀਆਂ ਹੋਈਆਂ ਹਨ। ਪੰਜਾਬੀ ਭਾਸ਼ਾ 'ਚ ਟਾਈਪਿੰਗ ਦੀ ਜਿਹੜੀ ਸਭ ਤੋਂ ਵੱਡੀ ਸਮੱਸਿਆ ਫੌਂਟਾਂ ਦੀ ਸਮੱਸਿਆ ਰਹੀ ਹੈ। ਬੇਸ਼ੱਕ ਬਹੁਤ ਸਾਰੇ ਫੌਂਟ ਬਣਾ ਲਏ ਹਨ ਪਰ ਪੂਰੀ ਤਰ੍ਹਾਂ ਦੀ ਸੰਤੁਸ਼ਟੀਜਨਕ ਕੋਈ ਵੀ ਨਹੀਂ ਕਿਹਾ ਜਾ ਸਕਦਾ, ਨਾ ਹੀ ਪੰਜਾਬੀ ਭਾਸ਼ਾ ਲਈ ਕੋਈ ਵੱਖਰਾ ਕੀ ਬੋਰਡ ਬਣਾਇਆ ਜਾ ਸਕਦਾ ਹੈ। ਸਾਨੂੰ ਰੋਮਨ ਲਿਪੀ ਦੇ ਕੀ ਬੋਰਡ 'ਤੇ ਹੀ ਕੰਮ ਸਾਰਨਾ ਪੈ ਰਿਹਾ ਹੈ। ਕਿਤੇ ਨਾ ਕਿਤੇ ਇਸ ਦਾ ਇਕ ਕਾਰਨ ਪੰਜਾਬੀ ਭਾਸ਼ਾ ਦੇ ਅੱਖਰਾਂ ਦੀ ਗਿਣਤੀ ਹੈ, ਜੋ ਜ਼ਿਆਦਾ ਹੈ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਦੀਆਂ ਲਗਾਂ ਮਾਤਰਾਵਾਂ ਬਹੁਤ ਹਨ, ਜਿਨ੍ਹਾਂ ਲਈ ਵੱਡੇ ਕੀ ਬੋਰਡ ਦੀ ਜ਼ਰੂਰਤ ਹੈ ਜਿਹੜਾ ਕਿ ਮੁਸ਼ਕਲ ਜਾਪਦਾ ਹੈ ਜਦਕਿ ਰੋਮਨ ਲਿਪੀ 'ਚ ਬਣੇ ਕੀ ਬੋਰਡ ਤੇ ਟਾਈਪਿੰਗ ਆਸਾਨੀ ਨਾਲ ਹੋ ਜਾਂਦੀ ਹੈ। ਅੱਜ ਚਰਚਾ 'ਚ ਚਲ ਰਹੇ ਗੀਤਾਂ 'ਚ ਅੱਧੇ ਤੋਂ ਜ਼ਿਆਦਾ ਸ਼ਬਦ ਅੰਗਰੇਜ਼ੀ ਦੇ ਵਰਤੇ ਜਾ ਰਹੇ ਹਨ। ਇਕ ਹੋਰ ਰੁਝਾਨ ਅੰਗਰੇਜ਼ੀ ਭਾਸ਼ਾ ਨੂੰ ਪੰਜਾਬੀ ਲਹਿਜੇ 'ਚ ਆ ਅੰਤਕ ਲਾ ਕੇ ਬੋਲਣ ਦਾ ਹੈ। ਜਿਵੇਂ ਬੁੱਕਾਂ, ਕਲਾਸਾਂ, ਡਰੈਸਾਂ, ਬੈਂਕਾਂ, ਸਕੂਲਾਂ ਆਦਿ। ਇਹ ਨਾ ਤਾਂ ਪੰਜਾਬੀ ਭਾਸ਼ਾ ਹੈ ਨਾ ਹੀ ਅੰਗਰੇਜ਼ੀ ਭਾਸ਼ਾ ਹੈ। ਸੱਚਾਈ ਤਾਂ ਇਹ ਹੈ ਕਿ ਅਸੀਂ ਭਾਸ਼ਾ ਦੀ ਵਰਤੋਂ ਪ੍ਰਤੀ ਬਿਲਕੁਲ ਵੀ ਸੁਚੇਤ ਨਹੀਂ ਰਹੇ, ਜੋ ਵੀ ਸਾਨੂੰ ਸਮੇਂ ਸਥਿਤੀ ਅਨੁਸਾਰ ਠੀਕ ਲੱਗਦਾ ਹੈ ਅਸੀਂ ਉਸਨੂੰ ਹੀ ਵਰਤ ਲੈਂਦੇ ਹਾਂ। ਭਾਸ਼ਾ ਵਿਗਿਆਨ 'ਚ ਹੋਈਆਂ ਖੋਜਾਂ ਵੀ ਸਾਬਿਤ ਕਰ ਚੁੱਕੀਆਂ ਹਨ ਕਿ ਹੋਰ ਕੋਈ ਵੀ ਭਾਸ਼ਾ ਸਿੱਖਣ ਲਈ ਆਪਣੀ ਮਾਤ ਭਾਸ਼ਾ ਨੂੰ ਸਿੱਖਣਾ ਜ਼ਰੂਰੀ ਹੈ। ਅਜਿਹਾ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਸਭ ਤੋਂ ਵੱਡਾ ਖ਼ਤਰਾ ਸਾਡੇ ਤੋਂ ਹੀ ਹੈ ਜੋ ਸੰਪੂਰਨ ਭਾਸ਼ਾ ਹੋਣ ਦੇ ਬਾਵਜੂਦ ਹੋਰ ਭਾਸ਼ਾ ਦੀ ਵਰਤੋਂ ਕਰ ਰਹੇ ਹਾਂ। ਬਿਨ੍ਹਾਂ ਸ਼ੱਕ ਬਹੁਤ ਸਾਰੀਆਂ ਸੰਸਥਾਵਾਂ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਉਜਵਲ ਭਵਿੱਖ ਲਈ ਯਤਨਸ਼ੀਲ ਹਨ। ਪੰਜਾਬੀ ਭਾਸ਼ਾ ਦੇ ਬਿਹਤਰੀਨ ਭਵਿੱਖ ਲਈ ਠੋਸ ਕਦਮ ਚੁੱਕਣੇ ਜ਼ਰੂਰੀ ਹਨ।

## ਸੋਸ਼ਲ ਮੀਡੀਆ ਦੀ ਭੂਮਿਕਾ

ਪੰਜਾਬੀ ਭਾਸ਼ਾ ਦੇ ਵਿਕਾਸ ਤੇ ਤਬਦੀਲੀਆਂ 'ਚ ਸੋਸ਼ਲ ਮੀਡੀਆ ਵੀ ਆਪਣੀ ਭੂਮਿਕਾ ਨਿਭਾ ਰਿਹਾ ਹੈ। ਜਿੱਥੇ ਸੋਸ਼ਲ ਮੀਡੀਆ ਤੇ ਪੰਜਾਬੀ ਸਾਹਿਤ ਨੂੰ ਇਕ ਵੱਖਰਾ ਮੰਚ ਮਿਲਿਆ ਹੈ ਉੱਥੇ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਵੀ ਹੋਈ ਹੈ ਪਰ ਸੋਸ਼ਲ ਮੀਡੀਆ 'ਤੇ ਵਰਤੀ ਜਾਂਦੀ ਪੰਜਾਬੀ ਦਾ ਵਿਆਕਰਨ ਪੱਖੋਂ ਬਿੰਦੀ, ਟਿੱਪੀ, ਅੱਧਕ ਦਾ ਕੋਈ ਖਾਸ ਖਿਆਲ ਨਹੀਂ ਰੱਖਿਆ ਜਾਂਦਾ, ਬਲਕਿ ਇਨ੍ਹਾਂ ਚੀਜ਼ਾਂ ਨੂੰ ਦਰਕਿਨਾਰ ਹੀ ਕੀਤਾ ਜਾ ਰਿਹਾ ਹੈ। ਪੰਜਾਬੀ ਭਾਸ਼ਾ ਤੇ ਇਕ ਨਵਾਂ ਪ੍ਰਯੋਗ ਪੰਜਾਬੀ ਨੂੰ ਰੋਮਨ ਲਿਪੀ ਵਿਚ ਲਿਖਣ ਦਾ ਰੁਝਾਨ ਵੀ ਪੈਦਾ ਕੀਤਾ ਹੈ।

ਵਟਸਐਪ ਜਾਂ ਫੇਸਬੁੱਕ ਦੇ ਮੈਸੇਂਜਰ 'ਤੇ ਗੱਲਬਾਤ ਕਰਨ ਲਈ ਵਰਤੀ ਤਾਂ ਪੰਜਾਬੀ ਭਾਸ਼ਾ ਜਾਂਦੀ ਹੈ ਪਰ ਉਸਨੂੰ ਲਿਖਿਆ ਰੋਮਨ ਲਿਪੀ ਵਿਚ ਜਾ ਰਿਹਾ ਹੈ ਜਦਕਿ ਰੋਮਨ ਲਿਪੀ ਪੰਜਾਬੀ ਭਾਸ਼ਾ ਲਈ ਬਿਲਕੁਲ ਵੀ ਢੁੱਕਵੀਂ ਨਹੀਂ ਹੈ। ਰੋਮਨ ਲਿਪੀ ਪੰਜਾਬੀ ਭਾਸ਼ਾ ਦੀਆਂ ਸਾਰੀਆਂ ਧੁਨੀਆਂ ਨੂੰ ਪ੍ਰਗਟਾਉਣ 'ਚ ਅਸਮਰੱਥ ਹੈ। ਸੋਸ਼ਲ ਮੀਡੀਆ ਉੱਤੇ ਰੋਮਨ ਲਿਪੀ ਵਿਚ ਲਿਖੀ ਜਾ ਰਹੀ ਪੰਜਾਬੀ ਭਾਸ਼ਾ ਦੇ ਕੁਝ ਅੰਸ਼ ...ਏਥੇ 'ਤ' ਤੇ 'ਟ' ਧੁਨੀ ਲਈ ਇਕੋ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ।

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ!

# ਅਰਪਨ ਲਿਖਾਰੀ ਸਭਾ ਦੇ ਸਾਲਾਨਾ ਸਮਾਗਮ ਦੌਰਾਨ ਅਰਪਨ ਐਵਾਰਡ ਮੀਡੀਆ ਕਰਮੀ ਅਤੇ ਸਾਹਿਤਕਾਰ ਇਕਬਾਲ ਮਾਹਲ ਨੂੰ ਦਿੱਤਾ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦਾ ਸਾਲਾਨਾ ਸਮਾਗਮ 24 ਜੂਨ 2023 ਨੂੰ ਟੈਂਪਲ ਕਮਿਊਨਟੀ ਹਾਲ ਵਿੱਚ ਭਾਰੀ ਇਕੱਠ ਨਾਲ ਬਹੁਤ ਹੀ ਉਤਸ਼ਾਹ ਅਤੇ ਹੁਲਾਸ ਨਾਲ ਹੋਇਆ।ਜਨਰਲ ਸਕੱਤਰ ਜਸਵੰਤ ਸਿੰਘ ਸੇਖੋਂ ਨੇ ਸਟੇਜ ਸੰਚਾਲਨ ਸੰਭਾਲਦਿਆਂ ਸਭਾ ਦੇ ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ, ਇਕਬਾਲ ਮਾਹਲ, ਪ੍ਰਿਥੀ ਰਾਜ ਕਾਲੀਆ, ਡਾ. ਗੁਰਮਿੰਦਰ ਕੌਰ ਸਿੱਧੂ ਅਤੇ ਕੇਸਰ ਸਿੰਘ ਨੀਰ ਨੂੰ ਪ੍ਰਧਾਨਗੀ ਮੰਡਲ ਵਿੱਚ ਸਿਸ਼ੋਬਤ ਹੋਣ ਦੀ ਬੇਨਤੀ ਕੀਤੀ। ਕੇਸਰ ਸਿੰਘ ਨੀਰ ਨੇ ਆਏ ਹੋਏ ਵਿਦਵਾਨਾਂ ਬਾਰੇ ਜਾਣ-ਪਛਾਣ ਕਰਾਉਂਦਿਆਂ, ਸਾਹਿਤ ਪ੍ਰੇਮੀਆਂ ਅਤੇ ਸਰੋਤਿਆਂ ਨੂੰ ਬਹੁਤ ਹੀ ਭਾਵ-ਪੂਰਤ ਸ਼ਬਦਾਂ ਵਿੱਚ ਜੀ ਆਇਆ ਅਖਿਆ।

ਪ੍ਰੋਗਰਾਮ ਦੀ ਸ਼ੁਰੂਆਤ ਯੰਗਸਿਤਾਨ ਸੰਸਥਾ ਦੇ ਬੱਚਿਆਂ ਵੱਲੋਂ ਕੀਤੀ ਗਈ। ਕੈਨੇਡੀਅਨ ਜੰਮ-ਪਲ਼ ਬੱਚਿਆਂ ਨੇ ਸ਼ੁਧ ਅਤੇ ਠੇਠ ਪੰਜਾਬੀ ਵਿੱਚ ਬਾਲ-ਕਾਵਿ ਦੇ ਉਚਾਰਨ ਕਰਕੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ। ਸਹਿਜ ਗਿੱਲ, ਰਹੌਨੀਸ਼ ਗੌਤਮ, ਕੀਰਤ ਕੌਰ ਧਾਰਨੀ, ਨਿਮਰਤਾ ਧਾਰਨੀ ਸਲੋਨੀ ਗੌਤਮ ਦੇ ਨਾਂਅ ਵਰਨਣ ਯੋਗ ਹਨ।ਇਨ੍ਹਾਂ ਤੋਂ ਇਲਾਵਾਂ ਛੋਟੇ ਦੋ ਹੋਰ ਬੱਚਿਆਂ ਨੇ ਵੀ ਪੰਜਾਬੀ ਵਿੱਚ ਬਾਲ-ਕਵਿਤਾ ਕਵਿਤਾ ਉਚਾਰਨ ਵਿੱਚ ਹਿੱਸਾ ਲਿਆ। ਸਰੋਤਿਆਂ ਵੱਲੋਂ ਭਰਪੂਰ ਤਾੜੀਆਂ ਦੀ ਗੂੰਜ ਨਾਲ ਅਤੇ ਸਭਾ ਵੱਲੋਂ ਇੰਡੀਗੋ ਬੁੱਕ ਸਟੋਟ ਦੇ ਗਿਫ਼ਟ-ਕਾਰਡ ਅਤੇ ਉਨ੍ਹਾਂ ਦੇ ਪੜ੍ਹਨ ਵਾਲ਼ੀ ਇੱਕ ਇੱਕ ਪੁਸਤਕ ਦੇ ਕੇ ਹੌਂਸਲਾ ਅਫ਼ਜਾਈ ਕੀਤੀ ਗਈ।

ਕਵਿਤਾ ਗਾਇਨ ਕਰਕੇ ਡਾ. ਮਨਮੋਹਣ ਸਿੰਘ ਬਾਠ ਨੇ 'ਇਹ ਦੁਨੀਆ ਦੀ ਹਕੀਕਤ ਪੈਸਾ ਹੈ, ਪੈਸੇ ਦੀ ਕੀਮਤ ਕੁੱਝ ਵੀ ਨਹੀਂ' ਸੁਣਾ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ। ਸਰਬਜੀਤ ਕੌਰ ਉੱਪਲ਼ ਨੇ 'ਪੱਗੜੀ ਸਭਾਲ ਜੱਟਾ' ਕਵਿਤਾ ਰਾਹੀਂ ਅੱਜ ਦੀ ਕਿਸਾਨੀ ਦੀ ਦਾਸਤਾਨ ਬਿਆਨ ਕੀਤੀ। ਜਰਨੈਲ ਸਿੰਘ ਤੱਗੜ ਨੇ ਮਾਹਲ ਦੇ ਲੰਮੇ ਸਮੇਂ ਤੋਂ ਮਿਆਰੀ ਪੰਜਾਬੀ ਪ੍ਰੋਗਰਾਮ ਦੀ ਪੇਸ਼ਕਾਰੀ ਕਰਨ ਦੀ ਸ਼ਲਾਘਾ ਕੀਤੀ ਅਤੇ ਇੱਕ ਕਵਿਤਾ ਪੇਸ਼ ਕੀਤੀ। ਐੱਮ. ਪੀ. ਜੌਰਜ ਚਾਹਲ ਨੇ ਪੰਜਾਬੀ ਬੋਲੀ ਬੋਲਣ ਵਾਲਿਆਂ ਦੀ ਵੱਧ ਰਹੀ ਗਿਣਤੀ ਬਾਰੇ ਖੁਸ਼ੀ ਪ੍ਰਗਟ ਕੀਤੀ। ਕੈਲਗਰੀ ਦੇ ਸਿਟੀ ਹਾਲ ਵਿੱਚ ਵੀ ਪੰਜਾਬੀ ਬੋਲਣ ਦੀਆਂ ਸਹੂਲਤਾਂ ਬਾਰੇ ਗੱਲ ਕੀਤੀ।ਸੁਰਿੰਦਰ ਗੀਤ ਨੇ ਇੱਕ ਕਵਿਤਾ 'ਮੁਸ਼ਕਲ ਬੜਾ ਹੈ ਜੀਣਾ ਆਪ ਤੋਂ ਦੂਰ ਜਾ ਕੇ' ਸੁਣਾਈ ਐੱਲ. ਐੱਮ. ਏ. ਜਸਬੀਰ ਦਿਓਲ ਨੇ ਪੰਜਾਬੀ ਬੋਲੀ ਦੀ ਮਹਾਨਤਾ ਬਾਰੇ ਗੱਲ ਕਰਦਿਆਂ ਕੈਨੇਡਾ ਦੇ ਨੇਟਿਵ ਲੋਕਾਂ ਦੇ ਮਸਲੇ ਨੂੰ ਵੀ ਛੋਹਇਆ। ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਆਪਣੀ ਗ਼ਜ਼ਲ 'ਪੀੜ ਲੁਕਾਈ ਬੈਠੈ ਹਾਂ ਦੁਖਿਆਰਾਂ ਵਾਂਗ' ਵਿਲਖਣ ਅੰਦਾਜ਼ ਵਿੱਚ ਪੇਸ਼ ਕੀਤੀ।ਕੈਲਗਰੀ ਦੀ ਕਵੀਸ਼ਰ ਜੋੜੀ (ਸਰੂਪ ਸਿੰਘ ਮੰਡੇਰ ਅਤੇ ਜਸਵੰਤ ਸਿੰਘ ਸੇਖੋਂ) ਨੇ ਕਵੀਸ਼ਰੀ ਪੇਸ਼ ਕਰਕੇ ਅਲੋਪ ਹੋ ਰਹੇ ਪੰਜਾਬੀ ਵਿਰਸੇ ਨੂੰ ਸਾਕਾਰ ਕਰ ਦਿੱਤਾ। ਐਡਮਿੰਟਨ ਤੋਂ ਪੀ. ਆਰ. ਕਾਲੀਆ ਐਡੀਟਰ ਏਸ਼ੀਅਨ ਅਖ਼ਬਾਰ ਨੇ ਇੱਕ ਹਿੰਦੀ ਦੀ ਕਵਿਤਾ 'ਆਦਮੀ ਐਸੇ ਕਿਉਂ ਵਿਕਤਾ ਹੈ' ਵੱਖਰੇ ਅੰਦਾਜ਼ ਵਿੱਚ ਸੁਣਾ ਕੇ ਅੱਜ ਦੇ ਭਾਰਤ ਦੀ ਰਾਜਨੀਤੀ ਤੇ ਡੂੰਘੀ ਟਕੋਰ ਕੀਤੀ। ਕੇਸਰ ਸਿੰਘ ਨੀਰ ਨੇ ਇਕਬਾਲ ਮਾਹਲ ਦੀ ਪੰਜਾਬੀ ਸਭਿਆਚਾਰ ਨੂੰ ਪ੍ਰਮੋਟ ਕਰਨ ਅਤੇ ਨਾਮਵਰ ਕਲਾਕਾਰਾਂ ਨੂੰ ਕੈਨੇਡਾ ਦੇ ਪੰਜਾਬੀ ਪ੍ਰੋਗਰਾਮਾਂ ਨੂੰ ਟੀ. ਵੀ. ਰੇਡੀਓ ਤੇ ਪੇਸ਼ ਕਰਨ ਦੀ ਦੇਣ ਅਤੇ ਉਹਦੀ ਲੇਖਣੀ ਬਾਰੇ ਸੰਖੇਪ ਚਾਨਣਾ ਪਾਇਆ। ਉਪਰੰਤ ਸਭਾ ਦੀ ਕਾਰਜਕਾਰਨੀ ਵੱਲੋਂ ਇੱਕ ਹਜ਼ਾਰ ਡਾਲਰ, ਇੱਕ ਯਾਦਗਾਰੀ ਚਿੰਨ, ਇੱਕ ਸ਼ਾਲ ਅਤੇ ਸਭਾ ਦੇ ਲੇਖਕਾਂ ਦੀਆਂ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।



ਇਕਬਾਲ ਮਾਹਲ ਨੇ ਆਪਣੇ ਪਿਛੋਕੜ ਬਾਰੇ ਗੱਲ ਕਰਦਿਆਂ ਲੰਮੇ ਸਮੇਂ ਤੋਂ ਕੀਤੇ ਪੰਜਾਬੀ ਬੋਲੀ ਦੇ ਪ੍ਰੋਗਰਾਮਾਂ ਬਾਰੇ ਵਿਸਥਾਰ ਨਾਲ ਚਾਨਣਾ ਪਇਆ। ਇਕਬਾਲ ਨੇ ਅਰਪਨ ਲਿਖਾਰੀ ਸਭਾ ਦਾ ਧੰਨਵਾਦ ਕਰਦਿਆ ਆਖਿਆ ਕਿ ਉਇਕਬਾਲ ਅਰਪਨ ਯਾਦਗਾਰੀ ਪੁਰਸਕਾਰ" ਲੈਦਿਆਂ ਮਾਣ ਮਹਿਸੂਸ ਕਰਦਾ ਹਾਂ। ਇਕਬਾਲ ਅਰਪਨ ਜਿੱਥੇ ਇੱਕ ਵਧੀਆ ਸਾਹਿਤਕਾਰ ਸਨ ਉੱਥੇ ਉਹ ਇੱਕ ਨਾਮਵਰ ਸਮਾਜ ਸੇਵਕ ਅਤੇ ਨੇਕ ਇਨਸਾਨ ਵੀ ਸਨ।ਜਿਨ੍ਹਾਂ ਦੇ ਉਤਸ਼ਾਹ ਸਦਕਾ ਕੈਲਗਰੀ ਵਿੱਚ ਬਹੁਤ ਸਾਰੇ ਜਿੱਥੇ ਨਵੇਂ ਲੇਖਕ ਪੈਦਾ ਹੋਏ ਉੱਥੇ ਵੱਡੀ ਉਮਰ ਦੇ ਲੇਖਕਾਂ ਨੇ ਵੀ ਕਲਮਾਂ ਚੁੱਕੀਆਂ ਤੇ ਲਿਖਿਆ ਵੀ।ਇਹ ਕੈਲਗਰੀ ਦੇ ਸਾਹਿਤਕ ਇਤਿਹਾਸ ਬਾਰੇ ਬਹੁਤ ਵੱਡੀ ਗੱਲ ਹੈ।ਮਾਹਿਲ ਨੇ ਕਿਹਾ ਕਿ ਇਕਬਾਲ ਹੋਣਾ ਵੱਡੀ ਗੱਲ ਨਹੀਂ ਇਕਬਾਲ ਬਣਨਾ ਵੱਡੀ ਗੱਲ ਹੈ।ਮਾਹਿਲ ਨੇ ਸਭਾ ਦਾ ਧੰਨਵਾਦ ਕਰਦਿਆਂ ਆਖਿਆ ਕਿ ਸਾਨੂੰ ਹੋਰ ਬੋਲੀਆਂ ਬੋਲਣ ਅਤੇ ਸਿੱਖਣ ਦੇ ਨਾਲ ਨਾਲ ਆਪਣੀ ਮਾਂ ਬੋਲੀ ਤੇ ਮਾਣ ਹੋਣਾ ਚਾਹੀਦਾ ਹੈ।

ਦੂਜੇ ਦੌਰ ਵਿਚ ਇੰਡੀਆ ਤੋਂ ਆਏ ਬੱਚਿਆਂ ਦੀਆਂ ਬੀਮਾਰੀਆਂ ਦੀ ਮਾਹਿਰ ਅਤੇ ਨਾਮਵਰ ਡਾ. ਗੁਰਮਿੰਦਰ ਕੌਰ ਸਿੱਧੂ ਜੋ ਬਹੁ-ਵਿਧੀ ਸਾਹਿਤਕ ਰੁਚੀਆਂ ਦੇ ਮਾਲਿਕ ਵੀ ਹਨ, ਨੇ ਆਪਣੀ ਇੱਕ ਕਵਿਤਾ 'ਆਉ ਚਿੱਠੀਆਂ ਭੇਜੀਏ ਮੁਹੱਬਤਾਂ 'ਚ ਗੁੰਨ ਕੇ' ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੀ।ਡਾ. ਜੋਗਾ ਸਿੰਘ ਨੇ ਕੈਸ਼ਓ ਤੇ ਦਿਲਾਂ ਨੂੰ ਟੁੰਬਦੀ ਕਵਿਤਾ 'ਨਹੀਂ ਭੁਲਦੇ ਕਿਵੇਂ ਮੈਂ ਭੁਲਾਂ ਉਹ ਦਿਨ ਬਚਪਨ ਦੇ' ਪੇਸ਼ ਕਰਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ।ਐਡਮਿੰਟਨ ਤੋਂ ਆਈ ਕਵਿਤਰੀ ਬਖ਼ਸ਼ ਸੰਘਾ ਨੇ ਕਵਿਤਾ ਦੀ ਪੇਸ਼ਕਾਰੀ ਨਾਲ ਸਰੋਤਿਆਂ ਦਾ ਧਿਆਨ ਖਿੱਚਿਆ। ਡਾ. ਦਲਜੀਤ ਸਿੰਘ ਦੇ ਪੰਜਾਬੀ ਭਾਸ਼ਾ ਬਾਰੇ ਕੀਤੀ ਗੱਲ ਨੇ ਸਰੋਤਿਆਂ ਨੂੰ ਮਾਂ ਬੋਲੀ ਦੀ ਮਹੱਤਤਾ ਅਤੇ ਸੱਭਿਆਚਾਰ ਦੀ ਮਹਾਨਤਾ ਬਾਰੇ ਜਾਗਰੂਕ ਕਰਨ ਵਾਲੇ ਸ਼ਬਦਾਂ ਨੇ ਇੱਕ ਵਾਰ ਸੋਚਣ ਲਈ ਮਜਬੂਰ ਕਰ ਦਿੱਤਾ।ਉਨ੍ਹਾਂ ਆਖਿਆ ਕਿ ਸਾਡੀ ਭਾਸ਼ਾ ਹੀ ਸਾਡੀ ਪਛਾਣ ਹੈ।ਸੁਖਵਿੰਦਰ ਸਿੰਘ ਤੂਰ ਨੇ ਪੰਜਾਬੀ ਬੋਲੀ ਦੀ ਸਿਫ਼ਤ ਕਰਦੀ ਕਵਿਤਾ'ਨੀ ਰਜ਼ਬ ਅਲੀ ਦੀਏ ਲਾਡਲੀਏ ਤੂੰ ਸਭ ਨੂੰ ਚੰਗੀ ਲੱਗਦੀ ਏ' ਨੇ ਸਰੋਤਿਆਂ ਨੂੰ ਕੀਲ ਕੇ ਬਿਠਾ ਲਿਆ। ਦਰਸ਼ਣ ਤਿਓਣਾ ਨੇ ਕਿਸਾਨੀ ਮਸਲਿਆਂ ਨੂੰ ਬਿਆਨ ਕਰਦੀ ਕਵਿਤਾ ਅਨੂਠੇ ਅੰਦਾਜ਼ ਵਿਚ ਪੇਸ਼ ਕੀਤੀ। ਕੁਲਦੀਪ ਘਟੋੜਾ, ਜਸਵੀਰ ਸਹੋਤਾ, ਪਰਮਜੀਤ ਭੰਗੂ ਨੇ ਆਪੋ ਆਪਣੇ ਕਲਾਮ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕਰਕੇ ਸਰੋਤਿਆਂ ਦਾ ਧਿਆਨ ਖਿੱਚਿਆ।ਗੁਰਪ੍ਰੀਤ ਸੰਧੂ ਨੇ ਰੈਪ ਗੀਤ ਵਿੱਚ ਅੱਜ ਦੇ ਪੰਜਾਬ ਦੇ ਹਾਲਾਤ ਬਿਆਨ ਕਰਦੀ ਕਵਿਤਾ ਪੇਸ਼ ਕੀਤੀ।ਸੰਨੀ ਧਾਲੀਵਾਲ ਨੇ ਪਹਿਲੇ ਕਵੀਆਂ ਦੀ ਪ੍ਰੰਮਪਰਾ ਨੂੰ ਛੱਡ ਕੇ ਨਵੇਂ ਅੰਦਾਜ਼ ਵਿੱਚ ਪੇਸ਼ ਕਰਦਿਆਂ ਨਵੀਂ ਪੀੜੀ ਨੂੰ ਦੇ ਬਜ਼ੁਰਗਾਂ ਮਾਣ ਸਨਮਾਣ ਕਰਨ ਲਈ ਫਰਜ਼ਾ ਪ੍ਰਤੀ ਜਾਗਰੂਪ ਹੋਣ ਦਾ ਸਨੇਹਾ ਦਿੱਤਾ।

ਅਖ਼ੀਰ ਤੇ ਸਭਾ ਦੇ ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ ਨੇ ਆਏ ਹੋਏ ਸਰੋਤਿਆਂ, ਸਹਿਤਕਾਰਾਂ ਅਤੇ ਪੰਜਾਬੀ ਭਾਈਚਾਰੇ ਵੱਲੋਂ ਸ਼ਾਮਲ ਹੋਈਆਂ ਸਾਰੀਆਂ ਸੰਸਥਾਵਾਂ ਦੇ ਮੈਂਬਰਾਂ ਅਤੇ ਖ਼ਾਸ ਕਰਕੇ ਆਪਣੇ ਸਪਾਂਸਰ ਵੀਰਾਂ ਭੈਣਾਂ ਜਿੰਨ੍ਹਾਂ ਦੇ ਸਹਿਯੋਗ ਨਾਲ ਇਹ ਪ੍ਰੋਗ੍ਰਾਮ ਸ਼ਫ਼ਲ ਹੁੰਦਾ ਹੈ ਉਨ੍ਹਾਂ ਦੇ ਰਿਣੀ ਹਾਂ।ਉਨ੍ਹਾਂ ਨੇ ਯੰਗਸਿਤਾਨ ਸੰਸਥਾ ਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜੋ ਅਗਲੀ ਪੀੜੀ ਨੂੰ ਮਾਂ ਬੋਲੀ ਅਤੇ ਵਿਰਸੇ ਨਾਲ ਜੋੜਨ ਦੇ ਸ਼ਲਾਘਾ ਯੋਗ ਉਪਰਾਲੇ ਕਰ ਰਹੇ ਹਨ। ਹਮੇਸ਼ਾ ਦੀ ਤਰ੍ਹਾਂ ਫ਼ੋਟੋਗ੍ਰਾਫ਼ੀ ਦੀਆਂ ਸੇਵਾਵਾਂ ਦਿਲਜੀਤ ਹੁੰਝਣ, ਬਲਦੇਵ ਸਿੰਘ ਢਾਅ, ਅਤੇ ਜਰਨੈਲ ਤੱਗੜ ਨੇ ਵੱਲੋਂ ਬਾਖੂਬੀ ਨਿਭਾਈਆਂ ਗਈਆਂ।ਚਾਹ ਪਾਣੀ ਦੀ ਨਿਰਵਿਗਨ ਸੇਵਾ ਬੀਬੀਆਂ ਹਰਪ੍ਰੀਤ ਕੌਰ, ਮਨਦੀਪ ਕੌਰ, ਸੁਖਦਵੇ ਕੌਰ ਢਾਅ ਅਤੇ ਅਵਤਾਰ ਕੌਰ ਤੱਗੜ ਵਲੋਂ ਨਿਭਾਈਆਂ ਗਈਆਂ।ਸਭਾ ਦੇ ਮੈਂਬਰਾਂ ਨੇ ਇਕਬਾਲ ਮਾਹਲ ਨਾਲ ਰਾਤ ਦੇ ਭੋਜਨ ਸਮੇਂ ਵਿਚਾਰ ਵਟਾਦਰਾ ਕਰਦਿਆਂ, ਗੀਤ ਸੰਗੀਤ ਦੀ ਮਹਿਫ਼ਲ ਵੀ ਸਜੀ।ਨਾਲ ਨਾਲ ਇੰਡੀਆ ਰੈਸਟੋਰੈਟ ਦੇ ਸੁਆਦੀ ਅਤੇ ਸੰਤੁਲਨ ਭੋਜਨ ਦਾ ਅੰਨਦ ਵੀ ਮਾਣਿਆ।

# ਖਾਲਿਸਤਾਨੀ ਸਮਰਥਕਾਂ ਨੇ ਸਾਨ ਫਰਾਂਸਿਸਕੋ ਵਿੱਚ ਭਾਰਤੀ ਅੰਬੈਸੀ ਨੂੰ ਅੱਗ ਲਗਾਈ

## ਪੋਸਟਰ ਰਾਹੀਂ ਭਾਰਤੀ ਅੰਬੇਸੀਆਂ ਤੇ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਦੀ ਚੇਤਾਵਨੀ- ਅਮਰੀਕਾ ਵੱਲੋਂ ਘਟਨਾ ਅਪਰਾਧਿਕ ਮਾਮਲਾ ਕਰਾਰ

ਸਾਨ ਫਰਾਂਸਿਸਕੋ ( ਯੂਐਸ ਏ)- ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਵਿਖੇ ਖਾਲਿਸਤਾਨੀ ਕੱਟੜਪੰਥੀਆਂ ਵੱਲੋਂ ਭਾਰਤੀ ਕੌਂਸਲੇਟ ਨੂੰ ਅੱਗ ਲਗਾਏ ਜਾਣ ਦੀ ਖਬਰ ਹੈ। ਇਹ ਘਟਨਾ 2 ਜੁਲਾਈ ਨੂੰ ਦੁਪਹਿਰ 1:30 ਵਜੇ ਤੋਂ 2:30 ਵਜੇ ਦਰਮਿਆਨ ਵਾਪਰੀ ਦੱਸੀ ਗਈ ਹੈ।ਇਹ ਵੀ ਦੱਸਿਆ ਗਿਆ ਹੈ ਕਿ ਸਾਨ ਫਰਾਂਸਿਸਕੋ ਦੇ ਫਾਇਰ ਵਿਭਾਗ ਨੇ ਅੱਗ 'ਤੇ ਤੇਜ਼ੀ ਨਾਲ ਕਾਬੂ ਪਾ ਲਿਆ ਜਿਸ ਕਾਰਣ ਨੁਕਸਾਨ ਸੀਮਤ ਰਿਹਾ ਅਤੇ ਕੋਈ ਵੀ ਕਰਮਚਾਰੀ ਜ਼ਖਮੀ ਨਹੀਂ ਹੋਇਆ।






ਕਿਹਾ ਗਿਆ ਹੈ ਕਿ ਖਾਲਿਸਤਾਨੀ ਕੱਟੜਪੰਥੀਆਂ ਵਲੋਂ ਸਰੀ (ਕੈਨੇਡਾ) ਵਿਚ ਪਿਛਲੇ ਦਿਨੀ ਕਤਲ ਕੀਤੇ ਗਏ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਰੋਸ ਵਜੋਂ ਭਾਰਤੀ ਅੰਬੈਸੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਸਿੱਖ ਕੱਟੜਪੰਥੀਆਂ ਦੁਆਰਾ ਜਾਰੀ ਕੀਤੇ ਗਏ ਇਕ ਪੋਸਟਰ ਵਿੱਚ ਅਮਰੀਕਾ ਵਿੱਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਅਤੇ ਕੌਂਸਲੇਟ ਜਨਰਲ ਡਾਕਟਰ ਟੀਵੀ ਨਗੇਂਦਰ ਪ੍ਰਸਾਦ ਨੂੰ ਨਿਸ਼ਾਨਾ ਬਣਾਉਂਦਿਆਂ ਉਹਨਾਂ ਦੀ ਖਾਲਿਸਤਾਨੀ ਆਗੂ ਨੂੰ ਕਤਲ ਕਰਵਾਏ ਜਾਣ ਦਾ ਸਾਜਿਸ਼ ਵਿਚ ਸ਼ਾਮਿਲ ਹੋਣ ਦੇ ਦੋਸ਼ ਲਗਾਏ ਹਨ।

ਪੋਸਟਰ ਵਿੱਚ ਓਟਾਵਾ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਅਤੇ ਟੋਰਾਂਟੋ ਵਿੱਚ ਕੌਂਸਲੇਟ ਜਨਰਲ ਅਪੂਰਵਾ ਸ਼੍ਰੀਵਾਸਤਵ ਨੂੰ ਵੀ ਧਮਕੀ ਦਿੱਤੀ ਗਈ ਹੈ। ਪੋਸਟਰ ਅਨੁਸਾਰ 8 ਜੁਲਾਈ ਨੂੰ ਦੁਪਹਿਰ 12.30 ਵਜੇ 'ਖਾਲਿਸਤਾਨ ਅਜ਼ਾਦੀ ਰੈਲੀ' ਕੀਤੀ ਜਾਵੇਗੀ। ਪੋਸਟਰ ਵਿਚ ਦਾਅਵਾ ਕੀਤਾ ਗਿਆ ਹੈ ਕਿ ਰੈਲੀ ਗ੍ਰੇਟ ਪੰਜਾਬ ਬਿਜ਼ਨਸ ਸੈਂਟਰ ਤੋਂ ਸ਼ੁਰੂ ਹੋ ਕੇ ਟੋਰਾਂਟੋ ਸਥਿਤ ਭਾਰਤੀ ਦੂਤਾਵਾਸ ਵਿਖੇ ਸਮਾਪਤ ਹੋਵੇਗੀ।

ਇਸੇ ਦੌਰਾਨ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ, ਮੈਥਿਊ ਮਿਲਰ ਨੇ ਇੱਕ ਟਵੀਟ ਰਾਹੀਂ ਸਾਨ ਫਰਾਂਸਿਸਕੋ ਭਾਰਤੀ ਅੰਬੈਸੀ ਦੀ ਭੰਨਤੋੜ ਕਰਨ ਅਤੇ ਅੱਗ ਲਗਾਉਣ ਦੀ ਕੋਸ਼ਿਸ਼ ਦੀ ਘਟਨਾ ਨੂੰ ਇੱਕ ਅਪਰਾਧਿਕ ਮਾਮਲਾ ਕਰਾਰ ਦਿੱਤਾ ਹੈ। ਉਹਨਾਂ ਟਵੀਟ ਵਿਚ ਲਿਖਿਆ ਹੈ ਕਿ ਅਮਰੀਕਾ ਸ਼ਨੀਵਾਰ ਨੂੰ ਸਾਨ ਫਰਾਂਸਿਸਕੋ ਵਿੱਚ ਭਾਰਤੀ ਦੂਤਘਰ ਦੇ ਖਿਲਾਫ ਕਥਿਤ ਤੌਰ 'ਤੇ ਭੰਨਤੋੜ ਅਤੇ ਅੱਗਜ਼ਨੀ ਦੀ ਕੋਸ਼ਿਸ਼ ਦੀ ਸਖਤ ਨਿੰਦਾ ਕਰਦੇ ਹਨ । ਅਮਰੀਕਾ ਵਿੱਚ ਡਿਪਲੋਮੈਟਿਕ ਸੁਵਿਧਾਵਾਂ ਜਾਂ ਵਿਦੇਸ਼ੀ ਡਿਪਲੋਮੈਟਾਂ ਵਿਰੁੱਧ ਭੰਨਤੋੜ ਜਾਂ ਹਿੰਸਾ ਇੱਕ ਅਪਰਾਧਿਕ ਮਾਮਲਾ ਹੈ।

ਸਾਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਨੂੰ ਅੱਗ ਲਾਉਣ ਦੀ ਘਟਨਾ ਬਾਰੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਅਸੀਂ ਸੈਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਨੂੰ ਅੱਗ ਲਾਉਣ ਦੀ ਕੋਸ਼ਿਸ਼ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਕੌਂਸਲੇਟ ਵਿਦੇਸ਼ਾਂ ਵਿੱਚ ਰਹਿ ਰਹੇ ਸਾਡੇ ਦੇਸ਼ ਦੇ ਲੋਕਾਂ ਲਈ ਉਮੀਦ ਦੀ ਕਿਰਨ ਅਤੇ ਇੱਕ ਸਹਾਇਤਾ ਕੇਂਦਰ ਹਨ। ਇਹ ਲੋਕ (ਖਾਲਿਸਤਾਨੀ) ਭਾਰਤ ਅਤੇ ਸਿੱਖਾਂ ਦੇ ਦੁਸ਼ਮਣ ਬਣ ਚੁੱਕੇ ਹਨ। ਉਹ ਆਈਐਸਆਈ ਦੇ ਹੱਥਾਂ ਵਿੱਚ ਖੇਡ ਰਹੇ ਹਨ। ਮੈਂ ਵਿਦੇਸ਼ਾਂ ਦੇ ਸਿੱਖਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਨ੍ਹਾਂ ਲੋਕਾਂ ਦੀ ਪਛਾਣ ਕਰਨ ਅਤੇ ਇਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ।

ਜ਼ਿਕਰਯੋਗ ਹੈ ਕਿ ਹਰਦੀਪ ਸਿੰਘ ਨਿੱਝਰ ਜਿਸਦਾ 18 ਜੂਨ ਨੂੰ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਕਤਲ ਕਰ ਦਿੱਤਾ ਗਿਆ ਸੀ ਨੂੰ ਭਾਰਤੀ ਏਜੰਸੀਆਂ ਵਲੋਂ ਖਾਲਿਸਤਾਨ ਟਾਈਗਰ ਫੋਰਸ ਦਾ ਮੁਖੀ ਦਸਦਿਆਂ ਭਾਰਤ ਸਰਕਾਰ ਦੁਆਰਾ ਜਾਰੀ ਕੀਤੀ ਗਈ 40 ਹੋਰ ਅਤਵਾਦੀਆਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਸੀ। ਪਿਛਲੇ ਸਾਲ ਜੁਲਾਈ 2022 ਵਿੱਚ, ਐਨ ਆਈ ਏ ਨੇ ਨਿੱਝਰ ਦੇ ਸਿਰ ਉਪਰ 10 ਲੱਖ ਰੁਪਏ ਦਾ ਇਨਾਮ ਵੀ ਘੋਸ਼ਿਤ ਕੀਤਾ ਸੀ ।

# ਕੈਨੇਡਾ ਦਾ ਪਹਿਲਾ ਦਸਤਾਰਧਾਰੀ ਪੁਲੀਸ ਅਧਿਕਾਰੀ ਵਰਕਸੇਫ ਬੀਸੀ ਦਾ ਪ੍ਰਧਾਨ ਨਿਯੁਕਤ

ਮਿਸੀਸਾਗਾ (ਪੰਜਾਬੀ ਅਖ਼ਬਾਰ ਬਿਊਰੋ) -ਕੈਨੇਡਾ 'ਚ ਪਹਿਲੇ ਦਸਤਾਰਧਾਰੀ ਸਿੱਖ ਅਫ਼ਸਰ ਬਲਜੀਤ ਸਿੰਘ ਢਿੱਲੋਂ ਨੂੰ ਇੱਕ ਮਹੱਤਵਪੂਰਣ ਜ਼ਿੰਮੇਵਾਰੀ ਸੌਂਪੀ ਗਈ ਹੈ। ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ 'ਚ ਪਹਿਲੇ ਦਸਤਾਰਧਾਰੀ ਸਿੱਖ ਅਫ਼ਸਰ ਬਲਤੇਜ ਸਿੰਘ ਢਿੱਲੋਂ ਨੂੰ ਵਰਕਸੇਫ਼ 12#ਦੇ ਬੋਰਡ ਔਫ਼ ਡਾਇਰੈਕਟਰਜ਼ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਨਾਲ ਉਹ ਇਹ ਉੱਚ ਅਹੁਦਾ ਸੰਭਾਲਣ ਵਾਲਾ ਪਹਿਲਾ ਦੱਖਣੀ ਏਸ਼ੀਆਈ ਬਣ ਗਿਆ ਹੈ।



2017 ਤੋਂ ਬੋਰਡ ਦੇ ਮੈਂਬਰ ਢਿੱਲੋਂ ਨੂੰ ਪਿਛਲੇ ਹਫ਼ਤੇ ਕਿਰਤ ਮੰਤਰੀ ਹੈਰੀ ਬੈਂਸ ਦੁਆਰਾ ਕੀਤੇ ਗਏ ਐਲਾਨ ਤੋਂ ਬਾਅਦ 30 ਜੂਨ ਤੋਂ ਪ੍ਰਭਾਵੀ 3 ਸਾਲਾਂ ਦੀ ਮਿਆਦ ਲਈ ਨਿਯੁਕਤ ਕੀਤਾ ਗਿਆ। ਬਲਤੇਜ ਇੱਕ ਤਜਰਬੇਕਾਰ ਪੁਲੀਸ ਅਧਿਕਾਰੀ ਹੈ ਜਿਸ ਕੋਲ ਕਾਨੂੰਨ ਲਾਗੂ ਕਰਨ 'ਚ ਮੁਹਾਰਤ ਅਤੇ ਵਰਕਸੇਫ ਬੀਸੀ 'ਚ ਇੱਕ ਡਾਇਰੈਕਟਰ ਵਜੋਂ ਛੇ ਸਾਲਾਂ ਦਾ ਤਜਰਬਾ ਹੈ। ਬੈਂਸ ਨੇ ਆਪਣੇ ਐਲਾਨ 'ਚ ਕਿਹਾ ਕਿ ਉਹ ਕੰਮ ਵਾਲੀ ਥਾਂ 'ਤੇ ਗੰਭੀਰ ਘਟਨਾਵਾਂ ਦੀ ਜਾਂਚ 'ਚ ਵਰਕਸੇਫ ਬੀਸੀ ਦੀ ਭੂਮਿਕਾ ਲਈ ਵਚਨਬੱਧ ਹੋਵੇਗਾ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਦੁਬਾਰਾ ਵਾਪਰਨ ਤੋਂ ਰੋਕਿਆ ਜਾ ਸਕੇ।

ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਵਰਕਸੇਫ ਬੀਸੀ ਇੱਕ ਸੂਬਾਈ ਏਜੰਸੀ ਹੈ ਜੋ ਪੂਰੇ ਬ੍ਰਿਟਿਸ਼ ਕੋਲੰਬੀਆ 'ਚ ਸੁਰੱਖਿਅਤ ਅਤੇ ਸਿਹਤਮੰਦ ਕਾਰਜ ਸਥਾਨਾਂ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਵਰਕਸੇਫ ਬੀਸੀ ਬੋਰਡ ਔਫ਼ ਡਾਇਰੈਕਟਰਜ਼ ਦੀ ਨਿਯੁਕਤੀ ਬ੍ਰਿਟਿਸ਼ ਕੋਲੰਬੀਆ ਦੇ ਕਿਰਤ ਮੰਤਰੀ ਦੁਆਰਾ ਕੀਤੀ ਜਾਂਦੀ ਹੈ। ਬੋਰਡ ਦੇ ਮੈਂਬਰ ਵਰਕਸੇਫ ਬੀਸੀ ਅਤੇ ਵਰਕਰਾਂ ਦੀ ਮੁਆਵਜ਼ਾ ਪ੍ਰਣਾਲੀ ਦੇ ਪ੍ਰਬੰਧਕ ਵਜੋਂ ਕੰਮ ਕਰਦੇ ਹਨ। ਢਿੱਲੋਂ ਖ਼ੁਫ਼ੀਆ, ਵਿਸ਼ੇਸ਼ ਲਾਗੂ ਕਰਨ, ਸੁਰੱਖਿਆ ਸੇਵਾਵਾਂ ਅਤੇ 1985 ਏਅਰ ਇੰਡੀਆ ਬੰਬ ਧਮਾਕੇ ਟਾਸਕ ਫ਼ੋਰਸ ਅਤੇ ਪਿਕਟਨ ਕੇਸ ਦੀ ਜਾਂਚ 'ਚ ਤਿੰਨ ਦਹਾਕਿਆਂ ਦੇ ਲੰਬੇ ਕਰੀਅਰ ਤੋਂ ਬਾਅਦ 2019 'ਚ ਪੁਲੀਸ ਫ਼ੋਰਸ ਤੋਂ ਸੇਵਾ ਮੁਕਤ ਹੋਇਆ। ਉਸ ਨੇ ਵਰਦੀ ਨਾਲ ਦਸਤਾਰ ਪਹਿਨਣ ਵਾਲਾ ਪਹਿਲਾ ਆਰਸੀਐਮਪੀ ਮੈਂਬਰ ਬਣ ਕੇ ਇਤਿਹਾਸ ਰਚਿਆ ਅਤੇ ਭਾਈਚਾਰਕ ਸੇਵਾ ਲਈ ਮਹਾਰਾਣੀ ਐਲਿਜ਼ਾਬੈੱਥ-2 ਗੋਲਡਨ ਅਤੇ ਡਾਇਮੰਡ ਜੁਬਲੀ ਮੈਡਲ ਵੀ ਪ੍ਰਾਪਤ ਕੀਤੇ। ਢਿੱਲੋਂ ਨੇ ਕਿਹਾ ਕਿ ਉਹ ਆਪਣੇ ਸਾਥੀ ਬੋਰਡ ਮੈਂਬਰਾਂ ਅਤੇ ਵਰਕਸੇਫ ਬੀਸੀ ਸਟਾਫ਼ ਨਾਲ ਪ੍ਰਧਾਨ ਵਜੋਂ ਕੰਮ ਕਰਨਾ ਸ਼ੁਰੂ ਕਰਨ ਲਈ ਉਤਸ਼ਾਹਿਤ ਹੈ।

ਮਲੇਸ਼ੀਆ 'ਚ ਵੱਡੇ ਹੋਏ ਢਿੱਲੋਂ 1983 'ਚ 16 ਸਾਲ ਦੀ ਉਮਰ 'ਚ ਬ੍ਰਿਟਿਸ਼ ਕੋਲੰਬੀਆ ਆ ਗਏ ਸਨ। ਢਿੱਲੋਂ ਨੇ ਅਪਰਾਧ ਵਿਗਿਆਨ ਦੀ ਪੜ੍ਹਾਈ ਕੀਤੀ ਅਤੇ 1988 'ਚ ਆਰਸੀਐਮਪੀ 'ਚ ਅਰਜ਼ੀ ਦਿੱਤੀ ਜਿੱਥੇ ਉਸ ਨੇ ਉਸ ਸਮੇਂ ਦੇ ਪਹਿਰਾਵੇ ਦੇ ਕੋਡ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ 'ਚ ਦਸਤਾਰ 'ਤੇ ਪਾਬੰਦੀ ਸੀ ਅਤੇ ਕਲੀਨ ਸ਼ੇਵ ਦੀ ਲੋੜ ਸੀ। ਮਾਰਚ 1990 'ਚ ਮਹੀਨਿਆਂ ਦੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਪ੍ਰਧਾਨ ਮੰਤਰੀ ਬ੍ਰਾਇਨ ਮੁਲਰੋਨੀ ਦੀ ਪ੍ਰੋਗ੍ਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਆਰਸੀਐਮਪੀ ਡਰੈੱਸ ਕੋਡ 'ਚ ਕਈ ਤਬਦੀਲੀਆਂ ਦਾ ਐਲਾਨ ਕੀਤਾ ਜਿਸ 'ਚ ਸਿੱਖਾਂ ਲਈ ਦਾੜ੍ਹੀ ਰੱਖਣ ਅਤੇ ਪੱਗ ਬੰਨ੍ਹਣ ਦੀ ਆਜ਼ਾਦੀ ਸ਼ਾਮਿਲ ਸੀ।

# ਬਿਸ਼ਨੋਈ ਅਤੇ ਅੰਮ੍ਰਿਤਪਾਲ ਸਣੇ ਕਈਆਂ ਨੂੰ ਕਾਲਾ ਪਾਣੀ ਭੇਜਣ ਦੀ ਤਿਆਰੀ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) – ਉੱਤਰੀ ਭਾਰਤ ਦੀਆਂ ਜੇਲ੍ਹਾਂ 'ਚ ਬੰਦ 10 ਤੋਂ 12 ਗੈਂਗਸਟਰਾਂ ਨੂੰ ਅੰਡੇਮਾਨ ਨਿਕੋਬਾਰ ਆਇਲੈਂਡਜ਼ ਦੀ ਜੇਲ੍ਹ 'ਚ ਸ਼ਿਫ਼ਟ ਕਰਨ ਦੀ ਤਿਆਰੀ ਹੋ ਰਹੀ ਹੈ। ਸੂਤਰਾਂ ਅਨੁਸਾਰ ਕੌਮੀ ਜਾਂਚ ਏਜੰਸੀ ਨੇ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖਿਆ ਹੈ ਜਿਸ 'ਚ ਦਿੱਲੀ ਸਮੇਤ ਪੰਜਾਬ ਅਤੇ ਹਰਿਆਣਾ ਦੀਆਂ ਜੇਲ੍ਹਾਂ 'ਚ ਬੰਦ ਅਪਰਾਧੀਆਂ ਨੂੰ ਅੰਡੇਮਾਨ ਦੀਆਂ ਜੇਲ੍ਹਾਂ 'ਚ ਭੇਜਣ ਦੀ ਸਿਫ਼ਾਰਿਸ਼ ਕੀਤੀ ਹੈ। ਸੂਤਰਾਂ ਅਨੁਸਾਰ ਐਨਆਈਏ ਗੈਂਗਸਟਰਾਂ ਨੂੰ ਆਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ 'ਚ ਤਬਦੀਲ ਕਰਨ ਦੇ ਬਦਲ 'ਤੇ ਵੀ ਵਿਚਾਰ ਕਰ ਰਹੀ ਹੈ ਜਿੱਥੇ ਇਸ ਵੇਲੇ ਵਾਰਿਸ ਪੰਜਾਬ ਦੇ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਬੰਦ ਹਨ।



ਪਿਛਲੇ ਕੁੱਝ ਮਹੀਨਿਆਂ 'ਚ ਜੇਲ੍ਹਾਂ ਅੰਦਰ ਹੀ ਗੈਂਗਵਾਰਜ਼ ਅਤੇ ਗੈਂਗਸਟਰਾਂ 'ਤੇ ਹੋਏ ਹਮਲਿਆਂ ਤੋਂ ਬਾਅਦ ਐਨਆਈਏ ।ਇਸ ਕਦਮ 'ਤੇ ਵਿਚਾਰ ਕਰ ਰਹੀ ਹੈ। ਇਸੇ ਲਈ ਏਜੰਸੀ ਨੇ ਖ਼ਤਰਨਾਕ ਗੈਂਗਸਟਰਾਂ ਨੂੰ ਸ਼ਿਫ਼ਟ ਕਰਨ ਲਈ ਕੇਂਦਰ ਨੂੰ ਪੱਤਰ ਲਿਖਿਆ ਹੈ। ਗ੍ਰਹਿ ਮੰਤਰਾਲੇ ਦੇ ਸੂਤਰਾਂ ਅਨੁਸਾਰ ਸ਼ੁਰੂਆਤੀ ਪ੍ਰਸਤਾਵ ਗੈਂਗਸਟਰਾਂ ਨੂੰ ਦੱਖਣੀ ਭਾਰਤ ਦੀਆਂ ਜੇਲ੍ਹਾਂ 'ਚ ਤਬਦੀਲ ਕਰਨ ਦਾ ਸੀ, ਪਰ ਇਹ ਇੱਕ ਲੰਬੀ ਪ੍ਰਕਿਰਿਆ ਹੋਵੇਗੀ ਕਿਉਂਕਿ ਸੂਬਾ ਸਰਕਾਰਾਂ ਤੋਂ ਇਜਾਜ਼ਤ ਲੈਣੀ ਪਵੇਗੀ।

ਸੂਤਰ ਨੇ ਕਿਹਾ, "ਕਿਉਂਕਿ ਅੰਡੇਮਾਨ ਅਤੇ ਨਿਕੋਬਾਰ ਟਾਪੂ ਇੱਕ ਕੇਂਦਰ ਸ਼ਾਸ਼ਿਤ ਪ੍ਰਦੇਸ਼ ਹੈ ਅਤੇ ਉਸ ਦਾ ਪ੍ਰਸ਼ਾਸਨ ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦਾ ਹੈ, ਇਸ ਲਈ ਪ੍ਰਕਿਰਿਆ 'ਚ ਘੱਟ ਸਮਾਂ ਲੱਗੇਗਾ। ਏਜੰਸੀ ਫ਼ਿਲਹਾਲ ਕਾਨੂੰਨੀ ਰਾਏ ਵੀ ਲੈ ਰਹੀ ਹੈ। ਐਨਆਈਏ ਅਤੇ ਗ੍ਰਹਿ ਮੰਤਰਾਲੇ ਦੇ ਉੱਚ ਅਧਿਕਾਰੀਆਂ ਨੇ ਸੰਵੇਦਨਸ਼ੀਲ ਕੈਦੀਆਂ ਦੇ ਤਬਾਦਲੇ ਨੂੰ ਲੈ ਕੇ ਅਹਿਮ ਮੀਟਿੰਗ ਕੀਤੀ ਹੈ।

ਗ੍ਰਹਿ ਮੰਤਰਾਲੇ ਨੂੰ ਲਿਖੇ ਪੱਤਰ 'ਚ ਐਨਆਈਏ ਨੇ ਉੱਤਰੀ ਭਾਰਤ ਦੀਆਂ ਜੇਲ੍ਹਾਂ 'ਚੋਂ ਘੱਟੋ-ਘੱਟ 25 ਗੈਂਗਸਟਰਾਂ ਨੂੰ ਦੱਖਣੀ ਸੂਬਿਆਂ 'ਚ ਤਬਦੀਲ ਕਰਨ ਦੀ ਮੰਗ ਕੀਤੀ ਸੀ। ਇਸ ਸੂਚੀ 'ਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਮੁੱਖ ਮੁਲਜ਼ਮ ਲੌਰੈਂਸ ਬਿਸ਼ਨੋਈ ਵੀ ਸ਼ਾਮਿਲ ਹੈ। ਲੌਰੈਂਸ ਬਿਸ਼ਨੋਈ ਤੋਂ ਇਲਾਵਾ ਜਿਨ੍ਹਾਂ ਮੁੱਖ ਗੈਂਗਸਟਰਾਂ 'ਤੇ ਨਜ਼ਰ ਹੈ, ਉਹ ਹਨ ਹਾਕਿਮ ਬਾਬਾ ਛੇਨੂ, ਕੌਸ਼ਲ ਚੌਧਰੀ, ਅਮਰੀਕ ਜੋ ਸਾਰੇ ਦਿੱਲੀ, ਪੰਜਾਬ ਅਤੇ ਹਰਿਆਣਾ ਦੀਆਂ ਜੇਲ੍ਹਾਂ 'ਚ ਬੰਦ ਹਨ। ਦਿੱਲੀ, ਪੰਜਾਬ, ਹਰਿਆਣਾ। ਇਸ ਤੋਂ ਛੁੱਟ ਉੱਤਰ ਪ੍ਰਦੇਸ਼ ਦੇ ਤਕਰੀਬਨ 150 ਅਪਰਾਧੀਆਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ ਜਿਨ੍ਹਾਂ ਨੂੰ ਸੁਰੱਖਿਆ ਦੇ ਮੱਦੇਨਜ਼ਰ ਦੂਰ-ਦੁਰਾਡੇ ਦੀਆਂ ਜੇਲ੍ਹਾਂ 'ਚ ਤਬਦੀਲ ਕੀਤਾ ਜਾਵੇਗਾ। 2018 ਅਤੇ 2019 'ਚ ਵੀ ਜੰਮੂ ਦੀ ਕਠੂਆ ਜੇਲ੍ਹ ਅਤੇ ਸ਼੍ਰੀਨਗਰ ਜੇਲ੍ਹ ਤੋਂ ਕੈਦੀਆਂ ਨੂੰ ਦਿੱਲੀ ਤੇ ਪੰਜਾਬ ਦੀਆਂ ਜੇਲ੍ਹਾਂ 'ਚ ਲਿਆਂਦਾ ਗਿਆ ਸੀ। ਐਨਆਈਏ ਅਤੇ ਮੰਤਰਾਲੇ ਦੇ ਅਧਿਕਾਰੀ ਇਸ ਪ੍ਰਕਿਰਿਆ ਦੀ ਵੀ ਸਮੀਖਿਆ ਕਰ ਰਹੇ ਹਨ।

## ਕਨੇਡੀਅਨ ਸੱਥ- ਦੇਖ ਬੰਦਿਆ ਅੱਤ ਅਤੇ ਖੁਦਾ ਦਾ ਵੈਰ ਹੁੰਦਾ ਅੱਗੇ ਤੋਂ ਬੱਚ ਕੇ ਰਹੀਂ



ਅਸ਼ੀਸ਼ ਨਰੂਲਾ
1 204 890 5040

ਜੇਕਰ ਇਹ ਕਿਹਾ ਜਾਵੇ ਕਿ ਸਾਡੇ ਭਾਈਚਾਰੇ ਦੇ ਜਿਅਦਾਤਰ ਲੋਕ ਟਰਾਂਸਪੋਰਟ ਦੇ ਕਾਰੋਬਾਰ ਨੂੰ ਤਰਜੀਹ ਦਿੰਦੇ ਹਨ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ। ਇਸ ਦਾ ਇੱਕ ਕਾਰਨ ਇਹ ਵੀ ਕਿਹਾ ਜਾ ਸਕਦਾ ਹੈ ਕਿ ਕਿਸੇ ਦੀ ਅਧੀਨਗੀ ਕਰਨੀ ਸਾਨੂੰ ਚੰਗੀ ਨਹੀਂ ਲਗਦੀ ਅਤੇ ਆਪਣੀ ਮਰਜੀ ਦੇ ਅਸੀ ਆਪ ਮਾਲਿਕ ਬਨਣਾ ਪਸੰਦ ਕਰਦੇ ਹਾਂ। ਸਾਡੀ ਕਰਮ ਭੂਮੀ ਦੇ ਕਿਸੇ ਵੀ ਵੱਡੇ ਛੋਟੇ ਸ਼ਹਿਰ ਵਿੱਚ ਨਿਗਾ ਮਾਰ ਕੇ ਦੇਖ ਲਵੋ ਜਾਂ ਫਿਰ ਕਿਸੇ ਸੱਜਣ ਮਿੱਤਰ ਨਾਲ ਗੱਲ ਕਰ ਕੇ ਦੇਖ ਲਵੋ ਜਾਂ ਫਿਰ ਕਿਤੇ ਘੁੰਮਦੇ ਘੁੰਮਾਂਉਦੇ ਤੁਸੀ ਅੱਖੀਂ ਦੇਖਿਆ ਹੋਣਾ ਕਿ ਟਰੱਕਿੰਗ ਜਾਂ ਫਿਰ ਟੈਕਸੀ ਇੰਡਸਟਰੀ ਉਪਰ ਲਗਭਗ ਭਾਈਚਾਰੇ ਦਾ ਹੀ ਕਬਜਾ ਕਿਹਾ ਜਾ ਸਕਦਾ ਹੈ। ਪਰ ਇਹਨਾਂ ਸਬੰਧਤ ਕੰਮਾ ਦਾ ਬੇੜਾ ਗਰਕ ਵੀ ਅਸੀਂ ਹੀ ਕੀਤਾ ਹੈ। ਜੇਕਰ ਟਰੱਕਿੰਗ ਦੀ ਗੱਲ ਕਰੀਏ ਤਾਂ ਕਈ ਵੱਡੀਆਂ ਟਰੱਕਿੰਗ ਕੰਪਨੀਆ ਵੱਲੋਂ ਕੰਟਰੈਕਟ ਹਾਸਲ ਕਰਨ ਲਈ ਰੇਟ ਵਿੱਚ ਕਟੌਤੀ ਅਤੇ ਆਪ ਸਸਤੀ ਲੇਬਰ ਤੇ ਨਿਰਭਰ ਹੋਣ ਕਰਕੇ ਮਾਰਕਿਟ ਵਿੱਚ ਇੱਕ ਤਰ੍ਹਾਂ ਨਾਲ ਭੁਗਤਾਨ ਦਰ ਤੇ ਬੁਰਾ ਅਸਰ ਪਿਆ ਅਤੇ ਹੋਰ ਲੋਕ ਜੋ ਕਿ ਟਰੱਕਿੰਗ ਬਿਜਨਸ ਵਿੱਚ ਕਈ ਦਹਾਕਿਆ ਤੋਂ ਹਨ ਨੇ ਬਹੁਤ ਇਤਰਾਜ ਕੀਤਾ ਹੈ ਕਿ ਸਾਡੇ ਭਾਈਚਾਰੇ ਨੇ ਟਰੱਕਿੰਗ ਬਿਜਨਸ ਦਾ ਬੇੜਾ ਗਰਕ ਕਰ ਕੇ ਰੱਖ ਦਿੱਤਾ ਅਤੇ ਸਾਡੇ ਕੰਮ ਕਰਨ ਲਾਇਕ ਨਹੀਂ ਛੱਡਿਆ। ਜਦੋਂ ਕੋਈ ਵੀ ਪੇਸ਼ੇਵਰ ਕੰਮ ਕਰਨ ਵਾਲਾ ਆਪਣਾ ਜੱਦੀ ਕੰਮ ਜਿਸ ਨੂੰ ਲੰਬੇ ਅਰਸੇ ਤੋ ਉਹੀ ਕੰਮ ਕਰਨ ਲਈ ਅੱਧਾ ਮਿਹਨਤਾਨਾ ਪੂਰਾ ਨਾ ਕਮਾ ਸਕੇ ਤਾਂ ਫਿਰ ਕੰਮ ਵਿੱਚ ਰਹਿਣਾ ਪਸੰਦ ਕਿਉਂ ਕਰੇਗਾ। ਇਹੀ ਹਾਲ ਟੈਕਸੀ ਇੰਡਸਟਰੀ ਦਾ ਹੋਇਆ ਹੈ ਕੋਈ ਸਮਾਂ ਸੀ ਜਦੋਂ ਮੈਟਰੋ ਸ਼ਹਿਰਾਂ ਵਿੱਚ ਟੈਕਸੀ ਦੀ ਪਲੇਟ ਦੀ ਕੀਮਤ ਮਿਲੀਆਨ ਡਾਲਰ ਦੇ ਲਗਭਗ ਸੀ ਪਰ ਅੱਜ ਦੇ ਹਾਲਤ ਦੇਖ ਲਵੋ ਕਿ ਮਿਲੀਅਨ ਡਾਲਰ ਵਾਲੀ ਪਲੇਟ ਕਿੱਥੇ ਖੜੀ ਹੈ? ਅਸੀਂ ਆਪਣੀਆਂ ਆਦਤਾਂ ਕਾਰਨ ਇੱਕ ਇਸ ਤਰਾਂ ਦਾ ਮਹੌਲ ਸਿਰਜ ਦਿੱਤਾ ਕਿ ਵਿਉਪਾਰ ਦੀ ਮੰਡੀ ਨੂੰ ਇੱਸ ਤਰਾਂ ਬਣਾ ਦਿੱਤਾ ਕਿ ਸਾਡਾ ਕੋਈ ਸ਼ਰੀਕ ਉਸੇ ਮੰਡੀ ਵਿੱਚ ਆ ਕੇ ਸਾਰੇ ਵਿਉਪਾਰ ਨੂੰ ਲੁੱਟ ਪੁੱਟ ਕੇ ਲੈ ਗਿਆ ਅਤੇ ਹੁਣ ਉਹੀ ਮਿਲੀਅਨ ਡਾਲਰ ਦੀ ਦੁਕਾਨ ਡਰਾਈਵੇਅ ਉਪਰ ਲਾਚਾਰ ਖੜੀ ਆਮ ਦੇਖੀ ਜਾ ਸਕਦੀ ਹੈ ਇਉ ਜਾਪਦੀ ਹੈ ਜਿਵੇ ਸਾਨੂੰ ਮੂੰਹ ਚਿੜਾ ਰਹੀ ਹੋਵੇ ਅਤੇ ਕਹਿ ਰਹੀ ਹੋਵੇ ਕਿ ਦੇਖ ਬੰਦਿਆ ਅੱਤ ਅਤੇ ਖੁਦਾ ਦਾ ਵੈਰ ਹੁੰਦਾ ਅੱਗੇ ਤੋਂ ਬੱਚ ਕੇ ਰਹੀਂ।

ਇਸ ਦੇ ਨਾਲ ਲੱਗਦੀ ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਜਿਹੜੇ ਸੱਜਣ ਅੱਜ ਵੀ ਉਹੀ ਕਾਰੋਬਾਰ ਕਰਦੇ ਹਨ ਤੁਸੀ ਜਿਆਦਾਤਰ ਦੇਖਿਆ ਹੋਣਾ ਕਿ ਡਰਾਈਵ ਕਰਦੇ ਸਮੇਂ ਉਹਨਾਂ ਦੇ ਬੁੱਲ ਹਿਲਦੇ ਹਨ ਭਾਵ ਕਿ ਕਿਸੇ ਸਾਥੀ ਨਾਲ ਉਹ ਫੋਨ ਤੇ ਗੱਲਾਂ ਕਰਦੇ ਹਨ ਇਸ ਵਿੱਚ ਮੇਰੀ ਜਾਚੇ ਇਕੱਲਾਪਨ ਹੋ ਸਕਦਾ ਹੈ,ਜੋ ਕਿ ਸਾਡੇ ਸੱਭਿਆਚਾਰ ਵਿੱਚ ਤਾਂ ਇਹ ਨਹੀਂ ਹੈ ਕਿ ਕਿਸੇ ਨਾਲ ਗੱਲ ਨਾ ਕਰਨਾ । ਅਸੀਂ ਜਿਸ ਧਰਤੀ ਤੋਂ ਇੱਥੇ ਪਲਾਇਨ ਕਰਕੇ ਆਏ ਹਾਂ ਉੱਥੇ ਹਰ ਵਕਤ ਕਿਸੇ ਨਾ ਕਿਸੇ ਨਾਲ ਗੱਲ ਕਰਨਾ ਪਿੰਡਾ ਵਿੱਚ ਸੱਥਾਂ ਵਿੱਚ ਬੈਠਣਾ ਬਾਰਾਂ ਟੈਣੀ ਖੇਡਣੀ ,ਤਾਸ਼ ਖੇਡਣੀ ਵਗੈਰਾ ਵਗੈਰਾ ਇਸ ਤਰਾਂ ਦੇ ਕਿੰਨੇ ਹੋ ਬਿਨਾਂ ਕੰਮ ਤੋ ਰੁੱਝੇ ਰਹਿਣ ਵਾਲੇ ਹਾਂ। ਪਰ ਇੱਥੇ ਆ ਕਿ ਕੰਮ ਕਰਨ ਦਾ ਅਤੇ ਰਹਿਣ ਸਹਿਣ ਦਾ ਤਰੀਕਾ ਬਿਲਕੁਲ ਹੀ ਵੱਖਰਾ ਹੈ ਜੋ ਕਿ ਨਵੀਂ ਪੀੜੀ ਵਿੱਚ ਤਾਂ ਬੇਸ਼ੱਕ ਆ ਜਾਵੇ ਪਰ ਸਾਡੇ ਵਿੱਚ ਆਉਣਾ ਥੋੜਾ ਮੁਸ਼ਕਿਲ ਜਾਪਦਾ ਹੈ ਸ਼ਾਇਦ ਇਸੇ ਕਰਕੇ ਅਸੀਂ ਕਿਸੇ ਨਾ ਕਿਸੇ ਦਾ ਸਾਥ ਟੋਲਦੇ ਹਾਂ ਅਤੇ ਆਪਣੀ ਗੁੱਬ ਗੁਬਾਹਟ ਕੱਢਦੇ ਹਾਂ। ਇਸੇ ਕਰਕੇ ਹੀ ਸ਼ਾਇਦ ਅਸੀਂ ਇੱਥੇ ਆਕੇ ਗੋਰਿਆ ਵਿੱਚ ਇਹੋ ਜਿਹੇ ਰੋਗਾਂ ਦੇ ਨਾਮ ਸੁਣਦੇ ਹਾਂ ਜੋ ਕਿ ਦਿਮਾਗ ਨਾਲ ਸਿੱਧੇ ਰੂਪ ਵਿੱਚ ਸਬੰਧਤ ਹਨ ਜਿਹਨਾਂ ਦਾ ਨਾਮ ਅਸੀਂ ਕਦੇ ਭੁੱਲ ਭੁਲੇਖੇ ਵੀ ਨਹੀਂ ਸੁਣੇ ਸਨ, ਇਸ ਦਾ ਵੱਢਾ ਕਾਰਨ ਇਕੱਲਾਪਨ ਹੀ ਹੈ ,ਕਿਉਂਕਿ ਉਹਨਾਂ ਦੇ ਨਿਆਣੇ ਬਾਲਗ ਹੁੰਦੇ ਹੀ ਮਾਪਿਆ ਨੂੰ ਛੱਡ ਆਪਣੇ ਸਾਥੀ ਨਾਲ ਇਕੱਲਾ ਰਹਿਣਾ ਪਸੰਦਾ ਕਰਦੇ ਹਨ ਅਤੇ ਇਸਦੀ ਮੁੱਢਲੀ ਸਿਖਿਆ ਸਕੂਲਾਂ ਵਿੱਚ ਹੀ ਸਿਖਾਈ ਜਾਂਦੀ ਹੈ ਕਿ ਤੁਸੀ ਆਜ਼ਾਦ ਹੋ ਆਪਣੇ ਆਪ ਲਈ । ਹੁਣ ਮਸਲਾ ਇਹ ਹੈ ਕਿ ਜਿਸ ਤਰਾਂ ਅੱਜ ਕੱਲ ਪੰਜਾਬ ਸਾਰਾ ਹੀ ਬਰੇਨ ਡਰੇਨ ਹੋਣ ਕਾਰਨ ਧੜਾ ਧੜ ਪੱਛਮ ਵੱਲ ਕੂਚ ਕਰ ਰਿਹਾ ਹੈ ਅਤੇ ਜਿਹੜੇ ਇੱਥੇ ਪਹਿਲਾਂ ਆਏ ਨੇ ਉਹ ਸਿਰ ਸੁੱਟ ਕੇ ਪੈਸੇ ਦੀ ਦੌੜ ਵਿੱਚ ਰੁੱਝੇ ਹੋਏ ਹਨ ਸ਼ਇਦ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਭਾਈਚਾਰੇ ਲਈ ਵੀ ਸੰਘਣੀ ਵੱਸੋਂ ਵਾਲੇ ਸ਼ਹਿਰਾਂ ਵਿੱਚ ਖਾਸ ਕਰਕੇ ਬਹੁਤ ਸੀਨੀਅਰ ਸਿਟੀਜ਼ਨ ਹੋਮ ਦੀ ਲੋੜ ਪਵੇਗੀ ।

# ਨਵਜੰਮੀ ਬੱਚੀ ਨਾਲ ਹੋਣ ਕਾਰਣ ਉਹ ਸੰਸਦ ਵਿੱਚ ਬੋਲ ਨਾ ਸਕੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਈਲ ਦੀ ਸੰਸਦ ਵਿੱਚ ਇੱਕ ਮਹਿਲਾ ਸੰਸਦ ਮੈਂਬਰ ਨੂੰ ਸਿਰਫ਼ ਇਸ ਲਈ ਭਾਸ਼ਣ ਦੇਣ ਤੋਂ ਰੋਕ ਦਿੱਤਾ ਗਿਆ ਕਿਉਂਕਿ ਉਸ ਦੀ ਗੋਦ ਵਿੱਚ ਇੱਕ ਨਵਜੰਮੀ ਬੱਚੀ ਸੀ। ਮਾਮਲਾ ਕੁੱਝ ਇਸ ਤਰਾਂ ਮਹਿਲਾ ਸੰਸਦ ਮੈਂਬਰ ਦਾ ਨਾਂ ਸ਼ੇਰੇਨ ਹੇਸਕਲ ਹੈ। ਡਿਪਟੀ ਸਪੀਕਰ ਯੂਰੀਅਲ ਬੁਸੋ ਮੁਤਾਬਕ ਸੰਸਦ ਦੇ ਪੋਡਿਅਮ 'ਤੇ ਸਿਰਫ਼ ਸੰਸਦ ਮੈਂਬਰ ਹੀ ਖੜ੍ਹਾ ਹੋ ਸਕਦਾ ਹੈ, ਉਸ ਦੇ ਨਾਲ ਹੋਰ ਕੋਈ ਨਹੀਂ ਹੋਣਾ ਚਾਹੀਦਾ। ਇਸ ਨਿਯਮ ਕਾਰਨ ਸ਼ੇਰੇਨ ਸੰਸਦ ਦੇ ਸਾਹਮਣੇ ਆਪਣੀ ਗੱਲ ਨਹੀਂ ਰੱਖ ਸਕੀ। ਸ਼ੇਰੇਨ ਨੈਸ਼ਨਲ ਯੂਨਿਟੀ ਪਾਰਟੀ ਦੀ ਸੰਸਦ ਮੈਂਬਰ ਹੈ। ਇਹ ਪਾਰਟੀ ਵਿਰੋਧੀ ਧਿਰ ਵਿੱਚ ਹੈ।ਸ਼ੇਰੇਨ ਇੱਕ ਬਿੱਲ ਪੇਸ਼ ਕਰਨਾ ਚਾਹੁੰਦੀ ਸੀ ਅਤੇ ਇਸ ਲਈ ਪਹਿਲਾਂ ਹੀ ਨੋਟਿਸ ਦੇ ਚੁੱਕੀ ਸੀ। ਜਦੋਂ ਡਿਪਟੀ ਸਪੀਕਰ ਯੂਰੀਅਲ ਬੁਸੋ ਵੱਲੋਂ ਬੁਲਾਏ ਜਾਣ 'ਤੇ ਸ਼ੇਰੇਨ ਸਪੀਕਰ ਦੀ ਕੁਰਸੀ ਦੇ ਸੱਜੇ ਪਾਸੇ ਪੋਡੀਅਮ 'ਤੇ ਪਹੁੰਚੀ ਤਾਂ ਉਸ ਨੇ ਬੇਬੀ ਕੈਰੀਅਰ ਨਾਲ ਬੱਚੀ ਨੂੰ ਚੁੱਕਿਆ ਹੋਇਆ ਸੀ । ਜਿਸ ਕਾਰਨ ਬੁਸੋ ਨੇ ਉਸ ਨੂੰ ਭਾਸ਼ਣ ਦੇਣ ਤੋਂ ਰੋਕ ਦਿੱਤਾ। ਜਦੋਂ ਮਹਿਲਾ ਸੰਸਦ ਮੈਂਬਰ ਨੇ ਇਸ ਦਾ ਕਾਰਨ ਪੁੱਛਿਆ ਤਾਂ ਡਿਪਟੀ ਸਪੀਕਰ ਨੇ ਕਿਹਾ- ਸੰਸਦ ਦੇ ਨਿਯਮਾਂ ਮੁਤਾਬਕ ਮੰਚ 'ਤੇ ਖੜ੍ਹੇ ਹੋਣ ਦਾ ਅਧਿਕਾਰ ਸਿਰਫ ਸੰਸਦ ਮੈਂਬਰ ਨੂੰ ਹੈ ਅਤੇ ਤੁਹਾਡੇ ਨਾਲ ਇੱਕ ਬੱਚੀ ਹੈ। ਸ਼ੇਰੇਨ ਨੇ ਜਵਾਬ 'ਚ ਕਿਹਾ- ਸਰ, ਮੈਂ ਬੱਚੀ ਨੂੰ ਸਟਰੌਲਰ 'ਚ ਬਿਠਾਇਆ ਸੀ, ਪਰ ਉਹ ਬਹੁਤ ਛੋਟੀ ਹੈ ਅਤੇ ਇਸ ਲਈ ਉਹ ਉੱਚੀ-ਉੱਚੀ ਰੋਣ ਲੱਗ ਪਈ। ਇਸ ਲਈ ਮੇਰੇ ਕੋਲ ਕੋਈ ਬਦਲ ਨਹੀਂ ਸੀ। ਇਸ ਉਪਰੰਤ ਸਪੀਕਰ ਅਤੇ ਕਾਨੂੰਨੀ ਮਾਹਰ ਦੀ ਰਾਏ ਲੈਣ ਤੋਂ ਬਾਅਦ ਡਿਪਟੀ ਸਪੀਕਰ ਨੇ ਸ਼ੇਰੇਨ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਸੰਸਦ 'ਚ ਸ਼ੇਰੇਨ ਨਾਲ ਹੋਈ ਇਸ ਘਟਨਾ 'ਤੇ ਇਜ਼ਰਾਇਲੀ ਮੀਡੀਆ 'ਚ ਨਵੀਂ ਬਹਿਸ ਸ਼ੁਰੂ ਹੋ ਗਈ ਹੈ। ਕੁੱਝ ਲੋਕ ਕਹਿ ਰਹੇ ਹਨ ਕਿ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ ਕਿਉਂਕਿ ਇਹ ਸੰਸਦ ਨੇ ਹੀ ਬਣਾਏ ਹਨ। f

## ਪਣਡੁੱਬੀ ਵਿੱਚ ਮਾਰੇ ਗਏ ਪੰਜ ਮੁਸਾਫਿਰਾਂ ਦੇ ਸਰੀਰ ਦੇ ਟੁਕੜੇ ਲੱਭ ਲਏ ਗਏ ਹਨ।

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਟਾਈਟਨ' ਪਣਡੁੱਬੀ 'ਜੋ ਪਿਛਲੇ ਦਿਨੀ 5 ਜਣਿਆਂ ਨੂੰ ਲੈਕੇ ਟਾਈਟੈਨਿਕ ਜਹਾਜ਼ ਦੇ ਮਲਬੇ ਨੂੰ ਦਿਖਾਉਣ ਲਈ ਅਟਲਾਂਟਿਕ ਸਾਗਰ ਵਿੱਚ ਉੱਤਰੀ ਅਤੇ ਇਸ ਵਿਚ ਧਮਾਕਾ ਹੋਣ ਕਾਰਨ ਸਾਰੇ ਸਵਾਰ ਮਾਰੇ ਗਏ ਸਨ ਦੇ ਮਲਬੇ ਵਿੱਚੋਂ ਸੰਭਾਵਿਤ ਮਨੁੱਖੀ ਸਰੀਰ ਦੇ ਟੁਕੜੇ ਬਰਾਮਦ ਕਰ ਲਏ ਗਏ ਹਨ ਅਤੇ ਅਮਰੀਕੀ ਅਧਿਕਾਰੀ ਇਨਾਂ ਸਬੂਤਾਂ ਨੂੰ ਵਾਪਸ ਦੇਸ਼ ਲਿਆ ਰਹੇ ਹਨ। ਅਮਰੀਕੀ ਕੋਸਟ ਗਾਰਡ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ । ਵਰਨਣਯੋਗ ਹੈ ਕਿ 'ਟਾਈਟਨ' ਜਹਾਜ਼ ਦਾ ਮਲਬਾ ਦੇਖਣ ਲਈ ਅਟਲਾਂਟਿਕ ਸਾਗਰ ਦੇ ਅੰਦਰ ਗਈ 'ਟਾਈਟਨ' ਪਣਡੁੱਬੀ 'ਚ ਅਚਾਨਕ ਧਮਾਕਾ ਹੋ ਗਿਆ ਸੀ। ਇਸ ਹਾਦਸੇ ਵਿੱਚ ਪਣਡੁੱਬੀ 'ਚ ਸਵਾਰ ਟਾਈਟੈਨਿਕ ਮਾਮਲਿਆਂ ਦੇ ਪ੍ਰਮੁੱਖ ਮਾਹਿਰ, ਬ੍ਰਿਟਿਸ਼ ਅਰਬਪਤੀ, ਅਮੀਰ ਪਾਕਿਸਤਾਨੀ ਪਰਿਵਾਰ ਦੇ ਦੋ ਮੈਂਬਰ ਅਤੇ ਮਿਸ਼ਨ ਨੂੰ ਚਲਾਉਣ ਵਾਲੀ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਮਾਰੇ ਗਏ ਸਨ।




# ਆਮ ਲਿਖਤ ਤੇ ਅੱਟਣਾਂ ਵਾਲੇ ਹੱਥਾਂ ਦੀ ਲਿਖਤ ਵਿੱਚ ਕਿੰਨਾ ਕੁ ਅੰਤਰ ਹੁੰਦੈ !



ਕਵਿਤਾ, ਕਹਾਣੀ, ਗ਼ਜ਼ਲ, ਨਜ਼ਮ, ਖੁਲ੍ਹੀ ਕਵਿਤਾ, ਸਾਹਿਤ ਦੀਆਂ ਇਹਨਾਂ ਸਿਨਫਾਂ ਤੇ ਨਾਮਣਾ ਖੱਟਣ ਵਾਲਾ ਅਕਸਰ ਅਧਿਆਪਕ ਵਰਗ ਵਧੇਰੇ ਹੁੰਦੈ, ਕਿਉਂਕਿ ਅਧਿਆਪਕ ਵਰਗ ਕਿੱਤੇ ਵੱਜੋਂ ਵੀ ਸਾਹਿਤ ਨਾਲ ਜੁੜਿਆ ਹੁੰਦੈ। ਅਧਿਆਪਕ ਵਰਗ ਤੋਂ ਵਿਦਿਆਰਥੀਆਂ ਨੂੰ ਵੀ ਸਾਹਿਤ ਦੀ ਰੁੱਚੀ ਪੈਦਾ ਹੁੰਦੀ ਐ। ਕਿਸੇ ਵੀ ਕੌਮ ਦਾ ਸਰਮਾਇਆ ਉਸ ਦਾ ਸਾਹਿਤ ਹੀ ਹੁੰਦੈ,, ਇਸੇ ਕਰਕੇ ਅਧਿਆਪਕਾਂ ਨੂੰ ਦੇਸ਼ ਕੌਮ ਦੇ ਨਿਰਮਾਤਾ ਕਿਹਾ ਜਾਂਦੈ

ਪਰ ਕਵਿਤਾ ਤਾਂ ਸੜਕ ਕਿਨਾਰੇ ਰੋੜੀ ਕੁਟਦੇ ਕਾਮੇ ਕੋਲ ਵੀ ਹੁੰਦੀ ਐ, ਪੈੜ ਤੇ ਖੜਕੇ ਚਿਣਾਈ ਕਰਦੇ ਰਾਜ ਮਿਸਤਰੀ ਦੇ ਜ਼ਿਹਨ ਵਿੱਚ ਵੀ ਹੁੰਦੀ ਐ, ਰੇੜ੍ਹੀ ਖਿੱਚੀ ਜਾਂਦੇ,, ਰਿਕਸ਼ਾ ਚਲਾਉਂਦੇ ਰਿਕਸ਼ਾ ਚਾਲਕ, ਸੜਕ ਕਿਨਾਰੇ ਜੁੱਤੀਆਂ ਗੰਢਦੇ ਮੋਚੀ, ਦੇ ਜ਼ਿਹਨ ਵਿੱਚ ਵੀ ਪਨਪਦੀ ਐ

ਮੇਰੀ ਨਿਗੂਣੀ ਸੋਚ ਮੁਤਾਬਕ ਦੁਨੀਆਂ ਤੇ ਆਇਆ ਹਰ ਮਨੁੱਖ ਹੀ ਲੇਖਕ ਜਾਂ ਕਵੀ ਹੁੰਦੈ । ਕਈਆਂ ਦੀ ਲੇਖਣੀ ਰੋਟੀ ਦੇ ਆਹਰ ਵਿੱਚ ਚੁੱਲ੍ਹੇ ਦੇ ਬਾਲਣ ਨਾਲ ਈ ਸੜ ਜਾਂਦੀ ਐ। ਉਂਜ ਜ਼ਿੰਦਗੀ ਦੇ ਸੋਹਲਵੇਂ ਵਰ੍ਹੇ ਵਿਚ ਹਰ ਵਿਅਕਤੀ ਕਵੀ ਹੁੰਦੈ ਪਰ ਹਾਲਾਤ ਉਸਨੂੰ ਮੂਕ ਰਹਿਣ ਲਈ ਮਜਬੂਰ ਕਰ ਦਿੰਦੇ ਹਨ।

ਮੀਆਂ ਵਾਰਿਸ ਸ਼ਾਹ ਨੇ ਚੌਧਰੀਆਂ ਦੇ ਪੁੱਤਰ ਤੇ ਤਖਤ ਹਜ਼ਾਰੇ ਦੇ ਮਾਲਕ ਧੀਦੋ ਰਾਂਝਾ ਤੇ ਚੌਧਰੀ ਚੂਚਕ ਦੀ ਧੀ ਹੀਰ ਦਾ ਤਾਂ ਕਿੱਸਾ ਲਿਖ ਦਿੱਤਾ ਉਂਝ ਰਾਂਝੇ ਤਾਂ ਕਾਗ਼ਜ਼ ਚੁਗਣ ਵਾਲੀਆਂ ਦੇ ਤੇ ਗੋਹਾ ਕੂੜਾ ਕਰਨ ਵਾਲੀਆਂ ਦੇ ਵੀ ਹੁੰਦੇ ਨੇ

ਮੈਂ ਬੜੀ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਆਮ ਲਿਖਤ ਤੇ ਅੱਟਣਾਂ ਵਾਲੇ ਹੱਥਾਂ ਦੀ ਲਿਖਤ ਵਿੱਚ ਕਿੰਨਾ ਕੁ ਅੰਤਰ ਹੁੰਦੈ

ਮੇਰੇ ਸ਼ਹਿਰ ਦੇ ਇਕ ਮਿਸਤਰੀਆਂ ਦਾ ਮੁੰਡੈ, ਅਮ੍ਰਿਤ, ਉਹਨੇ ਆਪਣੇ ਨਾਮ ਦੇ ਨਾਲ ਪਤਾ ਨਹੀਂ ਕਿਉਂ ਅਮ੍ਰਿਤ ਸਮਿਤੋਜ ਲਾ ਲਿਆ,,, ਟਰੈਕਟਰਾਂ ਦਾ ਮਿਸਤਰੀ ਐ,,ਮਾਨਸਾ ਦੇ ਰੇਲਵੇ ਪੁਲ ਦੇ ਥੱਲੇ ਟ੍ਰੈਕਟਰ ਮੁਰੰਮਤ ਦਾ ਕੰਮ ਕਰਦੈ, ਪਰ ਸਾਹਿਤਕ ਹਲਕਿਆਂ ਵਿੱਚ ਅਣਗੌਲਿਆ ਈ ਐ

ਪਰ ਮੈਨੂੰ ਪਤੈ ਜੇਠ ਹਾੜ ਦੀ ਰੁੱਤੇ ਚਿਉਂਦੇ ਮੁੜ੍ਹਕੇ ਚੋਂ ਅੱਟਣਾਂ ਵਾਲੇ ਹੱਥਾਂ ਨਾਲ ਜਦੋਂ ਉਹ ਕਵਿਤਾ ਲਿਖਦੈ ਤਾਂ ਮੈਨੂੰ ਉਹਦੀਆਂ ਲਿਖਤਾਂ ਤੋਂ ਜ਼ਿੰਦਗੀ ਦਾ ਯਥਾਰਥ ਨਜ਼ਰ ਆਉਂਦੈ । ਜਦੋਂ ਕਦੇ ਅਮ੍ਰਿਤ ਸਮਿਤੋਜ ਲਿਖਦੈ

**ਉਡਦਾ ਪਰਿੰਦਾ ਹਾਂ**
**ਟਹਿਣੀ ਬਹਿ ਜਾਵਣਾ**
**ਇਕ ਦੁਪਹਿਰ ਢਾਲਣਾ**
**ਬਿਰਖ ਨਹੀਂ ਲਿਜਾਵਣਾ।**
**ਸਿਤਮ ਦੀ ਫ਼ਿਜ਼ਾ ਨੇ**
**ਪਰ ਮੇਰੇ ਝਾੜਤੇ**
**ਉਦਾਸ ਬਿਰਖ ਝੜ ਗਿਆ**
**ਨਾਲੇ ਆਲ੍ਹਣਾ**
**ਸਾਨੂੰ ਕੀ ਤੇਰੇ**
**ਸੋਹਣਿਆਂ ਮਹਿਲਾਂ ਦਾ ਆਸਰਾ**
**ਅਸਾਂ ਤੇ ਤੱਤੀ ਸੜਕ ਤੋਂ**
**ਚੋਗਾ ਹੈ ਭਾਲਣਾ**

ਇਸ ਕਵਿਤਾ ਵਿਚ ਯਥਾਰਥ ਐ,,ਇਸ ਵਿੱਚ ਆਪਾ ਬਿਆਨ ਕੀਤਾ ਐ,,,, ਆਪਣੇ ਦਰਦ ਨੂੰ ਬਿਆਨ ਕਰਨ ਤੇ ਪਰਾਏ ਦਰਦ ਨੂੰ ਬਿਆਨ ਕਰਨ ਵਿਚ ਕਾਫੀ ਅੰਤਰ ਹੁੰਦੈ ,,, ਮੇਰਾ ਸੈਲਿਊਟ ਐ ਕਿਰਤੀ ਕਵੀ ਅਮ੍ਰਿਤ ਸਮਿਤੋਜ ਨੂੰ। ਸਾਹਿਤਕ ਸਭਾਵਾਂ ਨੂੰ ਕਿਰਤ ਦੇ ਮੁੜ੍ਹਕੇ ਚੋਂ ਜਨਮੇ ਅਜਿਹੇ ਕਵੀਆਂ ਨੂੰ ਬਣਦਾ ਸਤਿਕਾਰ ਦੇਣਾ ਚਾਹੀਦੈ।




## 'ਮੇਰੇ ਸੁਪਨੇ ਮੇਰੇ ਗੀਤ'–

ਅੱਜਕਲ੍ਹ ਦੋ–ਗਾਣਾ ਜੋੜੀਆਂ ਵਿੱਚ ਬਿੱਟੂ ਖੰਨੇ ਵਾਲੇ ਤੇ ਸੁਰਮਨੀ ਦੀ ਜੋੜੀ ਪੰਜਾਬ ਦੀਆਂ ਨਾਮਵਰ ਜੋੜੀਆਂ ਵਿੱਚੋਂ ਐ। ਬਿੱਟੂ ਖੁਦ ਗੀਤਕਾਰ ਐ,,,, ਬਿੱਟੂ ਬੇਸ਼ੱਕ ਖੰਨੇ ਰਹਿੰਦਾ ਐ ਪਰ ਉਹ ਮੂਲ ਰੂਪ ਵਿੱਚ ਮਾਨਸਾ ਦਾ ਈ ਐ। ਇਸੇ ਕਰਕੇ ਲੰਘਦਾ ਵੜਦਾ ਮੇਰੇ ਕੋਲ ਗੇੜਾ ਮਾਰ ਈ ਜਾਂਦੈ। ਬਿੱਟੂ ਆਪਣੇ ਲਿਖੇ ਗੀਤਾਂ ਦੀ ਕਿਤਾਬ ਮੈਨੂੰ ਦੇ ਗਿਆ ਸੀ ਜਿਸਦਾ ਟਾਈਟਲ ਐ 'ਮੇਰੇ ਸੁਪਨੇ ਮੇਰੇ ਗੀਤ'

ਇਸ ਕਿਤਾਬ ਵਿੱਚੋਂ ਇਕ ਗੀਤ ਸਾਂਝਾ ਕਰਦਾ ਹਾਂ ਜੋ ਅਸਲ ਪੰਜਾਬ ਦੀ ਅਜੋਕੀ ਸਥਿਤੀ ਦੀ ਤਸਵੀਰ ਐ। ਅੱਜਕਲ੍ਹ ਦੇ ਗੀਤਾਂ ਵਿੱਚ ਗੀਤਕਾਰ ਗਾਇਕ ਅਕਸਰ ਈ ਮਹਿੰਗੀਆਂ ਕਾਰਾਂ, ਹਥਿਆਰ, ਪੱਛਮੀ ਲਿਬਾਸ ਤੇ ਕੇਂਦਰਤ ਹੁੰਦੇ ਨੇ,,

ਪਰ ਪੰਜਾਬ ਦੀ ਸਥਿਤੀ ਜੋ ਹੈ ਕਿਸੇ ਤੋਂ ਗੁੱਝੀ ਨਹੀਂ
ਗੱਲ ਕਰਦੇ ਗੱਡੀਆਂ ਦੀ, ਕਈ ਕਰਦੇ ਨੱਢੀਆਂ ਦੀ
ਕਈ ਕਰਦੇ ਗੱਲ ਅਸਲੇ ਦੀ, ਕਈ ਜ਼ਾਤਾਂ ਪਾਤਾਂ ਦੀ
ਮੈਂ ਗੀਤਾਂ ਵਿੱਚ ਕਰਦਾਂ, ਗੱਲ ਕਰਾਂ ਹਾਲਾਤਾਂ ਦੀ
ਜੋ ਮਾਲਕ ਮੁਰੱਬਿਆਂ ਦੇ, ਬੱਸ ਮਰਲਿਆਂ ਜੋਗੇ ਰਹਿਗੇ
ਮਹਿੰਗਾਈ ਮਾਰ ਗਈ, ਬੱਸ ਤਰਲਿਆਂ ਜੋਗੇ ਰਹਿਗੇ
ਆਕੜ ਤੇ ਰੀਸਾਂ ਈ ਨੇ, ਨਹੀਂ ਗੱਲ ਕਰਦੇ ਦਾਤਾਂ ਦੀ
ਮੈਂ ਗੀਤਾਂ ਵਿੱਚ ਗੱਲ ਕਰਦਾਂ, ਗੱਲ ਕਰਾਂ ਹਾਲਾਤਾਂ ਦੀ
ਕੱਠੇ ਟੱਬਰ ਵਸਦੇ ਸੀ, ਸਭ ਹੋਗੇ ਖੱਖੜੀ ਖੱਖੜੀ
ਆਪਣਿਆਂ ਦੇ ਵੈਰੀ ਨੇ, ਪਾਉਂਦੇ ਗੈਰਾਂ ਨੂੰ ਗਲਵੱਕੜੀ
ਗੱਲ ਸੁਪਨਾ ਹੋ ਗਈ ਏ, ਦਾਦੀ ਦੀਆਂ ਬਾਤਾਂ ਦੀ
ਮੈਂ ਗੀਤਾਂ ਵਿੱਚ ਗੱਲ ਕਰਦਾਂ, ਗੱਲ ਕਰਾਂ ਹਾਲਾਤਾਂ ਦੀ
ਆਹ ਫੈਸ਼ਨ ਦੇ ਦੌਰ ਦੇ ਵਿੱਚ, ਲੱਥ ਗਈਆਂ ਸ਼ਰਮਾਂ ਨੇ
ਕੁੱਝ ਵੰਡਤੇ ਸਿਆਸਤ ਨੇ, ਕੁੱਝ ਵੰਡਤੇ ਧਰਮਾਂ ਨੇ
ਬਿੱਟੂ ਖੰਨੇ ਵਾਲਿਆ ਓਏ, ਨੀਂਦ ਉੱਡ ਗਈ ਰਾਤਾਂ ਦੀ
ਮੈਂ ਗੀਤਾਂ ਵਿੱਚ ਗੱਲ ਕਰਦਾਂ, ਗੱਲ ਕਰਾਂ ਹਾਲਾਤਾਂ ਦੀ

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਖਵਾ ਦੇ ਚੰਨਾ ਮੇਰਿਆ, ਵੇ ਨਾਗਣੀ ਦਾ ਭੋਰਾ

**ਬੇਸ਼ੱਕ ਆਰਥਿਕ ਤੌਰ ਤੇ ਨਾਗਣੀ ਨੇ ਵੀ ਬਹੁਤ ਘਰ ਬਰਬਾਦ ਕੀਤੇ ਹੋਣਗੇ ਪਰ ਚਿੱਟੇ ਵਾਂਗੂੰ ਕੋਈ ਨੌਜਵਾਨ ਥਾਂਏ ਰਹਿੰਦਾ ਨੀ ਸੀ ਵੇਖਿਆ ਅਤੇ ਨਾ ਹੀ ਇਸ ਦਾ ਸ਼ਿਕਾਰ ਨਾਬਾਲਗ ਬੱਚੇ ਹੁੰਦੇ ਸਨ । ਲਿਖਣਾ ਨਹੀਂ ਚਾਹੁੰਦਾ ਇੱਕ ਸਕੂਲ ਕੋਲ ਵਿਕਦੇ ਸਿਗਨੇਚਰ ਕੈਪਸੂਲਾਂ ਦਾ ਸ਼ਿਕਾਰ ਬਹੁਤ ਛੋਟੇ ਬੱਚੇ ਹੋ ਰਹੇ ਨੇ ।**

ਮੈਂਡੀ ਤੇ ਰੰਗੀਲੇ ਦਾ ਇਹ ਗੀਤ ਰੀਲਾਂ ਵਾਲੀਆਂ ਨੇ ਸੁਪਰ ਹਿੱਟ ਕਰ ਦਿੱਤਾ ਹੈ । ਹਮਾਤੜ ਵਰਗਾ ਨਾਲੇ ਤਾਂ ਸੁਨੱਖੀ ਜਿਹੀ ਬੀਬਾ ਨੂੰ ਵੇਖ ਕੇ ਰੀਲ ਤੇ ਠੂੰਗਾ ਮਾਰ ਲੈਂਦਾ , ਪੂਰਾ ਪਹਿਰਾ ਸੁਣਕੇ ਬਾਅਦ ਚ ਦੋ ਗਾਲਾਂ ਵੀ ਕੱਢ ਆਉਂਦਾ ਕਿ ਕਿੱਥੇ ਗੰਦ ਪਾਇਆ । ਪੂਰਾ ਗੀਤ ਸੁਣੀਏ ਤਾਂ ਦੋਵੇਂ ਪੱਖ ਉਘੇੜੇ ਗਏ ਹਨ ਜਿਵੇਂ ਆਮ ਦੋਗਾਣਿਆਂ ਚ ਹੁੰਦਾ ਹੈ । ਸ਼ਾਇਦ ਪੇਸ਼ਕਾਰ ਹੈ , ਸੰਗੀਤਕਾਰ ਸਚਿਨ ਅਹੂਜਾ ਨੂੰ ਵੀ ਲੋਕਾਂ ਨੇ ਵਾਹਵਾ ਖੰਡ ਪਾਈ ਹੈ ।

ਮੁੱਕ ਗੀ ਫੀਮ ਡੱਬੀ ਚੋਂ ਯਾਰੋ ਤੋਂ ਲੈ ਕੇ ਅਜਿਹੇ ਗੀਤ ਚੱਲਦੇ ਆ ਰਹੇ ਨੇ । ਅੱਜ ਸ਼ੋਸ਼ਲ ਮੀਡੀਆ ਦਾ ਯੁੱਗ ਹੈ , ਨੋਟਿਸ ਲਿਆ ਜਾਂਦਾ ਹੈ । ਚਲੋ ਵਧੀਆ ਗੱਲ ਐ ਕਿ ਨਸ਼ੇ ਨੂੰ ਪ੍ਰਮੋਟ ਕਰਦੇ ਗੀਤ ਦਾ ਲੋਕ ਵਿਰੋਧ ਕਰ ਰਹੇ ਹਨ ਪਰ ਲੱਗਦਾ ਕੀ ਇਹ ਵਿਰੋਧ ਫੇਸਬੁੱਕ ਤੱਕ ਹੀ ਸੀਮਤ ਹੈ ?ਅਸੀਂ ਕਿੱਥੇ ਰਹਿੰਦੇ ਹਾਂ ? ਕੀ ਸਾਡੇ ਆਸ ਪਾਸ ਚਿੱਟਾ , ਟਰਾਮਾਡੋਲ ਤੇ ਸਿਗਨੇਚਰ ਨੀ ਵਿਕ ਰਹੇ ? ਅਸੀਂ ਕਦੇ ਸਾਹ ਕੱਢਿਆ ਹੈ ? ਨਹੀਂ ! ਕਿਉਂਕਿ ਉਧਰੋਂ ਸੇਕ ਲੱਗਦਾ ਹੈ , ਫੇਸਬੁੱਕ ਤੇ ਮਸ਼ਹੂਰ ਹਸਤੀ ਨੂੰ ਗਾਲਾਂ ਕੱਢਣੀਆਂ ਸੌਖੀਆਂ , ਦੂਜੇ ਤਾਂ ਝੱਟ ਖਪਰੇ ਲੈਕੇ ਆ ਜਾਂਦੇ ਨੇ ।


ਨਸ਼ਾ ਕੋਈ ਵੀ ਨੀ ਚੰਗਾ ਪਰ ਕੀ ਨਾਗਣੀ ਚਿੱਟੇ ਤੋਂ ਖਤਰਨਾਕ ਹੈ ਜਿਸ ਦਾ ਅਸੀਂ ਵਿਰੋਧ ਕਰ ਰਹੇ ਹਾਂ । ਨਾਗਣੀ ਨਸ਼ੇ ਦੇ ਨਾਲ ਔਸਧੀ ਵੀ ਹੈ । ਸਿਆਣੇ ਕਹਿੰਦੇ ਆ ਕਿ ਮਾਰ ਕੇ ਖਾਧਾ ਜਹਿਰ ਵੀ ਫਾਇਦਾ ਕਰਦਾ ਤੇ ਲੋੜੋਂ ਵੱਧ ਘਿਉ ਵੀ ਮਾੜਾ ਹੁੰਦਾ । ਬੇਸ਼ੱਕ ਆਰਥਿਕ ਤੌਰ ਤੇ ਨਾਗਣੀ ਨੇ ਵੀ ਬਹੁਤ ਘਰ ਬਰਬਾਦ ਕੀਤੇ ਹੋਣਗੇ ਪਰ ਚਿੱਟੇ ਵਾਂਗੂੰ ਕੋਈ ਨੌਜਵਾਨ ਥਾਂਏ ਰਹਿੰਦਾ ਨੀ ਸੀ ਵੇਖਿਆ ਅਤੇ ਨਾ ਹੀ ਇਸ ਦਾ ਸ਼ਿਕਾਰ ਨਾਬਾਲਗ ਬੱਚੇ ਹੁੰਦੇ ਸਨ । ਲਿਖਣਾ ਨਹੀਂ ਚਾਹੁੰਦਾ ਇੱਕ ਸਕੂਲ ਕੋਲ ਵਿਕਦੇ ਸਿਗਨੇਚਰ ਕੈਪਸੂਲਾਂ ਦਾ ਸ਼ਿਕਾਰ ਬਹੁਤ ਛੋਟੇ ਬੱਚੇ ਹੋ ਰਹੇ ਨੇ । ਕਿੱਧਰ ਜਾਈਏ ! ਜਿੱਧਰ ਨੂੰ ਇਹ ਸਭ ਵੇਖ ਕੇ ਲੋਕ ਭੱਜ ਰਹੇ ਹਨ ਉੱਥੇ ਤਾਂ ਇਹ ਸਭ ਲੀਗਲ ਕਰੀ ਜਾ ਰਹੇ ਹਨ । ਲੱਗਦੈ ਫੇਸਬੁੱਕ ਵਿਰੋਧ ਵੀ ਕਾਗਜੀ ਰਹਿ ਗਿਆ ਨਹੀਂ ਇੱਕ ਗਾਣੇ ਦਾ ਵਿਰੋਧ ਕਰਨ ਵਾਲੇ ਸਮਾਜ ਚ ਐਨਾ ਖਤਰਨਾਕ ਨਸ਼ਾ ਜੜ੍ਹਾਂ ਤੱਕ ਨਹੀਂ ਸੀ ਜਾ ਸਕਦਾ ।



ਹੁਣ ਇੱਕ ਆਪਣੀ ਗੱਲ ! ਫਰਵਰੀ ਚ ਇੱਕ ਅਪ੍ਰੇਸ਼ਨ ਕਰਵਾਇਆ ਸੀ ਜਿਸ ਕਰਕੇ ਸੁੰਨ ਵਾਲਾ ਟੀਕਾ ਢੂਹੀ ਚ ਲੱਗਿਆ । ਅਖੀਰ ਵਾਰ ਡਾਕਟਰ ਨੇ ਮੁਸਕਰਾ ਕੇ ਕਿਹਾ ਕਿ ਤੇਰੀ ਅੱਜ ਤੋਂ ਦਵਾਈ ਬੰਦ । ਮੈਂ ਵੀ ਖ਼ੁਸ਼ ਹੋਇਆ ਪਰ ਇਹ ਖ਼ੁਸ਼ੀ ਥੋੜ ਚਿਰੀ ਸੀ । ਘਰ ਆਕੇ ਢੂਹੀ ਨੇ ਚੀਕਾਂ ਪਵਾ ਦਿੱਤੀਆਂ , ਮੁੜ ਡਾਕਟਰ ਕੋਲ ਗਿਆ ਉਸ ਨੇ ਦਵਾਈ ਦਿੱਤੀ ਫਿਰ ਉਹੀ ਹਾਲ । ਦੂਜੀ ਵਾਰ ਪਰੇਗਾਬਲਿਨ ਸਾਲਟ ਦਿੱਤਾ ਉਸ ਦਾ ਅਸਰ ਵੀ ਕੁੱਝ ਘੰਟੇ । ਫਿਰ ਇੱਕ ਚੂਸਣ ਵਾਲੀ ਗੋਲੀ ਦਿੱਤੀ ਉਸ ਨਾਲ ਕੁੱਝ ਘੰਟੇ ਨੀਂਦ ਆ ਜਿਆ ਕਰੇ ਪਰ ਦਰਦ ਨਾ ਰੁਕੇ । ਰਾਤਾਂ ਨੂੰ ਉੱਠ ਉੱਠ ਬਹਿੰਦਾ । ਇੱਕ ਮਿੱਤਰ ਪਤਾ ਲੈਣ ਆ ਗਿਆ ਉਸ ਨੇ ਸਭ ਛੱਡ ਨਾਗਣੀ ਦੀ ਸਲਾਹ ਦਿੱਤੀ ਤੇ ਬਾਜਰੇ ਦੇ ਦਾਣੇ ਜਿਨੀ ਖਵਾ ਵੀ ਗਿਆ , ਪੂਰਾ ਟਿਕਾਅ ਰਿਹਾ । ਫਿਰ ਉਸ ਤੋਂ ਆਪ ਮੰਗ ਕੇ ਲਈ , ਹਫਤਾ ਖਾਧੀ ਤੇ ਛੱਡ ਦਿੱਤੀ । ਚਾਰ ਮਹੀਨੇ ਹੋਗੇ ਮੁੜ ਕਦੇ ਦਰਦ ਨੀ ਹੋਇਆ । ਹੁਣ ਕਦੇ ਕਦਾਈਂ ਰਾਤ ਨੂੰ ਖਸਖਸ ਕੁੱਟ ਕੇ ਦੁੱਧ ਚ ਉਬਾਲ ਕੇ ਜ਼ਰੂਰ ਪੀ ਲਈਦੀ ਹੈ , ਨੀਂਦ ਵੀ ਚੰਗੀ ਆਉਂਦੀ ਹੈ । ਅਖੀਰ ਵਿੱਚ ਫਿਰ, ਨਸ਼ਾ ਹਰ ਇੱਕ ਮਾੜਾ ਹੈ, ਸੋਫੀ ਨਾਲ ਦੀ ਰੀਸ ਨਹੀਂ । ਜਿਨ੍ਹਾਂ ਬਚਿਆ ਜਾ ਸਕਦਾ ਓਨਾ ਚੰਗਾ ਪਰ ਇੱਕ ਗੀਤ ਚ ਨਸ਼ਾ ਦਾ ਨਾਮ ਲੈਣ ਬਦਲੇ ਗਾਲ੍ਹਾਂ ਪਰ ਕੰਧ ਨਾਲ ਵਿਕਦੇ ਮਾਰੂ ਨਸ਼ਿਆਂ ਪ੍ਰਤੀ ਚੁੱਪੀ ਕਿਉਂ । ਹੋਰ ਤਾਂ ਹੋਰ ਇਸ ਨੂੰ ਵੇਚਣ ਲੱਗੇ ਜਾਂ ਵੇਚਣ ਲਈ ਸ਼ਹਿ ਦੇ ਰਹੇ ਮੋਹਤਬਰਾਂ ਨੂੰ ਅਸੀਂ ਕਦੇ ਵੋਟਾਂ ਪਾਉਣ ਦਾ ਪਛਤਾਵਾ ਵੀ ਨਹੀਂ ਕੀਤਾ ਹੋਣਾ । ਸਾਡਾ ਦੋਗਲਾ ਕਿਰਦਾਰ ਵੀ ਨਸ਼ਿਆਂ ਤੋਂ ਵੱਧ ਸਾਡੇ ਲਈ ਖਤਰਨਾਕ ਹੈ ।



**(ਮੁਖਤਿਆਰ ਪੱਖੋ ਦੀ ਬਿਜਲਈ ਕੰਧ ਉੱਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )**



# ਉਹ ਵੇਲਾ ਯਾਦ ਕਰ

ਬਲਵਿੰਦਰ ਕੌਰ ਬਰਾੜ
403 590 9629



# ਕਿੰਨਾ ਵਧੀਆ ਵੇਲਾ ਸੀ ਜਦ ਘੜੀ ਕਿਸੇ ਕਿਸੇ ਕੋਲ ਸੀ ਪਰ ਵਕਤ ਸਭ ਕੋਲ ਸੀ

**ਮੈਂ ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ**
**ਮੈਂ ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ।**
**(ਭਾਈ ਵੀਰ ਸਿੰਘ)**


ਵਕਤ ਦੇ ਨਕਸ਼ ਉਲੀਕਦੇ ਲੋਕ ਦਸਦੇ ਹਨ ਕਿ ਸਮਾਂ ਬੜਾ ਬਲਵਾਨ ਹੁੰਦਾ ਹੈ ਇਹ ਤਾਂ ਵੱਡੇ ਵੱਡਿਆਂ ਨੂੰ ਔਕਾਤ ਯਾਦ ਕਰਵਾ ਦਿੰਦਾ ਹੈ, ਸਮਾਂ ਬੜਾ ਸਮਰੱਥ ਹੈ ਇਹ ਤਾਂ ਨੀਚੋਂ ਊਚ ਕਰਵਾ ਲੈਂਦਾ ਹੈ ਜਾਂ ਸਮਾਂ ਬੜਾ ਮਿਹਰਵਾਨ ਵੀ ਹੋ ਸਕਦਾ ਹੈ ਜੋ ਵੱਡੇ ਤੋਂ ਵੱਡੇ ਸੱਲ ਲਈ ਵੀ ਆਠਰਨ ਦੀ ਦਵਾ ਬਣ ਜਾਂਦਾ ਹੈ। ਇੱਕ ਗੱਲ ਹੋਰ ਹੈ ਕਿ ਸਮਾਂ ਤੁਰਦਾ ਬੜਾ ਚੱਕਵੇਂ ਪੈਰੀਂ ਹੈ। ਪਤਾ ਹੀ ਨਹੀਂ ਲਗਦਾ ਕਦੋਂ ਦਿਨਾਂ, ਹਫ਼ਤਿਆਂ, ਮਹੀਨਿਆਂ, ਸਾਲਾਂ ਅਤੇ ਦਹਾਕਿਆਂ ਤੋਂ ਲੰਘਦਾ ਮੁੱਠੀ ਵਿਚਲੀ ਰੇਤ ਵਾਂਗ ਕਿਰ ਜਾਂਦਾ ਹੈ। ਜੋ ਆਦਮੀ ਇਸ ਦੀ ਜਿੰਨੀ ਕੁ ਵੀ ਡਾਹ ਲੈਂਦਾ ਹੈ, ਓਨਾ ਹੀ ਹੋਰਨਾਂ ਤੋਂ ਅੱਗੇ ਜਾ ਨਿਕਲਦਾ ਹੈ। ਅਜੋਕੀ ਪੀੜ੍ਹੀ ਦੁਆਰਾ ਅੱਜ ਦਾ ਕੰਮ ਕੱਲ੍ਹ ਤੇ ਛੱਡਣਾ ਸਾਡੀ ਪੀੜ੍ਹੀ ਨੂੰ ਹਜ਼ਮ ਨਹੀਂ ਹੁੰਦਾ ਜੋ ਕੋਲ ਕੰਮਾਂ ਦੇ ਖਿਲਾਰੇ ਵਾਲੀ ਅੱਚਵੀ ਪਾਲ਼ਦੇ ਰਹੇ ਹਾਂ। ਮੈਂ ਕਿਸੇ ਬੱਚੇ ਨੂੰ ਕਿਹਾ ਅੱਜ ਦਾ ਕੰਮ ਕੱਲ੍ਹ ਤੇ ਨਾ ਛੱਡਿਆ ਕਰ। ਉਸ ਨੇ ਚੁਸਤ ਜਵਾਬ ਦਿੱਤਾ,ਹਾਂ ਜੀ, ਪਰਸੋਂ ਕਿਹੜਾ ਦਿਨ ਨੀ ਚੜ੍ਹਨਾ। ਅਸੀਂ ਪੜ੍ਹਿਆ ਸੀ ਕੋਈ ਵੀ ਗਵਾਚੀ ਵਸਤ ਮਿਲ ਸਕਦੀ ਹੈ ਪਰ ਸਮਾਂ ਗਿਆ ਵਾਪਸ ਨਹੀਂ ਮਿਲਦਾ। ਮੈਂ ਕਿਸੇ ਅਫਸਰ ਦੀ ਕੁਰਸੀ ਪਿੱਛੇ ਕੰਧ ਤੇ ਲਿਖੀ ਇਬਾਰਤ ਪੜ੍ਹੀ ਸੀ,ਅਜਾਈਂ ਗੰਵਾਇਆ ਹਰ ਪਲ ਤੁਹਾਡੀ ਬਰਬਾਦੀ ਵਿਚ ਜਾ ਰਲਦਾ ਹੈ। ਕਹਿੰਦੇ ਹਨ ਕੁਦਰਤ ਸਭ ਨੂੰ ਮੌਕਾ ਦਿੰਦੀ ਹੈ ਸਾਨੂੰ ਸਾਂਭਣਾ ਨਹੀਂ ਆਉਂਦਾ। ਕਿਹਾ ਜਾਂਦਾ ਹੈ ਜਦ ਭਗਵਾਨ ਸਾਡੇ ਘਰ ਆਏ ਹੁੰਦੇ ਹਨ ਅਸੀਂ ਬਾਹਰ ਗਏ ਹੁੰਦੇ ਹਾਂ। ਬਹੁਤ ਸੁਹਣੇ ਨੇ ਉਹ ਲੋਕ ਜੋ ਵਕਤ ਪੈਣ ਤੇ ਆਪਣਿਆਂ ਲਈ ਸਮਾਂ ਕਢਦੇ ਹਨ। ਸਮਾਂ ਦੇਣਾ ਅਣਮੁੱਲਾ ਤੋਹਫ਼ਾ ਹੈ। ਜੋ ਸਮੇਂ ਦੀ ਕਦਰ ਕਰਦਾ ਹੈ ਸਮਾਂ ਵੀ ਉਸੇ ਨੂੰ ਸਾਂਭਦਾ ਹੈ। ਅੱਜ ਲੋਕ ਵਰ੍ਹਿਆਂ ਵਿਚ ਨਹੀਂ ਸਗੋਂ ਦਿਨਾਂ ਤੇ ਛਿਣਾਂ ਵਿਚ ਜਿਉਂਦੇ ਹਨ। ਪਲਾਂ ਦਾ ਕਲੋਜ਼–ਅਪ ਲਿਖਣਾ ਮੁਹਾਲ ਹੈ। ਵਕਤ, ਖਾਹਿਸ਼ਾਂ ਅਤੇ ਸੁਪਨੇ ਹੱਥ–ਬੰਨ੍ਹੀ ਘੜੀ ਵਾਂਗ ਹਨ, ਉਤਾਰ ਕੇ ਰੱਖ ਦਿਓ ਤਾਂ ਵੀ ਚਲਦੇ ਹਨ। ਸਮਾਂ, ਵਿਅੱਕਤੀ ਅਤੇ ਸੰਬੰਧ ਗੰਵਾ ਕੇ ਹੀ ਪਤਾ ਲਗਦਾ ਹੈ। ਰਸੂਲ ਹਮਜ਼ਾਤੋਵ ਦਾ ਕਥਨ ਹੈ, ਜੇ ਤੁਸੀਂ ਅਤੀਤ ਤੇ ਗੋਲ਼ੀ ਚਲਾ ਦਿਓਗੇ ਭਵਿੱਖ ਤੁਹਾਨੂੰ ਤੋਪ ਨਾਲ ਉਡਾ ਦੇਵੇਗਾ। ਸਮਝ ਅਤੇ ਸਮਾਂ ਕਿਸੇ ਵਿਰਲੇ ਨੂੰ ਹੀ ਇਕੱਠੇ ਮਿਲਦੇ ਹਨ। ਜਦ ਸਮਝ ਪੈਂਦੀ ਹੈ ਸਮਾ ਵਿਹਾਝ ਗਿਆ ਹੁੰਦਾ ਹੈ। ਅਸੀਂ ਹੋਰਾਂ ਨੂੰ ਦਿਲਾਸਾ ਦੇਣ ਲੱਗੇ ਆਖਦੇ ਹਾਂ,ਜੇ ਚੰਗਾ ਸਮਾ ਨਹੀਂ ਰਿਹਾ ਮਾੜਾ ਵੀ ਬੀਤ ਹੀ ਜਾਣਾ ਹੈ। ਇਤਿਹਾਸ ਦੀ ਹਿੱਕ ਤੇ ਪੈੜ ਕਰਨ ਵਾਲੇ ਮਹਾਨ ਲੋਕ ਸਮੇ ਤੋਂ ਪਾਰ ਤੱਕ ਜਿਉਂਦੇ ਹਨ। ਹਰ ਪਲ ਦੀ ਗ਼ਲਤੀ ਤੇ ਕਾਰਨਾਮੇ ਹੀ ਸਾਡੀ ਕਿਸਮਤ ਉਲੀਕਦੇ ਹਨ। ਅਤੀਤ ਦੀਆਂ ਗ਼ਲਤੀਆਂ ਭਵਿੱਖ ਤੱਕ ਪਲਦੀਆਂ ਹਨ – ਤਾਰੀਖ਼ ਕੇ ਪੰਨੋ ਨੇ ਵੋਹ ਦੌਰ ਭੀ ਦੇਖਾ ਹੈ, ਲਮਹੇ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।

ਕਈ ਵਾਰੀ ਵਕਤ ਅਛੋਪਲੇ ਹੀ ਲੰਘ ਜਾਂਦਾ ਹੈ। ਸਾਡੀਆਂ ਰੀਝਾਂ ਮਧੋਲ ਕੇ ਅਕਸਰ ਹੀ ਗੁਲਜ਼ਾਰ ਨੂੰ ਦੁਹਰਾ ਰਹੇ ਹਾਂ – ਪਹਿਲੇ ਉਮਰ ਨਹੀਂ ਥੀ, ਅਬ ਉਮਰ ਨਹੀਂ ਰਹੀ। ਅਜਿਹੇ ਕਈ ਪਲ ਸੀਨੇ ਵਿਚ ਫ਼ਰੀਜ਼ ਹੋ ਕੇ ਰਹਿ ਜਾਂਦੇ ਹਨ ਜਦ ਉਮਰ ਦੀਆਂ ਕੜਕਦੀਆਂ ਦੁਪਹਿਰਾਂ ਵਿਚ ਕਿਸੇ ਦੀਆਂ ਪਲਕਾਂ ਦੀ ਛਾਂ ਵਿਚ ਜ਼ਿੰਦਗੀ ਕੱਟਣ ਦੀ ਰੀਝ ਦਾ ਹਰ ਦਿਨ ਡੱਕਰੇ ਕਰ ਕੇ ਸੁੱਕਣੇ ਪਾ ਦਿੱਤਾ ਹੋਵੇ। ਵਕਤ ਕੱਚ ਦੀਆਂ ਗੁਰਗਾਬੀਆਂ ਪਾ ਤੁਰਿਆ ਸੀ, ਬਸ ਅਛੋਪਲਾ ਹੀ ਕੋਲੋਂ ਲੰਘ ਗਿਆ। ਫ਼ਰੀਜ਼ ਹੋਏ ਪਲ ਕਈ ਵਾਰ ਉਡਦੇ ਪਰਿੰਦਿਆਂ ਹੱਥ ਭੇਜੀ ਗਾਥਾ ਵਰਗੇ, ਪਵਿੱਤਰ ਸਮੁੰਦਰ ਦੀਆਂ ਛੱਲਾਂ ਤੇ ਲਿਖੀ ਇਬਾਰਤ ਵਰਗੇ, ਦਰਗਾਹੀਂ ਬਲ਼ਦੇ ਦੀਵੇ ਦੀ ਲਾਟ ਵਰਗੇ ਜਾਂ ਤਲ਼ੀ ਤੇ ਡਿੱਗੀ ਕਣੀ ਨਾਲ ਮਹਿਬੂਬ ਦੀ ਇਬਾਰਤ ਵਰਗੇ ਹੋਣ। ਵਕਤ ਨਾਲ ਯਾਦਾਂ ਭੁਰ ਜਾਂਦੀਆਂ ਨੇ, ਕੰਨ ਪਛਾਣੀ ਆਵਾਜ਼ ਨੂੰ ਤਰਸਦੇ ਹਨ। ਇਕ ਉਲੇਖ ਇਉਂ ਹੈ – ਅਸੀਂ ਛੋਟੇ ਛੋਟੇ ਸੀ ਜਦ ਸਾਡਾ ਗਵਾਂਢੀ ਬਾਬਾ ਨਰੈਣਾ ਬੜੇ ਸੁਆਦ ਨਾਲ ਕਹਾਣੀ ਸੁਣਾਉਂਦਾ ਸੀ। ਉਸ ਦੇ ਮੂੰਹ ਤੇ ਵੱਢੀ ਕਣਕ ਦੇ ਕਰਚਿਆਂ ਵਰਗੀ ਕਰੜ–ਬਰੜੀ ਦਾੜ੍ਹੀ ਹੁੰਦੀ, ਮੌਂਢੇ ਤੇ ਮੈਲ਼ਾ ਖੇਸ ਹੁੰਦਾ।

ਅਸੀਂ ਪੈਰਾਂ ਭਾਰ ਬੈਠ ਕੇ ਉਸ ਦੇ ਮੂਹ ਵੱਲ ਵੇਖਦੇ ਘੇਰਾ ਘੱਤ ਲੈਂਦੇ। ਘਰੋਂ ਹਾਕਾਂ ਪੈਂਦੀਆਂ ਵਿਹੁ ਵਰਗੀਆਂ ਲਗਦੀਆਂ। ਘਰ ਦੇ ਉਸ ਦੇ ਮੁਸ਼ਕ ਮਾਰਦੇ ਵਜੂਦ ਤੋਂ ਜੂੰਆਂ ਚੜ੍ਹਨ ਜਿਹਾ ਸਹਿਮ ਪਾਉਂਦੇ ਪਰ ਉਹ ਸਾਡਾ ਸਮਾ ਬੰਨ੍ਹ ਲੈਂਦਾ, ਆਖਦਾ,ਹੇਠਲੇ ਬਜ਼ਾਰ ਦੀ ਠੀਕਰੀ ਉਤਲੇ ਬਜ਼ਾਰ ਦਾ ਪਤਾਸਾ, ਸੁਣੋ ਬਾਤ ਦਾ ਪਾਸਾ। ਇਕ ਵਾਰੀ ਭਾਈ ਮੁਲਖ ਦਾ ਰਾਜਾ ਜੰਗਲਚ ਭਟਕ ਗਿਆ। ਚਲੋ ਚਾਲ ਤੁਰਦਾ ਗਿਆ। ਬਾਬੇ ਦੀ ਕਹਾਣੀ ਅਕਸਰ ਇਕ ਵਾਰੀ ਭਾਈ ਤੋਂ ਸ਼ੁਰੂ ਹੁੰਦੀ। ਉਹ ਸਾਨੂੰ ਕੀਲ ਲੈਂਦਾ ਸੀ। ਅਸੀਂ ਲੰਘੇ ਪਲਾਂ ਤੋਂ ਉੱਕਾ ਹੀ ਗ਼ੈਰਹਾਜ਼ਰ ਹੋ ਕੇ ਕਹਾਣੀ ਦੇ ਪਾਤਰਾਂ ਤੇ ਸਮੇ ਦੇ ਹਾਣੀ ਹੋ ਤੁਰਦੇ। ਕਈ ਦਹਾਕੇ ਪਹਿਲਾਂ ਜਹਾਨੋ ਕੂਚ ਕਰ ਗਏ ਉਸ ਬਾਬੇ ਨੂੰ ਸੱਜਰਾ ਕਰਦਿਆਂ ਜਿਵੇਂ ਸਮਾ ਮੈਨੂੰ ਮੇਰੇ ਪਹਿਲੇ ਅਧਿਆਏ ਵਿਚ ਲੈ ਗਿਆ ਹੋਵੇ। ਕਿੰਨੇ ਸੁਖਦ ਦਿਨ ਸਨ ਪਰ ਜਦ ਲੰਘ ਰਹੇ ਸੀ ਪਤਾ ਨਹੀਂ ਲੱਗਾ। ਕਿੰਨਾ ਵਧੀਆ ਵੇਲਾ ਸੀ ਜਦ ਘੜੀ ਕਿਸੇ ਕਿਸੇ ਕੋਲ ਸੀ ਪਰ ਵਕਤ ਸਭ ਕੋਲ ਸੀ। ਉਸ ਸਮੇ ਰੁੱਖ ਦੀ ਲਗਰ ਮੇਰੀ ਦੇਹੀ ਦਾ ਭਾਰ ਝਲਦੀ ਸੀ। ਫੇਰ ਵਕਤ ਤਲਖੀਆਂ ਸੰਗ ਜਾ ਖੜ੍ਹਾ, ਜੋ ਵੀ ਇੰਨ੍ਹਾਂ ਸੰਗ ਹੱਸ ਕੇ ਸਮਾ ਕਢਦਾ ਹੈ, ਓਹੀ ਅੱਗੇ ਜਾਂਦਾ ਹੈ, ਨਹੀਂ ਤਾਂ ਲੀਹ ਤੋਂ ਥਿੜਕੇ ਪੈਰ ਦੀ ਮਾੜੀ ਜਿਹੀ ਟੇਢ ਵੀ ਦੂਰ ਤਕ ਬਰਬਾਦ ਕਰਦੀ ਹੈ। ਤਾਂ ਹੀ ਤਾਂ ਆਖਦੇ ਨੇ ਵਕਤੋਂ ਖੁੰਝੀ ਡੂਮਣੀ ਗਾਵੇ ਆਲ਼ ਪਤਾਲ਼ ਜਾਂ ਵੇਲੇ ਦਾ ਕੰਮ ਕੁਵੇਲੇ ਦੀਆਂ ਟੱਕਰਾਂ। ਪਰ ਜੋ ਸਮੇ ਨਾਲ ਤੁਰਦੇ ਹਨ ਉਨ੍ਹਾਂ ਬਾਰੇ ਕਵੀ ਆਖਦਾ ਹੈ –

**ਹਨੇਰਾ ਹੋਣ ਤੋਂ ਪਹਿਲਾਂ ਜੋ ਦੀਵੇ ਭਾਲ਼ ਰਖਦੇ ਨੇ,**
**ਹਨੇਰੇ ਵਿਚ ਵੀ ਉਹ ਲੋਕ ਚਾਨਣ ਨਾਲ਼ ਰਖਦੇ ਹਨ।**
**ਜਿੰਨ੍ਹਾਂ ਦੇ ਹੌਸਲੇ ਵੱਡੇ ਜਿੰਨ੍ਹਾਂ ਦੇ ਦਾਈਏ ਵੱਡੇ ਨੇ,**
**ਉਹ ਆਪਣੀ ਸੋਚ ਨੂੰ ਹਰ ਵਕਤ ਮਾਲਾ ਮਾਲ ਰਖਦੇ ਹਨ।**

# ਜਦੋਂ ਹੈਲੀਕਾਪਟਰ ਨੇ ਸੜਕ ਰਸਤੇ ਯਾਤਰਾ ਕੀਤੀ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਇਹ ਦਿਲਚਸਪ ਘਟਨਾ ਸੰਨ 1999 ਦੀ ਹੈ ਜਦੋਂ ਮੈਂ ਖੰਨਾ ਪੁਲਿਸ ਜ਼ਿਲ੍ਹੇ ਦੀ ਪਾਇਲ ਸਬ ਡਵੀਜ਼ਨ ਦਾ ਡੀ.ਐਸ.ਪੀ. ਲੱਗਾ ਹੋਇਆ ਸੀ। ਇੱਕ ਦਿਨ ਪੰਜਾਬ ਦੇ ਮੁੱਖ ਮੰਤਰੀ ਪਾਇਲ ਦੇ ਨਜ਼ਦੀਕ ਰਾਏਪੁਰ ਪਿੰਡ ਵਿਖੇ ਪਧਾਰੇ ਸਨ। ਰਾਏਪੁਰ ਉਹਨਾਂ ਦੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਦਾ ਪਿੰਡ ਸੀ ਤੇ ਮੁੱਖ ਮੰਤਰੀ ਨੇ ਉਸ ਦੇ ਕਿਸੇ ਨਿੱਜੀ ਸਮਾਗਮ ਵਿੱਚ ਸ਼ਾਮਲ ਹੋਣਾ ਸੀ ਤੇ ਉਸ ਤੋਂ ਬਾਅਦ ਲੁਧਿਆਣਾ ਜਾਣਾ ਸੀ। ਮੇਰੀ ਡਿਊਟੀ ਫੋਰਸ ਸਮੇਤ ਹੈਲੀਪੈਡ ਅਤੇ ਆਸ ਪਾਸ ਦੀ ਸੁਰੱਖਿਆ ਕਰਨ ਲਈ ਲਗਾਈ ਗਈ ਸੀ। ਪਰ ਅਚਾਨਕ ਪ੍ਰੋਗਰਾਮ ਵਿੱਚ ਕੁਝ ਤਬਦੀਲੀ ਹੋ ਗਈ ਤੇ ਪਾਰਟੀ ਪ੍ਰਧਾਨ ਨੇ ਮੁੱਖ ਮੰਤਰੀ ਨੂੰ ਨਜ਼ਦੀਕੀ ਪਿੰਡ ਘੁੰਗਰਾਲੀ ਰਾਜਪੂਤਾਂ ਵਿਖੇ ਚੱਲ ਰਹੇ ਖੇਡ ਮੇਲੇ ਵਿੱਚ ਇਨਾਮ ਵੰਡਣ ਜਾਣ ਵਾਸਤੇ ਮਨਾ ਲਿਆ। ਘੁੰਗਰਾਲੀ ਰਾਜਪੂਤਾਂ ਉਥੋਂ ਸਿਰਫ 4–5 ਕਿ.ਮੀ. ਦੂਰ ਸੀ, ਇਸ ਲਈ ਮੁੱਖ ਮੰਤਰੀ ਗੱਡੀਆਂ ਦੇ ਕਾਫਲੇ ਰਾਹੀਂ ਚਲੇ ਗਏ। ਪਾਇਲਟਾਂ ਵਾਸਤੇ ਮੇਰੇ ਵਾਇਰਲੈੱਸ ਸੈੱਟ 'ਤੇ ਆਦੇਸ਼ ਆ ਗਿਆ ਕਿ ਉਹ ਹੈਲੀਕਾਪਟਰ ਉਥੇ ਲੈ ਆਉਣ ਤਾਂ ਜੋ ਵਾਪਸ ਰਾਏਪੁਰ ਆਉਣ ਦੀ ਬਜਾਏ ਉਥੋਂ ਹੀ ਲੁਧਿਆਣੇ ਲਈ ਉਡਾਣ ਭਰੀ ਜਾ ਸਕੇ।

ਸਾਰੇ ਅਫਸਰ ਅਤੇ ਨੇਤਾ ਮੁੱਖ ਮੰਤਰੀ ਦੇ ਅੱਗੜ ਪਿੱਛੜ ਘੱਟਾ ਉਡਾਉਂਦੇ ਹੋਏ ਘੁੰਗਰਾਲੀ ਰਾਜਪੂਤਾਂ ਵੱਲ ਦੌੜ ਗਏ। ਹੈਲੀਪੈਡ 'ਤੇ ਮੈਂ, ਹੈਲੀਕਾਪਟਰ ਦਾ ਚਾਲਕ ਦਲ ਤੇ ਥੋੜ੍ਹੇ ਜਿਹੇ ਸਿਪਾਹੀ ਰਹਿ ਗਏ। ਉਸ ਸਮੇਂ ਬਹੁਤ ਘੱਟ ਲੋਕਾਂ ਕੋਲ ਮੋਬਾਇਲ ਫੋਨ ਹੁੰਦੇ ਸਨ। ਸੋਨੀ ਐਰਿਕਸਨ, ਮੋਟਰੋਲਾ ਜਾਂ ਨੋਕੀਆ ਦੇ ਮੋਟੇ ਮੋਟੇ ਐਨਟੀਨਾ ਵਾਲੇ ਮੋਬਾਇਲ ਹੁੰਦੇ ਸਨ, ਪਰ ਉਹ ਵੀ ਜੀ.ਟੀ. ਰੋਡ ਦੇ ਨਾਲ ਨਾਲ ਅਤੇ ਵੱਡੇ ਸ਼ਹਿਰਾਂ ਵਿੱਚ ਹੀ ਚੱਲਦੇ ਸਨ। ਜਿੱਥੇ ਕਿਤੇ ਵੀ.ਆਈ.ਪੀ ਨੇ ਆਉਣਾ ਹੋਵੇ, ਉਥੇ ਹੈਲੀਕਾਪਟਰ ਦੀ ਲੈਂਡਿੰਗ ਕਰਾਉਣ ਲਈ ਆਰਜ਼ੀ ਹੈਲੀਪੈਡ ਬਣਾ ਕੇ, ਮੌਕੇ 'ਤੇ ਖੜ੍ਹ ਕੇ ਗਲੋਬਲ ਪੋਜ਼ੀਸ਼ਨਿੰਗ ਸਿਸਟਮ (ਜੀ.ਪੀ.ਐੱਸ.) ਰਾਹੀਂ ਦਿਸ਼ਾਵਾਂ (ਡਿਗਰੀਆਂ) ਕੱਢ ਕੇ ਭੇਜਣੀਆਂ ਪੈਂਦੀਆਂ ਹਨ। ਹੁਣ ਤਾਂ ਹਰ ਫੋਨ ਵਿੱਚ ਜੀ.ਪੀ.ਐੱਸ. ਹੈ, ਪਰ ਉਸ ਸਮੇਂ ਬਹੁਤ ਪੰਗਾ ਪੈਂਦਾ ਸੀ। ਨਜ਼ਦੀਕੀ ਛਾਉਣੀ ਜਾਂ ਏਅਰ ਫੋਰਸ ਸਟੇਸ਼ਨ ਤੋਂ ਤਰਲੇ ਕੱਢ ਕੇ ਜੀ.ਪੀ.ਐੱਸ ਮੰਗਵਾ ਕੇ ਡਿਗਰੀਆਂ ਕੱਢ ਕੇ ਸੀ.ਐਮ. ਹਾਊਸ ਭੇਜਣੀਆਂ ਪੈਂਦੀਆਂ ਸਨ, ਤਾਂ ਕਿਤੇ ਹੈਲੀਕਾਪਟਰ ਲੈਂਡਿੰਗ ਕਰਦਾ ਸੀ।



ਅਚਾਨਕ ਪ੍ਰੋਗਰਾਮ ਬਣ ਜਾਣ ਕਾਰਨ ਪਾਇਲਟਾਂ ਕੋਲ ਘੁੰਗਰਾਲੀ ਰਾਜਪੂਤਾਂ ਹੈਲੀਪੈਡ ਦੀਆਂ ਡਿਗਰੀਆਂ ਨਹੀਂ ਸਨ। ਮੈਂ ਪਾਇਲ ਤਾਇਨਾਤ ਹੋਣ ਤੋਂ ਪਹਿਲਾਂ 8–9 ਮਹੀਨੇ ਸੀ.ਐਮ. ਸਕਿਉਰਟੀ ਵਿੱਚ ਡਿਊਟੀ ਕੀਤੀ ਸੀ ਜਿਸ ਕਾਰਨ ਸਾਰੇ ਸੀ.ਐਮ. ਸਕਿਉਰਟੀ ਵਾਲੇ ਅਤੇ ਪਾਇਲਟ ਮੈਨੂੰ ਜਾਣਦੇ ਸਨ। ਇਸ ਬਿਨਾਂ ਅਗਾਊਂ ਸੂਚਨਾ ਦੇ ਬਣੇ ਪ੍ਰੋਗਰਾਮ ਕਾਰਨ ਮੁੱਖ ਪਾਇਲਟ (ਕੈਪਟਨ) ਵਾਹਵਾ ਖਿਝ ਗਿਆ। ਪਹਿਲਾਂ ਤਾਂ ਉਸ ਨੇ ਪ੍ਰਬੰਧਕਾਂ ਨੂੰ ਕੁਝ ਕਰੜੇ ਛੰਦ ਹਵਾ ਵਿੱਚ ਛੱਡੇ ਤੇ ਫਿਰ ਮੈਨੂੰ ਪੁੱਛਿਆ ਕਿ ਕੀ ਮੈਂ ਘੁੰਗਰਾਲੀ ਦਾ ਰਸਤਾ ਜਣਦਾ ਹਾਂ? ਮੈਂ ਇਸ ਤੋਂ ਪਹਿਲਾਂ ਜ਼ਿੰਦਗੀ ਵਿੱਚ ਕਦੇ ਹਵਾਈ ਯਾਤਰਾ ਨਹੀਂ ਸੀ ਕੀਤੀ। ਵੈਸੇ ਵੀ ਘੁੰਗਰਾਲੀ ਨਜ਼ਦੀਕ ਹੀ ਸੀ। ਮੈਂ ਹੈਲੀਕਾਪਟਰ ਦਾ ਝੂਟਾ ਲੈਣ ਦੇ ਚਾਅ ਵਿੱਚ ਬਿਨਾਂ ਸੋਚੇ ਸਮਝੇ ਕਹਿ ਦਿੱਤਾ ਕਿ ਗੱਲ ਈ ਕੋਈ ਨਹੀਂ, ਰੋਜ ਜਾਈਦਾ ਹੈ। ਮੈਂ ਪਲਾਕੀ ਮਾਰ ਕੇ ਹੈਲੀਕਾਪਟਰ ਵਿੱਚ ਕੈਪਟਨ ਅਤੇ ਚਾਲਕ ਦਲ ਨਾਲ ਬੈਠ ਗਿਆ ਤੇ ਹੈਲੀਕਾਪਟਰ ਉੱਡ ਪਿਆ।

ਮੈਂ ਸੋਚਿਆ ਕਿ ਉੱਡਦੇ ਸਾਰ ਖੱਬੇ ਮੁੜ ਕੇ ਚੜ੍ਹਦੇ ਵੱਲ ਪਿੰਡ ਹੈ, ਪੰਜ ਮਿੰਟ ਵਿੱਚ ਪਹੁੰਚ ਜਾਵਾਂਗੇ। ਪਰ ਜਦੋਂ ਕੈਪਟਨ ਨੇ ਹੈਲੀਕਾਪਟਰ ਘੁੰਮਾ ਕੇ ਸਿੱਧਾ ਕੀਤਾ ਤਾਂ ਸਭ ਗੜਬੜ ਹੋ ਗਿਆ। ਉੱਪਰੋਂ ਸਾਰੇ ਸ਼ਹਿਰ, ਪਿੰਡ, ਸੜਕਾਂ ਤੇ ਮਕਾਨਾਂ ਦੀ ਛੱਤ ਇੱਕੋ ਜਿਹੀ ਲੱਗਦੀ ਹੈ। ਕੈਪਟਨ ਮੇਰੀ ਹਾਲਤ ਸਮਝ ਗਿਆ ਕਿ ਇਹ ਐਵੇਂ ਫੜ੍ਹ ਮਾਰ ਬੈਠਾ ਹੈ। ਆਮ ਤੌਰ 'ਤੇ ਸੀ.ਐਮ. ਸਕਿਉਰਟੀ ਦਾ ਇੱਕ ਅਫਸਰ ਵਾਇਰਲੈੱਸ ਸੈੱਟ ਲੈ ਕੇ ਹੈਲੀਕਾਪਟਰ ਵਿੱਚ ਪਾਇਲਟ ਦੇ ਨਾਲ ਬੈਠਦਾ ਹੈ ਪਰ ਮਾੜੀ ਕਿਸਮਤ ਕਿ ਉਹ ਵੀ ਕਾਹਲੀ ਕਾਰਨ ਪਏ ਭੰਬਲ ਭੂਸੇ ਵਿੱਚ ਮੁੱਖ ਮੰਤਰੀ ਦੇ ਕਾਫਲੇ ਨਾਲ ਚਲਾ ਗਿਆ। ਮੈਂ ਉੱਲੂ ਵਾਂਗ ਆਸੇ ਪਾਸੇ 90 ਡਿਗਰੀ 'ਤੇ ਧੌਣ ਘੁੰਮਾਈ ਪਰ ਕੁਝ ਸਮਝ ਵਿੱਚ ਨਾ ਪਵੇ। ਨਾ ਦਿਸ਼ਾਵਾਂ ਦਾ ਗਿਆਨ, ਨਾ ਸੜਕਾਂ ਤੇ ਨਾ ਹੀ ਪਿੰਡਾਂ ਦੀ ਪਹਿਚਾਣ ਆਵੇ। ਉਪਰੋਂ ਕਿਹੜਾ ਬੋਰਡ ਦਿਸਦੇ ਹਨ? ਹੈਲੀਕਾਪਟਰ ਉੱਡਿਆ ਜਾਵੇ ਤੇ ਮੈਂ ਚਿੰਤਾ ਵਿੱਚ ਡੁੱਬਦਾ ਜਾਵਾਂ ਕਿ ਅੱਜ ਬੇਇੱਜ਼ਤੀ ਤਾਂ ਪੱਕਾ ਹੋਣੀ ਹੈ ਤੇ ਜੇ ਹੈਲੀਕਾਪਟਰ ਟਾਈਮ 'ਤੇ ਨਾ ਪਹੁੰਚਿਆ ਤਾਂ ਸਸਪੈਂਡ ਵੀ ਹੋਵਾਂਗਾ। ਉਹਾਂ ਜੀ ਡਿਪਟੀ ਸਾਹਿਬ, ਫਿਰ ਕਿਸ ਪਾਸੇ ਵੱਲ ਚੱਲੀਏ ਫਿਰ?" ਕੈਪਟਨ ਨੇ ਮਜ਼ਾਕੀਆ ਅੰਦਾਜ਼ ਵਿੱਚ ਪੁੱਛਿਆ ਤਾਂ ਮੈਨੂੰ ਚੱਕਰ ਆਉਣ ਲੱਗ ਪਏ।

ਪਰ ਨੌਕਰੀ ਖਤਰੇ ਵਿੱਚ ਪੈਂਦੀ ਵੇਖ ਕੇ ਮੇਰਾ ਦਿਮਾਗ ਕੰਮ ਕਰਨ ਲੱਗ ਪਿਆ। ਮੈਨੂੰ ਖੰਨੇ ਸ਼ਹਿਰ ਤੋਂ ਉਸ ਪਿੰਡ ਦਾ ਰਾਹ ਬਹੁਤ ਚੰਗੀ ਤਰਾਂ ਪਤਾ ਸੀ ਤੇ ਖੰਨਾ ਨਜ਼ਦੀਕ ਹੀ ਸੀ। ਮੈਂ ਕੈਪਟਨ ਨੂੰ ਬੇਨਤੀ ਕੀਤੀ ਕਿ ਇਥੋਂ ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ, ਕ੍ਰਿਪਾ ਕਰ ਕੇ ਹੈਲੀਕਾਪਟਰ ਜੀ.ਟੀ. ਰੋਡ 'ਤੇ ਲੈ ਜਾਵੇ। ਜਦੋਂ ਹੈਲੀਕਾਪਟਰ ਖੰਨੇ ਵੱਲ ਨੂੰ ਜੀ.ਟੀ. ਰੋਡ 'ਤੇ ਪਹੁੰਚਿਆ ਤਾਂ ਮੈਂ ਉਸ ਨੂੰ ਵਾਪਸ ਬੀਜੇ ਕਸਬੇ ਵੱਲ ਮੋੜਨ ਲਈ ਕਹਿ ਦਿੱਤਾ। ਜਦੋਂ ਅਸੀਂ ਬੀਜੇ ਅੱਡੇ 'ਤੇ ਪਹੁੰਚੇ ਤਾਂ ਮੈਂ ਪਾਇਲ ਰੋਡ ਪਹਿਚਾਣ ਲਿਆ ਤੇ ਕੈਪਟਨ ਨੂੰ ਪਾਇਲ ਵੱਲ ਮੁੜਨ ਲਈ ਕਹਿ ਦਿੱਤਾ। ਮੈਨੂੰ ਪਤਾ ਸੀ ਕਿ ਬੀਜੇ ਤੋਂ ਪਾਇਲ ਵੱਲ ਜਾਂਦਿਆਂ ਖੱਬੇ ਹੱਥ ਮੁੜਨ ਵਾਲੀ ਪਹਿਲੀ ਲਿੰਕ ਰੋਡ ਘੁੰਗਰਾਲੀ ਰਾਜਪੂਤਾਂ ਜਾਂਦੀ ਹੈ। ਮੈਂ ਸੜਕ ਪਹਿਚਾਣ ਕੇ ਹੈਲੀਕਾਪਟਰ ਉਸ ਪਾਸੇ ਨੂੰ ਮੁੜਵਾ ਦਿੱਤਾ। ਥੋੜ੍ਹੀ ਦੂਰ ਖੇਡ ਮੇਲੇ ਦੇ ਟੈਂਟ ਲੱਗੇ ਹੋਏ ਸਨ। ਕੈਪਟਨ ਨੇ ਉਥੇ ਐੱਚ (ਹੈਲੀਕਾਪਟਰ ਉਤਾਰਨ ਲਈ ਹੈਲੀਪੈਡ 'ਤੇ ਚੂਨੇ ਨਾਲ ਬਣਾਇਆ ਜਾਂਦਾ ਅੰਗਰਜ਼ੀ ਦਾ ਅੱਖਰ ਐੱਚ) ਵੇਖ ਕੇ ਲੈਂਡਿੰਗ ਕਰ ਦਿੱਤੀ। ਕੈਪਟਨ ਹੱਸ ਹੱਸ ਕੇ ਦੂਹਰਾ ਹੋ ਗਿਆ ਕਿ ਅਸੀਂ ਹਵਾਈ ਮਾਰਗ ਰਾਹੀਂ ਤਾਂ ਬਹੁਤ ਸਫਰ ਕੀਤਾ ਸੀ, ਅੱਜ ਤੇਰੀ ਕ੍ਰਿਪਾ ਨਾਲ ਸੜਕ ਰਾਹੀਂ ਵੀ ਹੈਲੀਕਾਪਟਰ ਚਲਾ ਕੇ ਵੇਖ ਲਿਆ ਹੈ। ਸਾਡੇ ਉੱਤਰਨ ਤੋਂ ਪੰਜ ਸੱਤ ਮਿੰਟ ਬਾਅਦ ਹੀ ਮੁੱਖ ਮੰਤਰੀ ਦਾ ਕਾਫਲਾ ਹੈਲੀਪੈਡ 'ਤੇ ਪਹੁੰਚ ਗਿਆ। ਜੇ ਦਸ ਮਿੰਟ ਦੀ ਵੀ ਦੇਰ ਹੋ ਜਾਂਦੀ ਤਾਂ ਮੇਰੀ ਖੈਰ ਨਹੀਂ ਸੀ। ਮੈਂ ਕੰਨਾਂ ਨੂੰ ਹੱਥ ਲਗਾਏ ਕਿ ਮੁੜ ਕਦੇ ਅਜਿਹੀ ਨਾਜ਼ਕ ਜ਼ਿੰਮੇਵਾਰੀ ਨਹੀਂ ਲੈਣੀ।

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ ਉਮਰ 28, ਕੱਦ 5 ਫੁੱਟ 10 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 615 6321 ਜਾਂ 403 462 4511 **228**

### ਲੜਕੀ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੇ ਕਨੇਡਾ ਵਿੱਚ ਹੀ ਜੰਮੇ ਪਲੇ ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਯੂਨੀਵਰਸਿਟੀ ਮੈਨੀਟੋਬਾ ਤੋਂ ਬੈਚੂਲਰ ਆਫ ਆਰਟਸ,ਮੇਜਰ ਇਨ ਫਿਸਿਆਲੋਜੀ ਐਂਡ ਮਾਈਨਰ ਇਨ ਹਿਊਮਨ ਰਿਸੋਰਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕਾ ਇਸ ਵੇਲੇ ਬੈਂਕ ਵਿੱਚ ਅਸਿਸਟੈਂਟ ਮੈਨਟਜਰ ਦੀ ਜੌਬ ਕਰ ਰਿਹਾ ਹੈ। ਲੜਕੇ ਕੋਲ ਐਡਮੰਟਨ ਵਿੱਚ ਆਪਣਾ ਘਰ ਹੈ। ਕੈਲਗਰੀ ਅਤੇ ਐਡਮੰਟਨ ਨੂੰ ਪਹਿਲ। ਸੰਪਰਕ: 1 204 960 5145 ***224***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਜਨਮ 1988,ਕੱਦ 5 ਫੁੱਟ 3 ਇੰਚ, ਰਜਿਸਟਰਡ ਨਰਸ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ ਵਟਸਐਪ: 918360079862 ***224***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜ਼ਨ,ਜੱਟ ਸਿੱਖ ਬੈਨੀਪਾਲ ਪਰਿਵਾਰ ਦੇ ਪੱਗ ਬੰਨ੍ਹਣ ਦੇ ਸ਼ੌਕੀਨ ਲੜਕੇ,ਉਮਰ 34 ਸਾਲ,ਕੱਦ 6 ਫੁੱਟ 2 ਇੰਚ,ਬੀ ਟੈਕ,ਐਮ ਬੀ ਏ ਲਈ ਸੁੰਦਰ ਸੁਸ਼ੀਲ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 431 788 6113 ਵਟਸਐਪ: 919463004142 ***224***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1990,ਕੱਦ 5 ਫੁੱਟ 11 ਇੰਚ, ਕੰਪਿਊਟਿਰ ਸਾਇੰਸ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਿਨੀਪੈਗ ਨੂੰ ਪਹਿਲ, ਜੇਕਰ ਲੜਕੀ ਕਿਸੇ ਹੋਰ ਸਿਟੀ ਵਿੱਚ ਰਹਿੰਦੀ ਹੋਵੇ ਤਾਂ ਵਿਆਹ ਤੋਂ ਬਾਦ ਵਿਨੀਪੈਗ ਰਹਿਣ ਲਈ ਰਾਜੀ ਹੋਵੇ। ਸੰਪਰਕ: 1 431 278 2345 ***224***

### ਲੜਕੇ ਦੀ ਲੋੜ

ਸ਼ਰਮਾ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ ਉਮਰ 38 ਸਾਲ, ਕੱਦ 5 ਫੁੱਟ 5 ਇੰਚ, ਬੀ ਐਸ ਸੀ ਨਰਸਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 903 4149 ***227***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰ ( ਪੀ ਆਰ ਅਪਲਾਈ ਕੀਤਾ ਹੋਇਆ ਹੈ) ਨਰੂਲਾ ਪਰਿਵਾਰ ਦਾ ਲੜਕੇ ਉਮਰ 34 ਸਾਲ,ਕੱਦ 6 ਫੁੱਟ, ਬੀ ਟੈਕ ਕੰਪਿਊਟਰ ਸਾਇੰਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਏਸ ਟਾਈਮ ਮੈਨੇਜਰ ਦੀ ਜੌਬ ਕਰ ਰਿਹਾ ਹੈ । ਸੰਪਰਕ: 403 973 4039 ***223***

### ਲੜਕੀ ਦੀ ਲੋੜ

ਜੱਟ ਸਿੱਖ ਉੱਪਲ ਪਰਿਵਾਰ ਦੇ ਲੜਕੇ ਉਮਰ 23 ਸਾਲ ,ਕੱਦ 6 ਫੁੱਟ, ਲੁਧਿਆਣਾ ਜਿਲੇ ਵਿੱਚ ਰਾਇਕੋਟ ਏਰੀਆ 8 ਕਿੱਲੇ ਜ਼ਮੀਨ ਦੀ ਮਾਲਕੀ, ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਵਿੱਚ ਵਿਜਟਿਰ ਵੀਜੇ ਉੱਪਰ ਆਇਆ ਹੋਇਆ ਹੈ ਅਤੇ ਉਸ ਨੇ ਵਰਕ ਪਰਮਿਟ ਵੀ ਅਪਲਾਈ ਕੀਤਾ ਹੋਇਆ ਹੈ। ਸੰਪਰਕ: 403 607 2874 ***223***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ,ਉਮਰ 31 ਸਾਲ,ਕੱਦ 5 ਫੁੱਟ 2 ਇੰਚ, ਕਨੇਡੀਅਨ ਪੀ ਆਰ,ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੇ ਕੇਸ ਉੱਪਰ ਵੀ ਵਿਚਾਰ ਕੀਤਾ ਜਾ ਸਕਦਾ ਹੈ। ਮਾਲਵਾ ਅਤੇ ਐਡਮਿੰਟਨ ਏਰੀਆ ਨੂੰ ਪਹਿਲ । ਸੰਪਰਕ: 1 780 278 0410 ***227***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਪੱਗ ਬੰਨ੍ਹਦੇ ਲੜਕੇ,ਉਮਰ 25 ਸਾਲ,ਕੱਦ 5 ਫੁੱਟ 11 ਇੰਚ ਲਈ ਹਾਣ ਪ੍ਰਵਾਣ ਦੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਟਰੱਕ ਡਰਾਈਵਰ ਦੀ ਜੌਬ ਕਰ ਰਿਹਾ ਹੈ। ਮੋਗਾ ਅਤੇ ਫਰੀਦਕੋਟ ਨੂੰ ਪਹਿਲ । ਸੰਪਰਕ: 403 971 2245 ***227***

### ਲੜਕੇ ਦੀ ਲੋੜ

Canadian citizen, Jatt Sikh, Sandhu family seeking a suitable match for their 27-year-old daughter. Height: 5 feet 8 inches and working as a Dental Hygienist. Contact : 587-894-1421 ***227***

### ਲੜਕੀ ਦੀ ਲੋੜ

Hindu Punjabi khatri boy 38 years old, height 5.7 living in Vancouver upper middle class family, B.Tech / MBA, now self employed in logistics, Canadian citizen looking for a beautiful educated girl within Canada. Tourist, work permit, PR, or citizen. Contact : 1306 502 6789 ***227***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਬਰਾੜ ਪਰਿਵਾਰ ਦੇ ਲੜਕੇ ਉਮਰ 34 ਸਾਲ, ਕੱਦ 5 ਫੁੱਟ 11 ਇੰਚ, ਵਿ ਦਿਅਕ ਯੋਗਤਾ ਐਮ ਐਸ ਸੀ (ਆਈ ਟੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਅਸਿਸਟੈਂਟ ਬੈਂਕ ਮੈਨੇਜਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਮਾਪੇ,ਭੈਣ ਅਤੇ ਭਰਾ ਕਨੇਡੀਅਨ ਪੀ ਆਰ ਹਨ। ਵਰਕ ਪਰਮਿਟ, ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 439 4197 ਜਾਂ ਈ ਮੇਲ: manpritsinghbrar848@gmail.com ***227***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ ਕਨੇਡੀਅਨ ਬੌਰਨ, ਜੱਟ ਸਿੱਖ ਵੜੈਚ ਪਰਵਾਰ ਦੇ ਪਗੜੀ ਧਾਰੀ, ਵੈਸ਼ਨੂ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ ਵਿਦਿਅਕ ਯੋਗਤਾ ਯੂਨੀਵਰਸਿਟੀ ਕੈਲਗਰੀ ਤੋਂ computer sicence ਡਿਗਰੀ ਹੋਲਡਰ ਲਈ ਹਾਣ ਪਰਵਾਨ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੈਨੇਡਾ ਦੀ ਜੰਮਪਲ ਜਾਂ ਕੈਨੇਡਾ ਰਹਿ ਕੇ ਹੀ ਪੜੀ ਲਿਖੀ ਹੋਵੇ, ਕਾਲ : 1 (587) 577-9895 ***227***

### ਲੜਕੇ ਦੀ ਲੋੜ

ਵਿਜਟਿਰ ਵੀਜੇ ਉੱਪਰ ਕਨੇਡਾ ਆਈ ਰਾਮਗੜੀਆ ਸਿੱਖ ਪਰਿਵਾਰ ਦੀ ਲੜਕੀ ਜਨਮ 1992, (ਬੋਲਣ ਅਤੇ ਸੁਣਨ ਵਿੱਚ ਥੋੜੀ ਸਮੱਸਿਆ ਹੈ) ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਦੋਵੇਂ ਭਰਾ ਕਨੇਡਾ ਵੈੱਲ ਸੈਟਲਡ ਹਨ। ਪਰਿਵਾਰ ਵੈਸ਼ਨੂੰ ਹੈ। ਬਿਨਾ ਬੱਚੇ ਤੋਂ ਤਲਾਕ ਸੁਦਾ ਵੀ ਫੋਨ ਕਰ ਸਕਦੇ ਹਨ।ਕੋਈ ਜਾਤੀ ਬੰਧਨ ਨਹੀਂ ਹੈ। ਪਰ ਲੜਕਾ ਵੈਸ਼ਨੂੰ ਹੋਵੇ। ਸੰਪਰਕ: 403 415 4824 ਜਾਂ 403 952 4949 "**228**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਸੋਹਣੀ ਸੁਨੱਖੀ ,ਪੜੀ ਲਿਖੀ,ਸਾਊ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 431 338 0570 ਜਾਂ 1 204 504 8723 ***226***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ, ਨਾਨ ਡਰਿੰਕਰ,ਕਨੇਡਾ ਬੌਰਨ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਦੀ ਡਿਗਰੀ ਹੈ। ਇਸ ਵੇਲੇ ਸਾਫਟਵੇਅਰ ਕੰਪਨੀ ਵਿੱਚ ਬਿਜਨਿਸ ਅਨੈਲਸਿਸ ਦੀ ਜੌਬ ਕਰ ਰਿਹਾ ਹੈ। ਸੰਪਰਕ: 403 561 6016 ***226***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ਉਮਰ 40 ਸਾਲ ਪੜਾਈ 10+1ਗਰੇਡ, ਫਾਈਵ ਟਨ ਟਰੱਕ ਡਰਾਈਵਰ ,ਸਾਊ,ਨਸ਼ਾ ਰਹਿਤ, ਡਾਇਵੋਰਸ ਲੜਕੇ ਲਈ ਘੱਟ ਤੋਂ ਘੱਟ ਪੜ੍ਹੀ, ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੀ 10 ਜਾਂ 12 ਤੋਂ ਵੱਧ ਪੜੀ ਨਹੀਂ ਚਾਹੀਦੀ । ਵਿਨੀਪੈਗ ਨੂੰ ਪਹਿਲ। ਸੰਪਰਕ 1 204 697 4736 ***226***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਵਾਲੀਆ ਪਰਿਵਾਰ ਦੀ ਕੈਲਗਰੀ ਵਿੱਚ ਵੈਲ ਸੈਟਲਡ ਸੋਹਣੀ ਸੁਨੱਖੀ ਪੜੀ ਲਿਖੀ ਲੜਕੀ, 1987,ਕੱਦ 5 ਫੁੱਟ 5 ਇੰਚ, ਲਈ ਹਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਇਸ ਵੇਲੇ ਬੈਂਕ ਨਾਲ ਫਾਈਨੈਂਸੀਅਲ ਪਲੈਨਰ ਦੀ ਜੌਬ ਕਰ ਰਹੀ ਹੈ । ਸੰਪਰਕ: 587 837 4330 , ਵਟਸ ਐਪ: 8527485888 ***226***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਰਾਏ ਪਰਿਵਾਰ ਦੇ ਲੜਕੇ ,ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਹਾਰਡਵੇਅਰ ਐਂਡ ਨੈਟਵਰਕਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕੋਈ ਜਾਤੀ ਬੰਧਨ ਨਹੀਂ ਹੈ। ਪਰਿਵਾਰ ਕੈਲਗਰੀ/ ਚੈਸਟਰਮੀਅਰ ਰਹਿੰਦਾ ਹੈ। ਸੰਪਰਕ: 1 204 583 7222 ***226***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, 1986,ਕੱਦ 5 ਫੁੱਟ 5 ਇੰਚ, ਐਮ ਏ ਬੀ ਐੱਡ ਪੜੀ ਲਿਖੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਕੈਲਗਰੀ ਸਹਿਰ ਦੇ ਰਿਸ਼ਤੇ ਨੂੰ ਪਹਿਲ ਹੋਵੇਗੀ। ਸੰਪਰਕ: 1 306 715 3191 ***222***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸ਼ਰਮਾ ਪਰਿਵਾਰ ਦੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 2 ਇੰਚ, Education: Engineering in Design & Drafting. Occupation: Government Official in Victoria, BC ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਹਿੰਦੂ ਬ੍ਰਾਹਮਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 979 7000 ਜਾਂ +91-77430-28110 / rahulkorpal@icloud.com ***226***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਆਰਥਿਕ ਤੌਰ ਤੇ ਵੈੱਲ ਸੈਟਲਡ, ਵੈਟਨਰੀ ਸਰਜਨ ਤਲਾਕਸੁਦਾ ਲੜਕੀ ,ਉਮਰ 33 ਸਾਲ,ਕੱਦ 5 ਫੁੱਟ 3 ਇੰਚ,ਲਈ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਹਿਲੇ ਵਿਆਹ ਤੋਂ 3 ਮਹੀਨੇ ਬਾਦ ਹੀ ਤਲਾਕ ਹੋ ਗਿਆ ਸੀ। ਲੜਕਾ ਕਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਹੋਰ ਜਾਣਕਾਰੀ ਲਈ ਸੰਪਰਕ : 403 837 4194 ***226***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer (P.Eng) within a reputed company. Boy should be born or raised in Canada. Seeking Canadian University Educated Doctor, Engineer, Lawyer, Accountant. Only Jatt Sikh families contact. Contact: (403) 828 7973 or acheema8811@gmail.com. ***226***

### ਲੜਕੀ ਦੀ ਲੋੜ

ਜਲੰਧਰ ਵਿਖੇ ਆਪਣਾ ਬਿਜਨਿਸ ਕਰਦੇ ਸੁਮਨ (ਐਸ ਸੀ) ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਲਵਲੀ ਯੂਨੀਵਰਸਿਟੀ ਤੋਂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ: 0091 9464336311, 587 889 5900 ਜਾਂ 587 437 0902 E mail: vijaykumarsuman25@yahoo.co.in ***225***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 5 ਫੁੱਟ 5 ਇੰਚ, ਲੀਗਲ ਅਸਿਸਟੈਂਟ ਦੀ ਜੌਬ ਕਰਦੀ ਲੜਕੀ ਲਈ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਨਹੀਂ ਕਰਨੀ ਜੀ। ਟੈਕਸਟ ਮੈਸੇਜ ਜਾਂ ਵਟਸਐਪ ਮੈਸੇਜ ਹੀ ਕੀਤਾ ਜਾਵੇ। ਸੰਪਰਕ: 403 836 4560 ***224***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 716 6319 ***224***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 38 ਸਾਲ, ਕੱਦ 5 ਫੁੱਟ 2 ਇੰਚ,ਵਿਦਿਅਕ ਯੋਗਤਾ: ਬੀ ਐਸ ਸੀ,ਬੀ ਐੱਡ,ਐਮ ਐਸ ਸੀ ਮੈਥ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਅੱਪਰ ਕਾਸਟ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਲੜਕਾ ਵਿਨੀਪੈਗ ਜਾਂ ਟਰਾਂਟੋ (ਕਨੇਡਾ ਵਿੱਚ ਹੀ) ਰਹਿੰਦਾ ਹੋਵੇ। ਸੰਪਰਕ: 1 431 278 6060 ਜਾਂ 91 842 7800142 ***224***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਢਿੱਲੋਂ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਲਈ, ਉਮਰ 29 ਸਾਲ, ਕੱਦ 6 ਫੁੱਟ,ਸਿਵਲ ਡਿਪਲੋਮਾਂ ਹੋਲਡਰ,ਜੌਬ ਇੰਸੋਰੈਂਸ ਐਡਵਾਈਜ਼ਰ ਲਈ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਬਠਿੰਡੇ ਸਹਿਰ ਤੋਂ ਸ਼ਹਿਰੀ ਅਤੇ ਪੇਂਡੂ ਜਮੀਨ ਜਾਇਦਾਦ ਦਾ ਮਾਲਕ ਹੈ । ਲੜਕਾ ਅਤੇ ਉਸਦਾ ਪਰਿਵਾਰ ਪਿਛਲੇ 15 ਸਾਲਾਂ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 204 880 2867 ***223***

### ਲੜਕੀ ਦੀ ਲੋੜ

Khatri divorcee, issulessboy,37 Year, 5 ft 7 inch, BA, own IELTS Academy, All Family Canada Settled, early simple marriage, Cast no bar. Call: 1 431 337 3224 ***223***

### ਲੜਕੀ ਦੀ ਲੋੜ

ਕੈਨੇਡਾ ਵਿਜਟਰ ਵੀਜੇ ਉੱਪਰ ਆਏ ਰਾਮਗੜੀਆ ਵਿਰਕ ਪਰਿਵਾਰ ਦੇ ਲੜਕੇ ਉਮਰ 42 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਬੀ ਏ, ਲਈ ਹਾਣ ਪ੍ਰਵਾਣ ਦੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸਦੀ ਪੀ ਆਰ ਲਈ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਯੂ ਐਸ ਏ ਰਹਿੰਦਾ ਹੈ ਪਰ ਲੜਕਾ ਨਾਨਕਾ ਪਰਿਵਾਰ ਕੋਲ ਕਨੇਡਾ ਆਇਆ ਹੋਇਆ ਹੈ। ਜਮੀਨ ਖੇਤੀ ਅਤੇ ਘਰ ਪਟਿਆਲਾ ਦੋਵੇਂ ਜਗਾਹ ਹਨ। ਸੰਪਰਕ: 403 618 5464 ਜਾਂ 403 629 7162 ***223***

### ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 4 ਇੰਚ, ਲਈ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 639 382 0872 ***223***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਵਰਕਰਾਂ ਦੀ ਲੋੜ
ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।
ਕਾਲ ਦਿਲਾਵਰ ਤੂਰ
403 680 0436

Hiring
Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ
ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 854 3124

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ




# ਪਿਤਾ ਬੱਚਿਆ ਲਈ ਹਮੇਸ਼ਾ ਸੁਖਾਵਾਂ ਅਤੇ ਸ਼ਾਨਦਾਰ ਮਾਹੌਲ ਸਿਰਜ਼ਦਾ

ਇੱਕ ਪਿਤਾ ਹੀ ਹੁੰਦਾ ਹੈ ਜੋ ਬੱਚਿਆ ਦੀ ਖੁਸ਼ੀ ਲਈ ਹਮੇਸ਼ਾ ਸੁਖਾਵਾਂ ਅਤੇ ਸ਼ਾਨਦਾਰ ਮਹੌਲ ਸਿਰਜ਼ਦਾ ਹੈ ।ਕਿਉਕਿ ਸ਼ਿਰਜਨਹਾਰੇ ਉਸ ਵਾਹਿਗੁਰੂ ਤੋ ਬਾਅਦ ਇੱਕ ਪਿਤਾ ਹੀ ਆਪਣੇ ਬੱਚਿਆ ਲਈ ਉਹ ਫਰਿਸ਼ਤਾ ਹੈ ਜੋ ਆਪ ਹਰ ਦੁੱਖ,ਦਰਦ ਆਪਣੇ ਤਨ,ਮਨ ਤੇ ਝੱਲਕੇ ਆਪਣੇ ਬੱਚਿਆ ਲਈ ਸੁਖਾਵਾਂ ਅਤੇ ਸ਼ਾਨਦਾਰ ਮਹੌਲ ਸ਼ਿਰਜਦਾ ।ਜੇਕਰ ਇੱਕ ਬੱਚਾ ਰੱਬ ਤੋਂ ਬਾਅਦ ਕਿਸੇ ਇਨਸਾਨ ਤੋਂ ਆਪਣੀ ਹਰ ਗੱਲ ਮਨਵਾਉਣ ਜਾਂ ਆਪਣੀ ਜਿੰਦਗੀ ਵਿੱਚ ਹਰ ਤ੍ਰਰਾ ਦੇ ਸਹਿਜ ਮਹੌਲ ਦੀ ਉਮੀਦ ਰੱਖਦਾ ਹੈ ਤਾਂ ਮੈਂ ਬੜੀ ਇਮਾਨਦਾਰੀ ਨਾਲ ਕਹਾਂਗੀ ਕਿ ਬੱਚੇ ਦੀ ਇਸ ਉਮੀਦ ਤੇ ਸਿਰਫ ਅਤੇ ਸਿਰਫ ਇੱਕ ਪਿਤਾ ਹੀ ਖਰਾ ਉਤਰ ਸਕਦਾ ਹੈ ।ਕਿਉਕਿ ਇੱਕ ਪਿਤਾ ਹੀ ਸਖਤ ਮਿਹਨਤ ਕਰਕੇ ,ਦਿਨ ,ਰਾਤ ਇੱਕ ਕਰਕੇ,ਆਪਣੇ ਸ਼ੌਂਕ ਅਧੂਰੇ ਰੱਖਕੇ ਇਸੇ ਜੱਦੋ,ਜਹਿਦ ਵਿੱਚ ਲੱਗਾ ਰਹਿੰਦਾ ਹੈ ਕਿ ਮੇਰੇ ਬੱਚਿਆ ਦੇ ਪਾਲਣ,ਪੋਸ਼ਣ,ਪੜਾਈ,ਲਿਖਾਈ ਵਿੱਚ ਕੋਈ ਕਸਰ ਨਾ ਰਹਿ ਜਾਵੇ। ਇੱਕ ਪਿਤਾ ਇਹ ਸਭ ਕੁਝ ਕਰਦਾ ਕਰਦਾ ਹੋਇਆ ਪਤਾ ਨਹੀ ਕਦੋ ਜਵਾਨੀ ਤੋਂ ਬੁਢਾਪੇ ਤੱਕ ਦਾ ਸਫਰ ਤਹਿ ਕਰ ਲੈਂਦਾ ਹੈ ।ਜਾਣੀ ਕਹਿ ਲਵੋ ਇੱਕ ਪਿਤਾ ਆਪਣਾ ਸਾਰਾ ਜੀਵਨ ਹੀ ਬੱਚਿਆ ਦੇ ਲੇਖੇ ਖੁਸ਼ੀ ਨਾਲ ਲਾ ਦਿੰਦਾ ਹੈ ।ਜਿਵੇ ਸਿਆਣੇ ਕਹਿੰਦੇ ਹਨ ਮਾਂ ਬਿਨਾ ਕੋਈ ਅਸ਼ੀਸ ਨਹੀ ਦਿੰਦਾ ਅਤੇ ਪਿਤਾ ਬਿਨਾ ਕੋਈ ਚੰਗੀ ਸਲਾਹ ਨਹੀ ਦਿੰਦਾ ਇਹ ਗੱਲਾ ਬਿਲਕੁੱਲ ਸੱਚ ਹਨ ।ਕਿਉਕਿ ਜਿੱਥੇ ਮਾਪਿਆ ਨੇ ਖੜਨਾ ਬੇਗਾਨਾ ਕੋਈ ਨਹੀ ਖੜ ਸਕਦਾ ।ਇੱਕ ਪਿਤਾ ਜਿੱਥੇ ਆਪਣੇ ਬੱਚਿਆ ਲਈ ਸੁਖਾਵਾਂ ਮਹੌਲ ਸਿਰਜਦਾ ਹੈ ਉਥੇ ਆਪਣੇ ਬੱਚਿਆ ਨੂੰ ਚੰਗੀ ਪ੍ਰੈਰਨਾ ਦੇ ਕੇ ਸਮਾਜ ਵਿੱਚ ਸਹੀ ਢੰਗ ਨਾਲ ਵਿਚਰਣ ਦੇ ਲਾਇਕ ਵੀ ਬਣਾਉਦਾ ਹੈ ।ਤਾਂ ਜੋ ਬੱਚਾ ਸਹੀ ਢੰਗ ਨਾਲ ਆਪਣੀ ਜਿੰਦਗੀ ਜੀ ਸਕੇ ਤੇ ਲੋੜ ਪੈਣ ਤੇ ਕਿਸੇ ਲੋੜਵੰਦ ਦੇ ਕੰਮ ਵੀ ਆ ਸਕੇ ।ਇੱਕ ਪਿਤਾ ਹੀ ਹੈ ਜੋ ਆਪਣੇ ਬੱਚੇ ਨੂੰ ਆਪਣੇ ਨਾਲੋ ਉੱਚੇ ਮੁਕਾਮ ਤੇ ਵੇਖ ਕੇ ਖੁਸ਼ ਹੁੰਦਾ ਹੈ ਤੇ ਸਾਰੀਆ ਜਿੰਮੇਵਾਰੀਆ ਨਿਰਸਵਾਰਥ ਹੋ ਕੇ ਨਿਭਾਉਦਾ ਹੈ ।ਦੋਸਤੋ ਆਪਾ ਜਿੰਨੇ ਮਰਜੀ ਪੜ ਲਿਖ ਜਾਈਏ ਮਾਪਿਆ ਵੱਲੋ ਪੜਾਇਆ ਗਿਆ ਪਾਠ ਕਿਸੇ ਵੀ ਕਿਤਾਬ ਵਿੱਚੋ ਨਹੀ ਮਿਲਦਾ ਕਿਉਕਿ ਮਾਪਿਆ ਨੇ ਆਪਣੀ ਉਮਰ ਦੇ ਤਜਰਬੇ ਅਨੁਸਾਰ ਚੰਗੇ,ਮੰਦੇ ਦੀ ਪਹਿਚਾਣ ਕਰੀ ਹੋਈ ਹੁੰਦੀ ਹੈ ਅਤੇ ਮਾਪੇ ਚੁਹੰਦੇ ਹਨ ਜੋ ਨੁਕਸਾਨ ਅਸੀ ਕਰਵਾ ਚੁੱਕੇ ਹਾਂ ਸਾਡੇ ਬੱਚਿਆ ਦਾ ਕਦੇ ਵੀ ਨਾ ਹੋਵੇ। ਇਸ ਲਈ ਤਾਂ ਕਹਿੰਦੇ ਹਨ ਕਿਸੇ ਵੀ ਇਨਸਾਨ ਦੀ ਮਹਾਨਤਾ ਪਿੱਛੇ ਸਭ ਤੋਂ ਵੱਡਾ ਯੋਗਦਾਨ ਉਸਦੇ ਮਾਪਿਆ ਦਾ ਹੀ ਹੁੰਦਾ ਹੈ ਜੀ ।ਦੁਨੀਆਂ ਦੇ ਹਰ ਕੋਨੇ ਵਿੱਚ ਜਾ ਕੇ ਭਵੇਂ ਲੱਖ ਵਾਰ ਲੱਭ ਲਵੋ ਪਿਤਾ ਜਿਹਾ ਵਫਾਦਾਰ ਦੋਸਤ ਤਹਾਨੂੰ ਕਿਤੋ ਵੀ ਨਹੀ ਲੱਭੇਗਾ ।ਪਿਤਾ ਨਿੰਮ ਦੇ ਦਰੱਖਤ ਵਾਂਗੂ ਕੌੜਾ ਤਾਂ ਜਰੂਰ ਹੁੰਦਾ ਪਰ ਸੰਘਣੀ ਛਾਂ ਦੇ ਨਾਲ,ਨਾਲ ਬੱਚੇ ਨੂੰ ਸਫਲ ਬਣਾਉਣ ਵਿੱਚ ਬਹੁਤ ਕਾਰਗਰ ਸਿੱਧ ਹੁੰਦਾ ਹੈ ਜੀ ।ਮੇਰੇ ਆਪਣੇ ਜੀਵਨ ਦੇ ਤਜਰਬੇ ਮੁਤਾਬਿਕ ਉਹ ਬੱਚੇ ਜਿੰਦਗੀ ਵਿੱਚ ਕਦੇ ਵੀ ਧੋਖਾ ਨਹੀ ਖਾਂਦੇ ਜੋ ਆਪਣੇ ਪਿਤਾ ਦੀ ਸਲਾਹ ਨਾਲ ਚੱਲਦੇ ਹਨ ।ਅਤੇ ਪਿਤਾ ਦੀ ਛਤਰ ਛਾਇਆ ਹੇਠ ਰਹਿੰਦੇ ਹਨ ।ਇਸ ਲਈ ਬੱਚਿਓ ਆਪਣੀ ਆਦਤ ਨੂੰ ਬਦਲੋ ਜਿਹੜੇ ਬੱਚੇ ਮਾਪਿਆਂ ਦਾ ਕਿਹਾ ਨਹੀ ਮੰਨਦੇ ਅੱਜ ਤੋਂ ਹੀ ਆਪਣੇ ਮਾਪਿਆ ਦੇ ਆਗਿਆਕਾਰੀ ਬੱਚੇ ਬਣ ਜੀਵਨ ਸਫਲ ਬਣਾਓ।



ਜਿਵੇ ਡਾ.(ਅਬਦੁਲ ਕਲਾਮ ਜੀ) ਲਿਖਦੇ ਹਨ ਤੁਸੀ ਆਪਣਾ ਭੱਵਿਖ ਤਾਂ ਨਹੀ ਬਦਲ ਸਕਦੇ ਪਰ ਆਪਣੀਆਂ ਆਦਤਾਂ ਤਾਂ ਬਦਲ ਸਕਦੇ ਹੋ
ਜੇਕਰ ਤੁਸੀ ਆਪਣੀਆ ਆਦਤਾਂ ਬਦਲ ਲਵੋਗੇ ਤਾਂ ਭੱਵਿਖ ਆਪਣੇ ਆਪ ਹੀ ਬਦਲ ਜਾਵੇਗਾ।
ਬੱਚਿਓ ਪਿਤਾ ਇੱਕ ਉਹ ਛਾਂ ਦਾਰ ਬੂਟਾ ਹੈ ਜੋ ਤਹਾਨੂੰ ਆਪ ਧੁੱਪ ਵਿੱਚ ਖੜਕੇ ਛਾਂ ਪ੍ਰਦਾਣ ਕਰਦਾ ਹੈ ਤੇ ਕਰਦਾ ਵੀ ਰਹੇਗਾ ਜਿੰਨਾ ਚਿਰ ਉਸਦੇ ਸਾਹ ਵੱਗਦੇ ਰਹਿਣਗੇ ।ਪਰ ਬੱਚੇ ਪਿਤਾ ਲਈ ਕੀ ਕਰਦੇ ਹਨ ਜੇਕਰ ਪਿਤਾ ਕਿਤੇ ਗੁੱਸੇ ਵਿੱਚ ਦੋ ਬੋਲ ਹੀ ਕਹਿ ਦੇਵੇ ਤਾਂ ਘਰ ਵਿੱਚ ਵਿਵਾਦ ਖੜਾ ਕਰ ਦਿੰਦੇ ਹਨ। ਮਹੌਲ ਕਿਸੇ ਤ੍ਰਰਾ ਦਾ ਹੋਵੇ ਕਦੇ ਵੀ ਭੁੱਲ ਭੁਲੇਖੇ ਆਪਣੇ ਮਾਪਿਆ ਨੂੰ ਕੌੜਾ ਸਬਦ ਨਾਂ ਹੀ ਬੋਲੋ ।ਜੇਕਰ ਪਿਤਾ ਕਿਸੇ ਗੱਲ ਤੋਂ ਰੋਕੇ ,ਟੋਕੇ ਤਾਂ ਤੁਹਾਡਾ ਮਿੱਠ ਬੋਲੜਾ ਸੁਭਾਅ ਜਾਂ ਚੁੱਪ ਹੋ ਜਾਣਾ ਤੁਹਾਨੂੰ ਤੁਹਾਡੇ ਪਿਤਾ ਜੀ ਦੇ ਹੋਰ ਵੀ ਨਜ਼ਦੀਕ ਲੈ ਆਵੇਗਾ ।ਜਰਾ ਸੋਚੋ ਜਿੰਨਾ ਦੇ ਸਿਰ ਤੇ ਪਿਤਾ ਦਾ ਸਾਇਆ ਨਹੀ ਹੁੰਦਾ ਉਂਨਾ ਬੱਚਿਆ ਦਾ ਬਚਪਨ ਤਾਂ ਅਧੂਰਾ ਹੀ ਰਹਿ ਜਾਦਾ ਹੈ। ਨਾਂ ਕਿਤੇ ਉਂਨਾ ਨੂੰ ਪਿਤਾ ਦੀ ਗੋਦ ਦਾ ਨਿੱਘ ,ਨਾ ਹੀ ਪਿਤਾ ਦੀ ਝਿੜਕ ਅਤੇ ਨਾ ਹੀ ਪਿਤਾ ਦੀ ਸਲਾਹ ਤੇ ਪਿਆਰ ਮਿਲਿਆ ।ਇਸ ਲਈ ਪਿਆਰੇ ਬੱਚਿਓ ਆਪਣੇ ਪਿਤਾ ਦੀਆਂ ਭਾਵਨਾਂਵਾ ਨੂੰ ਸਮਝੋ ।ਜਿਵੇ ਇੱਕ ਬੱਚੇ ਨੂੰ ਪਿਤਾ ਤੋਂ ਬਿਨਾ ਇੱਕਲਤਾ ਮਹਿਸੂਸ ਹੁੰਦੀ ਹੈ ਉਵੇਂ ਬੁਢਾਪੇ ਵਿੱਚ ਮਾਪਿਆਂ ਨੂੰ ਵੀ ਬੱਚਿਆ ਤੋਂ ਬਿਨਾ ਇੱਕਲਤਾ ਮਹਿਸੂਸ ਹੁੰਦੀ ਹੈ ।ਇਸ ਲਈ ਆਪਣੇ ਕੰਮਕਾਰ ਵਿੱਚੋ ਕੁਝ ਸਮਾਂ ਕੱਢਕੇ ਆਪਣੇ ਮਾਪਿਆਂ ਕੋਲ ਜਰੂਰ ਬੈਠੋ ।ਉਨੰਾ ਦੀ ਸਲਾਹ ਲਵੋ,ਸੇਵਾ ਕਰੋ,ਸਤਿਕਾਰ ਕਰੋ ਅਤੇ ਉਂਨਾ ਨੂੰ ਚੰਗੀਆ ਸਹੂਲਤਾ ਮੁੱਹਈਆ ਕਰਵਾਓ ।ਕਿਉਕਿ ਹਰ ਕੰਮ ਵਿੱਚ ਮਾਪਿਆ ਵੱਲੋ ਦਿੱਤੀ ਚੰਗੀ ਸਿੱਖਿਆ ਹੀ ਕਾਰਗਿਰ ਸਿੱਧ ਹੁੰਦੀ ਹੈ ।ਜੇਕਰ ਅੱਜ ਬਜੁਰਗ ਮਾਪੇ ਸਾਥੋ ਸਹਾਰਾ ਮੰਗਦੇ ਹਨ ਤਾਂ ਖੁਸ਼ੀ,ਖੁਸ਼ੀ ਆਪਣੇ ਫਰਜ ਨਿਭਾਓ ਕਿਉਕਿ ਮਾਪਿਆ ਨੂੰ ਪਿੱਛੇ ਸੁੱਟ ਅਸੀ ਜਿੰਦਗੀ ਵਿੱਚ ਕਦੇ ਵੀ ਅੱਗੇ ਨਹੀ ਵੱਧ ਸਕਦੇ। ਉਹ ਦਿਨ ਹਮੇਸ਼ਾ ਯਾਦ ਰੱਖੋ ਜਦੋ ਮਾਪਿਆ ਨੇ ਤਹਾਨੂੰ ਉਂਗਲੀ ਫੜ ਕੇ ਚੱਲਣਾ ਸਿਖਾਇਆ ਅਤੇ ਤੁਹਾਡੀ ਹਰ ਖੁਸ਼ੀ ਤੇ ਆਪਣੀ ਖੁਸ਼ੀ ਕੁਰਬਾਨ ਕੀਤੀ ਸੀ। ਅੱਜ਼ ਸਾਡਾ ਵੀ ਫਰਜ਼ ਬਣਦਾ ਕਿ ਉਂਨਾ ਦੀ ਸਾਡੇ ਲਈ ਕੀਤੀ ਕੁਰਬਾਨੀ ਦਾ ਖੁਸ਼ੀ ਖੁਸ਼ੀ ਮੁੱਲ ਮੋੜੀਏ।

**ਪਰਮਜੀਤ ਕੌਰ ਸੋਢੀ**
**94786 58384**

# ਕਹਾਣੀ ਦੀ ਸਮੀਖਿਆ

# ਤਾਏ ਕੇ: ਚੋਰ ਉਚੱਕੇ ਨਹੀਂ



ਜਗਦੇਵ ਸਿੱਧੂ
403 351 1136

'ਤੋਹਫ਼ਾ' ਸੁਰਿੰਦਰ ਗੀਤ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਇਸ ਪੁਸਤਕ ਨੇ ਸਾਹਿਤਕ ਹਲਕਿਆਂ ਅੰਦਰ ਜ਼ਿਕਰਯੋਗ ਚਰਚਾ ਛੇੜੀ ਹੈ। ਉੱਘੇ ਲੇਖਕ, ਆਲੋਚਕ, ਪੱਤਰਕਾਰ ਅਤੇ ਵਿਦਿਆਰਥੀ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਬਾਰੇ ਆਪੋ-ਆਪਣੀ ਸਮਝ ਅਨੁਸਾਰ ਆਲੋਚਨਾ, ਸਮੀਖਿਆ ਅਤੇ ਮੁੱਲਾਂਕਣ ਕਰ ਰਹੇ ਹਨ। ਇਨ੍ਹਾਂ ਕਹਾਣੀਆਂ ਦੇ ਵਿਸ਼ਿਆਂ, ਤਕਨੀਕ ਅਤੇ ਕਥਾ-ਜੁਗਤ ਨੂੰ ਕਈ ਪੱਖਾਂ ਤੋਂ ਵਾਚਿਆ ਜਾ ਰਿਹਾ ਹੈ। ਅਜਿਹਾ ਹੁੰਗਾਰਾ ਕਿਸੇ ਸੰਗ੍ਰਹਿ ਲਈ ਸ਼ੁਭ ਸ਼ਗਨ ਮੰਨਿਆਂ ਜਾਂਦਾ ਹੈ। ਇਸ ਸੰਗ੍ਰਹਿ ਵਿਚਲੀ ਕਹਾਣੀ 'ਤਾਏ ਕੇ ਚੋਰ ਉਚੱਕੇ ਨਹੀਂ ' ਬਾਰੇ ਜੋ ਆਲੋਚਨਾਤਮਿਕ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਉਹ ਇਸ ਕਹਾਣੀ ਨਾਲ ਪੂਰਾ ਤੇ ਸਹੀ ਇਨਸਾਫ਼ ਨਹੀਂ ਕਰਦੀਆਂ ਜਾਪਦੀਆਂ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਅਜਿਹੇ ਆਲੋਚਕਾਂ ਨੂੰ ਕੈਨੇਡਾ ਦੇ ਉਨ੍ਹਾਂ ਮੂਲਨਿਵਾਸੀਆਂ ਦੇ ਪਿਛੋਕੜ, ਉਨ੍ਹਾਂ ਦੇ ਹਾਲਾਤ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਬਾਰੇ ਪੂਰਾ ਗਿਆਨ ਨਹੀਂ ਜਾਂ ਫਿਰ -ਨਾ ਕੁ ਹੀ ਪਤਾ ਹੈ ਜੋ ਇਨ੍ਹਾਂ ਲੋਕਾਂ ਬਾਰੇ ਬਿਨਾ ਸਹੀ ਜਾਣਕਾਰੀ ਤੋਂ ਆਮ ਧਾਰਨਾ ਬਣਾਈ ਜਾਂਦੀ ਜਾਂ ਬਣਾਈ ਗਈ ਹੈ। ਉਦਾਹਰਨ ਵੱਜੋਂ ਜਿਵੇਂ ਕਿ ਇਸ ਕਹਾਣੀ ਦੇ ਸਿਰਲੇਖ ਤੋਂ ਅਨੁਮਾਨ ਲੱਗਦਾ ਹੈ ਕਿ ਇਨ੍ਹਾਂ ਨੂੰ 'ਤਾਏ ਕੇ' ਕਿਹਾ ਜਾਂਦਾ ਹੈ ਜੋ ਨਿਆਂ-ਯੁਕਤ ਨਹੀਂ, ਇਨ੍ਹਾਂ ਨੂੰ ਚੋਰ ਉਚੱਕੇ ਮੰਨਿਆਂ ਜਾਂਦਾ ਹੈ ਜੋ ਇਨ੍ਹਾਂ ਨਾਲ ਸਰਾਸਰ ਨਾਇਨਸਾਫ਼ੀ ਹੈ। ਇਸ ਸਿਰਲੇਖ ਵਿੱਚ ਆਮ ਲੋਕਾਂ ਦੀ ਧਾਰਨਾ ਅਤੇ ਉਸ ਦਾ ਖੰਡਨ ਸਮਾਇਆ ਹੋਇਆ ਹੈ। ਇਸ ਕਹਾਣੀ ਦਾ ਸਹੀ ਮੁੱਲਾਂਕਣ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਕਹਾਣੀ ਅੰਦਰ ਬਿਆਨੀਆਂ ਗਈਆਂ ਪ੍ਰਿਸਥਿਤੀਆਂ, ਘਟਨਾਵਾਂ, ਵਾਰਤਾਵਾਂ ਅਤੇ ਹੋਰ ਸਰੋਕਾਰਾਂ ਦੇ ਪਿਛੋਕੜ ਨੂੰ ਜਾਣਿਆਂ ਤੇ ਸਮਝਿਆ ਜਾਵੇ, ਤਾਂ ਹੀ ਕਹਾਣੀ ਨਾਲ ਨਿਆਂ ਹੋ ਸਕੇਗਾ, ਤਾਂ ਹੀ ਇਸ ਕਹਾਣੀ ਦਾ ਮਨੋਰਥ ਸਪਸ਼ਟ ਹੋ ਸਕੇਗਾ ਅਤੇ ਪੰਜਾਬੀ ਸਾਹਿਤ ਜਗਤ ਵਿੱਚ ਇਸ ਕਹਾਣੀ ਦੀ ਸਹੀ ਥਾਂ ਨਿਰਧਾਰਿਤ ਕੀਤੀ ਜਾ ਸਕੇਗੀ।

ਇਸ ਕਹਾਣੀ ਦਾ ਪਲਾਟ ਸਿਰਫ਼ ਇੱਕੋ ਜਗਾਹ, ਕੈਲਗਰੀ ਸਿਟੀ ਹਾਲ ਤੱਕ ਸੀਮਿਤ ਰਹਿੰਦਾ ਹੈ। ਸਿਟੀ ਹਾਲ ਦੀ ਇਮਾਰਤ ਅਤੇ ਲਵੇ-ਲੌਣੇ ਦਾ ਨਕਸ਼ਾ ਕਹਾਣੀ ਦੀ ਲੋੜ ਮੁਤਾਬਕ ਢੁਕਵਾਂ ਪੇਸ਼ ਕੀਤਾ ਹੈ। ਕਹਾਣੀਕਾਰਾ ਨੇ ਜੋ ਅੱਖੀਂ ਵੇਖਿਆ, ਉਸ ਨੂੰ ਸੱਚਾਈ ਨਾਲ਼ ਬਿਆਨ ਕੀਤਾ ਹੈ, ਬੱਸ ਥੋੜੀ ਬਹੁਤ ਕਲਪਨਾ ਕਹਾਣੀ ਉਸਾਰਨ ਲਈ ਕੀਤੀ ਗਈ ਜਾਪਦੀ ਹੈ। ਲੱਗਦਾ ਹੈ ਸੁਰਿੰਦਰ ਗੀਤ ਨੇ ਦਫ਼ਤਰ ਆਉਂਦੀ-ਜਾਂਦੀ ਨੇ ਬਣੀ ਬਣਾਈ ਕਹਾਣੀ ਚੁੱਕ ਲਈ। ਅਜਿਹਾ ਤਾਂ ਕਰ ਸਕੀ ਕਿਉਂਕਿ ਉਸ ਵਿੱਚ ਕਾਵਿ-ਸੰਵੇਦਨਾ ਦੀ ਘਾਟ ਨਹੀਂ। ਇਹ ਸੰਵੇਦਨਾ ਹੀ ਹਰੇਕ ਦ੍ਰਿਸ਼ ਨੂੰ ਗਹਿਰੀ ਦ੍ਰਿਸ਼ਟੀ ਨਾਲ਼ ਨਿਹਾਰਦੀ ਅਤੇ ਰਚਨਾ ਕਰਨ ਦੀ ਪ੍ਰੇਰਕ ਬਣਦੀ ਹੈ। ਕਹਾਣੀ ਦਾ ਮੁੱਖ ਪਾਤਰ ਮਾਈਕਲ ਫੌਂਟੇਨ ਹੈ ਜੋ ਵੱਡੀ ਉਮਰ ਦਾ ਹੈ, ਬੇ-ਘਰ ਹੈ, ਕੋਈ ਕੰਮ ਨਹੀਂ ਕਰਦਾ, ਅਪੰਗ ਵੀ ਹੈ, ਲੰਗੜਾ ਕੇ ਸੋਟੀ ਦੇ ਸਹਾਰੇ ਤੁਰਦਾ ਹੈ। ਨਾ ਲੇਖਿਕਾ ਨੂੰ ਪਤਾ ਹੈ, ਨਾ ਕਿਸੇ ਹੋਰ ਨੂੰ ਕਿ ਇਨ੍ਹਾਂ ਨੂੰ ਤਾਏ ਕੇ ਕਿਉਂ ਕਿਹਾ ਜਾਂਦਾ ਹੈ। ਮੈਨੀਟੋਬਾ ਵਿੱਚ ਇਨ੍ਹਾਂ ਨੂੰ ਰੈੱਡ ਇੰਡੀਅਨ ਦੀ ਬਜਾਏ ਲਾਲ ਭਾਰਤੀ ਕਿਹਾ ਜਾਂਦਾ ਹੈ ਤਾਂ ਜੋ ਇਹ ਲੋਕ ਸਮਝ ਨਾ ਸਕਣ ਅਸੀਂ ਕਿਸ ਦੀ ਗੱਲ ਕਰਦੇ ਹਾਂ। ਜਿਨ੍ਹਾਂ ਨੂੰ ਤਾਏ ਕੇ ਜਾਂ ਲਾਲ ਭਾਰਤੀ ਕਹਿੰਦੇ ਹਾਂ, ਇਹ ਲੋਕ ਉੱਤਰੀ ਅਮਰੀਕਾ ਦੀ ਧਰਤੀ ਦੇ ਅਸਲ ਮਾਲਕ ਅਤੇ ਪੁਰਾਤਨ ਕਾਲ ਤੋਂ ਵਸ਼ਿੰਦੇ ਹਨ, ਜਿਹਾ ਕਿ ਕਹਾਣੀ ਵਿੱਚ ਦੱਸਿਆ ਗਿਆ ਹੈ। ਇਹ ਲੋਕ ਕੁਦਰਤ ਨੂੰ ਪਿਆਰ ਕਰਦੇ ਹਨ, ਚੰਗੀਆਂ ਸਮਾਜਿਕ ਕਦਰਾਂ-ਕੀਮਤਾਂ ਦੇ ਧਾਰਨੀ ਹਨ। ਇਨ੍ਹਾਂ ਦਾ ਵਧੀਆ ਨਰੋਆ ਸੱਭਿਆਚਾਰ ਹੈ, ਇਨ੍ਹਾਂ ਦੀਆਂ ਆਪਣੀਆਂ ਬੋਲੀਆਂ ਹਨ, ਇਨ੍ਹਾਂ ਦੇ ਆਪਣੇ ਗੀਤ, ਨਾਚ ਅਤੇ ਆਪਣੀਆਂ ਕਹਾਣੀਆਂ ਹਨ। ਜਦੋਂ 1534 ਈ: ਤੋਂ ਯੂਰਪ ਤੋਂ ਆਬਾਦਕਾਰ ਇੱਥੇ ਆਉਣੇ ਸ਼ੁਰੂ ਹੋਏ ਤਾਂ ਉਹ ਇੱਥੋਂ ਦੇ ਜਾਨਵਰਾਂ, ਖਾਸ ਕਰ ਕੇ ਬੀਵਰ ਦੀ ਜੱਤ, ਜੰਗਲੀ ਮੱਝਾਂ ਦੀਆਂ ਖੱਲਾਂ ਅਤੇ ਹੱਡੀਆਂ ਲਿਜਾ ਕੇ ਮਹਿੰਗੀਆਂ ਵੇਚ ਕੇ ਮੁਨਾਫ਼ਾ ਕਮਾਉਂਦੇ ਰਹੇ। ਸਿੱਟੇ ਵਜੋਂ ਇਨ੍ਹਾਂ ਲੋਕਾਂ ਦੇ ਜੀਵਨ-ਨਿਰਬਾਹ ਵਾਲ਼ੇ ਦੋਵੇਂ ਜਾਨਵਰ ਖ਼ਤਮ ਹੋ ਗਏ ਤਾਂ ਇਹ ਭੁੱਖਮਰੀ ਦਾ ਸ਼ਿਕਾਰ ਹੋਣ ਲੱਗੇ। ਯੂਰਪੀ ਵਪਾਰੀਆਂ ਨੇ ਸ਼ਰਾਬ ਲਿਆਂਦੀ ਜੋ ਇਨ੍ਹਾਂ ਨੇ ਕਦੇ ਵੇਖੀ ਵੀ ਨਹੀਂ ਸੀ। ਉਸ ਦੀ ਅੰਨ੍ਹੀਂ ਵਰਤੋਂ ਕਰਨ ਸਦਕਾ ਘਰਾਂ ਵਿੱਚ ਕ਼ਲੇਸ਼ ਪੈ ਗਏ। ਵਪਾਰੀ ਆਪਣੇ ਨਾਲ ਚੇਚਕ, ਮਿਆਦੀ ਬੁਖਾਰ ਤੇ ਤਪਦਿਕ ਵਰਗੀਆਂ ਨਾ-ਮੁਰਾਦ ਬੀਮਾਰੀਆਂ ਲੈ ਕੇ ਆਏ ਜਿਨ੍ਹਾਂ ਕਾਰਨ ਪਿੰਡਾਂ ਦੇ ਪਿੰਡ ਉੱਜੜ ਗਏ। ਗੋਰੇ ਆਬਾਦਕਾਰਾਂ ਨੇ ਇਨ੍ਹਾਂ ਨਾਲ਼ ਚਲਾਕੀ ਤੇ ਮੱਕਾਰੀ ਵਰਤ ਕੇ ਅਖੌਤੀ ਸੰਧੀਆਂ ਕਰ ਕੇ ਸਾਰੀ ਧਰਤੀ ਹਥਿਆ ਲਈ, ਸਿਰਫ਼ ਕੁੱਝ ਬੰਜਰ, ਕੰਕਰੀਲੇ ਤੇ ਪਥਰੀਲੇ ਖਿੱਤੇ ਇਨ੍ਹਾਂ ਨੂੰ ਦੇ ਦਿੱਤੇ ਜਿਨ੍ਹਾਂ ਨੂੰ 'ਰਿਜ਼ਰਵ' ਕਹਿੰਦੇ ਹਨ। ਰਹਿੰਦੀ ਕਸਰ ਰਿਹਾਇਸ਼ੀ ਸਕੂਲਾਂ ਨੇ ਕੱਢ ਦਿੱਤੀ ਜਿੱਥੇ ਛੇ ਸਾਲ ਦੇ ਬੱਚਿਆਂ ਨੂੰ ਮਾਪਿਆਂ ਤੋਂ ਖੋਹ ਕੇ ਇਨ੍ਹਾਂ ਚਰਚ ਵਾਲ਼ੇ ਸਕੂਲਾਂ ਵਿੱਚ ਲਿਜਾਇਆ ਜਾਂਦਾ ਸੀ। -ਥੇ ਉਨ੍ਹਾਂ ਨੂੰ ਮਾਂ-ਬੋਲੀ ਬੋਲਣ ਦੀ ਸਖਤ ਮਨਾਹੀ ਸੀ। ਉਨ੍ਹਾਂ ਨੂੰ ਈਸਾਈ ਬਣਾਇਆ ਜਾਂਦਾ ਸੀ। ਨਾ ਰੱਜਵੀਂ ਖ਼ੁਰਾਕ ਦਿੱਤੀ ਜਾਂਦੀ ਸੀ ਨਾ ਬੀਮਾਰ ਹੋਣ ਤੇ ਇਲਾਜ ਕੀਤਾ ਜਾਂਦਾ ਸੀ। ਕੁੱਟ-ਮਾਰ ਅਤੇ ਜਿਨਸੀ ਸ਼ੋਸ਼ਣ ਵਾਧੂ ਸੀ। ਮਰੇ ਜਾਂ ਅਧ-ਮਰਿਆਂ ਨੂੰ ਕਬਰਾਂ ਵਿੱਚ ਦਬਾ ਦਿੱਤਾ ਜਾਂਦਾ ਸੀ। ਇਨ੍ਹਾਂ ਚਰਚ-ਸਕੂਲਾਂ ਕੋਲ ਹਜ਼ਾਰਾਂ ਕਬਰਾਂ ਮਿਲੀਆਂ ਹਨ। ਸ਼ਰਾਬ ਅਤੇ ਰਿਹਾਇਸ਼ੀ ਸਕੂਲਾਂ ਨੇ ਮੂਲਨਿਵਾਸੀਆਂ ਦਾ ਘਰੇਲੂ, ਪਰਿਵਾਰਕ,ਸਮਾਜਿਕ ਅਤੇ ਸੱਭਿਆਚਾਰਕ ਜੀਵਨ ਤਬਾਹ ਕਰ ਕੇ ਰੱਖ ਦਿੱਤਾ। ਸ਼ਰਾਬ, ਕ਼ਲੇਸ਼, ਘਰੇਲੂ ਝਗੜਿਆਂ ਅਤੇ ਰਿਹਾਇਸ਼ੀ ਸਕੂਲਾਂ ਦੇ ਵਤੀਰੇ ਨੇ ਬੱਚਿਆਂ ਨੂੰ ਕੁਰਾਹੇ ਪਾ ਦਿੱਤਾ। ਮੁੰਡੇ ਕੁੜੀਆਂ ਘਰੋਂ ਭੱਜ ਕੇ ਨਸ਼ਾ ਤਸਕਰਾਂ ਅਤੇ ਗੁੰਡੇ ਅਨਸਰਾਂ ਦੇ ਧੱਕੇ ਚੜ੍ਹ ਜਾਂਦੇ ਜਿੱਥੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ। ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਇਨ੍ਹਾਂ ਦੀਆਂ ਹਜ਼ਾਰਾਂ ਲੜਕੀਆਂ ਅਤੇ ਔਰਤਾਂ ਗੁੰਮਸ਼ੁਦਾ ਹਨ ਜਿਨ੍ਹਾਂ ਨੂੰ ਗੋਰੇ ਲੋਕਾਂ ਦੁਆਰਾ ਵਰਤਣ ਮਗਰੋਂ ਮਾਰ ਕੇ ਖਪਾ ਦਿੱਤਾ ਗਿਆ। ਪਰਿਵਾਰ ਖੇਰੂੰ-ਖੇਰੂੰ ਹੋ ਗਏ, ਮਾਂ ਕਿਤੇ, ਬਾਪ ਕਿਤੇ, ਭੈਣ ਕਿਤੇ, ਭਰਾ ਕਿਤੇ।


ਅਜਿਹੀ ਪਿੱਠਭੂਮੀ ਦੀ ਉਪਜ ਹੈ ਇਸ ਕਹਾਣੀ ਦਾ ਪਲਾਟ। ਮੁੱਖ ਪਾਤਰ ਮਾਈਕਲ ਰਿਹਾਇਸ਼ੀ ਸਕੂਲ ਦੇ ਦੁਰਵਿਹਾਰ ਦਾ ਸ਼ਿਕਾਰ ਵਿਅਕਤੀ ਹੈ। ਉਹ ਸਕੂਲ ਤੋਂ ਨਿਕਲਣ ਮਗਰੋਂ ਆਪਣੇ ਸੱਭਿਆਚਾਰ ਨਾਲੋਂ ਟੁੱਟ ਚੁੱਕਾ ਹੈ। ਉਸ ਦੀ ਭੈਣ ਰਿਹਾਇਸ਼ੀ ਸਕੂਲ ਤੋਂ ਬਾਹਰ ਆ ਕੇ ਪਤਾ ਨਹੀਂ ਕਿੰਨ੍ਹਾਂ ਹਾਲਤਾਂ ਵਿੱਚੋਂ ਗੁਜ਼ਰੀ ਹੋਵੇਗੀ। ਮਾਈਕਲ ਸਰੀਰਕ ਪੱਖੋਂ ਕੰਮ ਕਰਨ ਜੋਗਾ ਨਾ ਰਿਹਾ। ਉਸ ਦਾ ਕੋਈ ਘਰ ਪਰਿਵਾਰ ਨਾ ਰਿਹਾ। ਅਜਿਹੀ ਮੰਦਹਾਲੀ ਵਿੱਚ ਵੀ ਉਸ ਦਾ ਪਿਤਾ-ਪੁਰਖੀ ਵਿਰਸਾ ਉਸ ਅੰਦਰ ਜਿਉਂਦਾ ਹੈ ਜੋ ਜੀਵਨ ਦੀਆਂ ਸੱਚੀਆ-ਸੁੱਚੀਆਂ ਕਦਰਾਂ ਕੀਮਤਾਂ ਨੂੰ ਸਾਂਭੀ ਰਖਦਾ ਹੈ। ਉਸ ਨੂੰ ਉਮੀਦ ਹੈ ਕਿ ਉਸ ਤੋਂ ਵਿੱਛੜੀ ਉਸ ਦੀ ਭੈਣ ਉਸ ਨੂੰ ਕਿਤੇ ਤਾਂ ਮਿਲੇਗੀ। ਉਸੇ ਦੀ ਭਾਲ਼ ਵਿੱਚ ਮਾਈਕਲ ਵਿੱਨੀਪੈੱਗ ਲਾਗੇ ਆਪਣੇ ਰਿਜ਼ਰਵ ਤੋਂ ਗਰੀਬੀ ਦੀ ਹਾਲਤ ਵਿੱਚ ਥਾਂ- ਥਾਂ ਭਟਕਦਾ ਅਲਬਰਟਾ ਦੇ ਕੈਲਗਰੀ ਸ਼ਹਿਰ ਵਿੱਚ ਆ ਜਾਂਦਾ ਹੈ। ਮਾਈਕਲ ਦਾ ਲੰਗੜਾ ਕੇ ਤੁਰਨਾ, ਉਸ ਦੇ ਜਿਸਮ ਉਪਰ ਪਈਆਂ ਸੱਟਾਂ ਦੇ ਨਿਸ਼ਾਨ, ਉਸ ਦੀ ਭੈਣ ਦਾ ਨਿੱਖੜਨਾ, ਮਾਂ ਦਾ ਕਤਲ, ਪਿਤਾ ਦਾ ਲਾ-ਪਤਾ ਹੋਣਾ ਸਭ ਰਿਹਾਇਸ਼ੀ ਸਕੂਲ ਦੀ ਦੇਣ ਹਨ। ਇਸ ਬਾਰੇ ਮਾਈਕਲ ਆਪਣੀ ਹੱਡਬੀਤੀ ਦੱਸਣ ਵੇ਼ਲੇ ਸਹੀ ਹਾਲਤ ਬਿਆਨ ਕਰ ਦਿੰਦਾ ਹੈ, "ਉਸ ਨੇ ਮੇਰੀ ਮਾਂ ਦੇ ਗੋ਼ਲੀ ਮਾਰ ਦਿੱਤੀ । ਮਾਂ ਡਿੱਗ ਪਈ ਸੀ ਤੇ ਖ਼ੂਨ 'ਚ ਲਥਪਥ ਪਈ ਸੀ। । ਮੇਰੇ ਪਿ- ਨਾ਼ਲ ਕੀ ਬੀਤਿਆ, ਕੁੱਝ ਪਤਾ ਨਹੀਂ ।।। -ਥੇ ਸਕੂਲ ਵਿੱਚ ਸਾਨੂੰ ਬਹੁਤ ਕੁੱਟਿਆ ਮਾਰਿਆ ਜਾਂਦਾ ਸੀ ।।। ਮੇਰੀ ਇੱਕ ਹੱਡੀ ਵੀ ਟੁੱਟ ਗਈ ਸੀ ਪਰ ਕਿਸੇ ਨੇ ਕੋਈ ਦਵਾ ਦਾਰੂ ਨਾ ਕੀਤੀ।।।। ਮੇਰੇ ਏਨੀ ਜ਼ੋਰ ਦੀ ਥੱਪੜ ਮਾਰਿਆ ਕਿ ਮੇਰਾ ਮੱਥਾ ਕਿਚਨ 'ਚ ਪਏ ਤਿੱਖੇ ਕੰਢੇ ਵਾ਼ਲੇ ਪਤੀਲੇ 'ਤੇ ਜਾ ਵੱਜਿਆ। ਬਹੁਤ ਲਹੂ ਨਿਕਲ਼ਿਆ ਸੀ।" ਕੈਲਗਰੀ ਆਉਣ ਦਾ ਇੱਕੋ ਮਕਸਦ ਕਿਸੇ ਤੋਂ ਦੱਸ ਪੈਣ ਕਰ ਕੇ ਆਪਣੀ ਭੈਣ ਨੂੰ ਲੱਭਣਾ ਹੈ, "ਮੈਂ ਹਰ ਔਰਤ 'ਤੇ ਨਿਗਾਹ ਰੱਖਦਾ ਹਾਂ ਕਿ ਸ਼ਾਇਦ ਇਨ੍ਹਾਂ 'ਚੋਂ ਕੋਈ ਮੇਰੀ ਭੈਣ ਹੋਵੇ।"ਮਾਈਕਲ ਦੀ ਗਰਲ ਫਰੈਂਡ ਕਿਸੇ ਪੁ਼ਲ ਹੇਠ ਸੁੱਤੀ ਪਈ ਮਰ ਗਈ ਸੀ। ਇੱਥੇ ਕਹਾਣੀਕਾਰਾ ਨੇ ਇਸ਼ਾਰਾ ਮਾਤਰ ਹਜ਼ਾਰਾਂ ਗੁੰਮ ਹੋਈਆਂ ਤੇ ਕਤਲ ਹੋਈਆਂ ਨੇਟਿਵ ਕੁੜੀਆਂ ਅਤੇ ਔਰਤਾਂ ਬਾਰੇ ਬਣੇ ਪੜਤਾ਼ਲੀਆ ਕਮਿਸ਼ਨ ਦੀਆਂ ਸਿਫ਼ਰਿਸ਼ਾਂ, ਉਨ੍ਹਾਂ ਪ੍ਰਤੀ ਸਰਕਾਰ ਦੀ ਬੇ-ਰੁਖੀ ਅਤੇ ਲਾ-ਪਰਵਾਹੀ ਦਾ ਬਣਦਾ ਜ਼ਿਕਰ ਕੀਤਾ ਹੈ।

ਮਾਈਕਲ ਲੇਖਿਕਾ ਦਾ ਡਿੱਗਿਆ ਦਸ ਡਾਲਰ ਦਾ ਨੋਟ ਮੋੜਨ ਲੱਗਿਆ ਕਹਿੰਦਾ ਹੈ, " ਕਿਸੇ ਦਿਨ ਬਰੇਕਫਾਸਟ ਖਰੀਦ ਦੇਣਾ ਜਿਸ ਦਿਨ ਮੈਨੂੰ ਭੁੱਖ ਹੋਈ"। ਇਹ ਕਹਾਣੀ ਦਾ ਸਿਖਰ ਹੈ ਜੋ ਮੂਲਨਿਵਾਸੀਆਂ ਉਪਰ ਲਾਈ ਤੋਹਮਤ ਚੋਰ ਉਚੱਕੇ ਅਤੇ ਲਾਲਚੀ ਹੋਣ ਨੂੰ ਮੂਲ਼ੋਂ ਨਕਾਰਦਾ ਹੈ। ਕਹਾਣੀ ਦਾ ਅੰਤ ਦੁਖਾਂਤ ਹੋਣ ਦੇ ਬਾਵਜੂਦ ਵੀ ਪਾਠਕ ਨੂੰ ਤਸੱਲੀ ਅਤੇ ਖ਼ੁਸ਼ੀ ਭਰੀ ਹੈਰਾਨੀ ਦੇ ਜਾਂਦਾ ਹੈ ਜਦੋਂ ਪਤਾ ਲਗਦਾ ਹੈ ਕਿ ਮਾਈਕਲ ਨੂੰ ਮਰਨ ਤੋਂ ਪਹਿਲਾਂ ਉਸ ਦੀ ਭੈਣ ਮਿਲ ਗਈ ਸੀ ਤੇ ਉਸ ਦੀ ਭਟਕਣਾ ਮੁੱਕ ਗਈ ਸੀ। "ਦੋਨੋਂ ਭੈਣ-ਭਰਾ ਬਹੁਤ ਖ਼ੁਸ਼ ਸਨ।" ਕਹਾਣੀ ਦਾ ਅੰਤ ਕਹਾਣੀਕਾਰਾ ਅਤੇ ਨੇਟਿਵ ਭਾਈਚਾਰੇ ਅੰਦਰ ਸਥਾਪਿਤ ਹੋਏ ਆਪਸੀ ਵਿਸ਼ਵਾਸ, ਸਮਝ ਅਤੇ ਮਾਨਵੀ ਕਦਰਾਂ - ਕੀਮਤਾਂ ਦੀ ਅਹਿਮੀਅਤ ਨੂੰ ਉਜਾਗਰ ਕਰਦਾ ਹੈ ਜਦੋਂ ਉਹ ਮਾਈਕਲ ਦੇ ਸਾਥੀ ਨੂੰ ਉਸ ਦੀ ਭੁੱਖ ਮਿਟਾਉਣ ਲਈ ਉਸੇ ਦਸ ਡਾਲਰ ਦੇ ਨੋਟ ਨਾ਼ਲ ਬਰੇਕਫਾਸਟ ਖਰੀਦ ਕੇ ਦਿੰਦੀ ਹੈ।

ਕਹਾਣੀ ਦਾ ਪਲਾਟ ਗੁੰਦਵਾਂ ਹੈ। ਸ਼ੁਰੂ ਤੋਂ ਅਖੀਰ ਤੱਕ ਪਾਠਕ ਦੀ ਉਤਸੁਕਤਾ ਕਾਇਮ ਰਹਿੰਦੀ ਹੈ। ਕਹਾਣੀ ਦੀ ਤੋਰ ਚੁਸਤ, ਬੇ-ਰੋਕ ਅਤੇ ਸਿੱਧ-ਪੱਧਰੀ ਹੈ ਜੋ ਪਾਠਕ ਨੂੰ ਆਪਣੇ ਨਾਲ ਤੋਰ ਲੈਂਦੀ ਹੈ। ਪਾਤਰ ਉਸਾਰੀ ਲੋੜ ਮੁਤਾਬਕ ਕਹਾਣੀ ਦੀ ਮੰਗ ਪੂਰੀ ਕਰਦੀ ਹੈ। ਮਾਈਕਲ ਕੌਣ ਹੈ, ਉਸ ਦੀ ਪਛਾਣ, ਉਸ ਦਾ ਪਹਿਰਾਵਾ, ਉਸ ਦੀ ਦਿੱਖ, ਉਸ ਦੀ ਚਾਲ-ਢਾਲ, ਉਸ ਦੀ ਨੀਯਤ, ਉਸ ਦੇ ਕਿਰਦਾਰ ਅਤੇ ਸਲੀਕੇ ਨੂੰ ਬੜੇ ਮਾਰਮਿਕ ਅਤੇ ਮਨੋਵਿਗਿਆਨਕ ਤਰੀਕੇ ਨਾਲ ਦਰਸਾਇਆ ਗਿਆ ਹੈ। ਨਾ਼ਲ ਹੀ ਕਹਾਣੀਕਾਰਾ (ਜੋ ਇੱਕ ਪਾਤਰ ਹੈ) ਦੇ ਕੰਮ, ਉਸ ਦੇ ਕੰਮ ਦੀ ਥਾਂ, ਇਮਾਰਤ, ਉਸ ਦਾ ਰੋਜ਼ਾਨਾ ਦਾ ਰੁਝਾਨ (ਰੁਟੀਨ), ਉਸ ਦਾ ਲੋੜਵੰਦਾਂ ਪ੍ਰਤੀ ਵਤੀਰਾ ਅਤੇ ਉਸ ਦੇ ਆ਼ਲੇ-ਦੁਆ਼ਲੇ ਬਾਰੇ ਲੋੜੀਂਦਾ ਵਿਸਥਾਰ ਕੀਤਾ ਮਿਲਦਾ ਹੈ। ਦੋਹਾਂ ਪਾਤਰਾਂ ਦੀ ਮਨੋ-ਦਸ਼ਾ ਅਤੇ ਇੱਕ ਦੂਜੇ ਦੇ ਨੇੜੇ ਹੋਈ ਜਾਣ ਦੀ ਕੁਦਰਤੀ ਪ੍ਰਕਿਰਿਆ ਨੂੰ ਬਾਰੀਕੀ ਨਾ਼ਲ ਬੁਣਿਆ ਗਿਆ ਹੈ। ਕਿਤੇ ਬੇ-ਲੋੜਾ ਜਾਂ ਵਾਧੂ ਦਾ ਖਿਲਾਰਾ ਨਹੀਂ ਪਾਇਆ ਗਿਆ ਪਰ ਕੋਈ ਅਹਿਮ ਜਾਣਕਾਰੀ ਲੁਕੋਈ ਵੀ ਨਹੀਂ ਗਈ। ਕਹਾਣੀ ਵਿੱਚ ਮੂਲਨਿਵਾਸੀਆਂ ਦੇ ਪਿਛੋਕੜ, ਇਤਿਹਾਸ ਅਤੇ ਬਸਤੀਵਾਦੀਆਂ ਦੁਆਰਾ ਕੀਤੀਆਂ ਵਧੀਕੀਆਂ ਵੱਲ ਤਕਨੀਕੀ ਪੱਖ ਤੋਂ ਇਸ਼ਾਰੇ ਕੀਤੇ ਗਏ ਹਨ। ਕਹਾਣੀ ਆਦਿ, ਮੱਧ, ਸਿਖਰ ਅਤੇ ਅੰਤ ਨੂੰ ਸੁਭਾਵਿਕ ਤੌਰ ਤੇ ਨਿਭਾਉਂਦੀ ਹੈ। ਕਹਾਣੀ ਆਪਣਾ ਉਦੇਸ਼ ਪੂਰਾ ਕਰਨ ਵਿਚ ਅਤੇ ਅਸਰਦਾਰ ਤਰੀਕੇ ਨਾਲ ਸੁਨੇਹਾ ਦੇਣ ਵਿਚ ਪੂਰੀ ਤਰ੍ਹਾਂ ਸਫਲ ਹੋਈ ਹੈ। ਸਿਰਲੇਖ ਬਿਲਕੁਲ ਢੁੱਕਵਾਂ ਹੈ ਅਤੇ ਸਾਰੀ ਕਹਾਣੀ ਵਿੱਚ ਇਸੇ ਦਾ ਵਿਸਥਾਰ ਹੈ। ਕਹਾਣੀਕਾਰਾ ਦੀ ਦੋਸਤ ਨੇਟਿਵ ਲੋਕਾਂ ਨੂੰ ਤਾਏ ਕੇ ਅਤੇ ਚੋਰ ਉਚੱਕੇ ਕਹਿੰਦੀ ਹੈ ਜੋ ਇਨ੍ਹਾਂ ਪ੍ਰਤੀ ਸਾਰੇ ਗ਼ੈਰਨੇਟਿਵ ਲੋਕਾਂ ਦੇ ਰਵੱਈਏ ਦਾ ਇਜ਼ਹਾਰ ਹੈ। ਉਹ ਕਹਿੰਦੀ ਹੈ, " ਇਹ ਲੋਕ ਚੋਰ ਹੁੰਦੇ ਹਨ। ਨਸ਼ੇ ਪੱਤੇ ਕਰਦੇ ਹਨ। ਕੰਮ ਕਾਰ ਕਰਦੇ ਨਹੀਂ। ਵਿਹਲੇ ਸਰਕਾਰਾਂ 'ਤੇ ਭਾਰ ਹਨ"। ਇਸ ਗ਼ਲਤ ਧਾਰਨਾ ਦਾ ਮੂੰਹ-ਤੋੜਵਾਂ ਜਵਾਬ ਮਾਈਕਲ ਦੁਆਰਾ ਦਸ ਡਾਲਰ ਦਾ ਨੋਟ ਮੋੜਨ ਤੋਂ ਮਿਲ ਜਾਂਦਾ ਹੈ।ਤਰਾਸਦੀ ਇਹ ਹੈ ਕਿ ਜਿਨ੍ਹਾਂ ਨੇ ਨੇਟਿਵ ਲੋਕਾਂ ਦੀ ਧਰਤੀ, ਜੰਗਲ, ਦਰਿਆ, ਕੁਦਰਤੀ ਸੋਮੇ, ਇਨ੍ਹਾਂ ਦੀ ਜ਼ਬਾਨ, ਇਨ੍ਹਾਂ ਦਾ ਸੱਭਿਆਚਾਰ, ਇਨ੍ਹਾਂ ਦੇ ਨਾਚ-ਗਾਣੇ ਅਤੇ ਰੀਤੀ ਰਿਵਾਜ ਜਬਰੀ ਖੋਹ ਲਏ ਜਾਂ ਕਹਿ ਲ- ਚੋਰੀ ਕਰ ਲਏ, ਉਨ੍ਹਾਂ ਨੂੰ ਕੋਈ ਚੋਰ ਨਹੀਂ ਕਹਿੰਦਾ ਪਰ ਜੋ ਸਭ ਕੁੱਝ ਗੁਆ ਕੇ ਬਰਬਾਦ ਹੋ ਕੇ ਰਹਿ ਗਏ ਹਨ ਉਨ੍ਹਾਂ ਨੂੰ ਉ਼ਲਟਾ ਇਹ ਸੰਗਿਆ ਦਿੱਤੀ ਜਾਂਦੀ ਹੈ। ਕਹਾਣੀ ਅੰਦਰ ਇਨ੍ਹਾਂ ਲੋਕਾਂ ਦੇ ਉੱਚੇ ਸੱਭਿਆਚਾਰ ਦੀ ਮਿਸਾਲ ਇੱਥੋਂ ਮਿਲਦੀ ਹੈ ਕਿ ਸੱਤ ਸਮੁੰਦਰੋਂ ਪਾਰ ਆਈ ਸੱਤਬਿਗਾਨੀ ਔਰਤ (ਲੇਖਿਕਾ) ਨੂੰ ਇੱਥੋਂ ਦਾ ਅਸਲੀ ਜੱਦੀ ਵਸ਼ਿੰਦਾ (ਮਾਈਕਲ) ਧੀ, ਜਾਣੀ 'ਡਾਟਰ' ਕਹਿ ਕੇ ਬੁਲਾਉਂਦਾ ਹੈ ਜਦੋਂ ਕਿ ਲੇਖਿਕਾ ਦੀ ਦੋਸਤ ਇਸ ਨੂੰ ਚੋਰ ਤੇ ਨਸ਼ੱਈ ਕਹਿੰਦੀ ਹੈ।

ਅੰਤ ਵਿੱਚ ਕਹਾਣੀ ਪਾਠਕ ਨੂੰ ਬੜਾ ਕਾਰਗਰ ਸੁਨੇਹਾ ਦੇ ਜਾਂਦੀ ਹੈ, "ਇਹ ਹਾਲਾਤ ਦੇ ਝੰਬੇ, ਮਾਰੇ ਕੁੱਟੇ, ਟੁੱਟੇ ਹੋਏ ਇਨਸਾਨ ਹਨ। ਇਹ ਸਾਡੇ ਪਿਆਰ ਅਤੇ ਹਮਦਰਦੀ ਦੇ ਪਾਤਰ ਹਨ"।

ਇਸ ਤਰ੍ਹਾਂ ਮਾਨਵਤਾ ਦੀਆਂ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਅਤੇ ਗ਼ਲਤ ਧਾਰਨਾਵਾਂ ਨੂੰ ਨਕਾਰਨ ਵਾ਼ਲੀ ਇਹ ਕਹਾਣੀ ਹਰ ਪੱਖ ਤੋਂ ਸਫਲ ਰਹੀ ਹੈ ਜੋ ਕਹਾਣੀ ਕਹਿਣ ਦੀ ਜੁਗਤ ਵਿਚ ਨਵੀਂ ਪਿਰਤ ਪਾਉਂਦੀ ਜਾਪਦੀ ਹੈ।



# ਨੌਜਵਾਨ ਪੀੜ੍ਹੀ, ਮੋਬਾਈਲ ਤੇ ਕਿਤਾਬਾਂ

ਰਜਵਿੰਦਰ ਪਾਲ ਸ਼ਰਮਾ

ਸਮੇਂ ਦੇ ਬਦਲਣ ਨਾਲ ਸਾਡਾ ਰਹਿਣ ਸਹਿਣ, ਗੱਲਬਾਤ ਕਰਨ, ਪਹਿਰਾਵੇ ਅਤੇ ਆ਼ਲੇ ਦੁਆ਼ਲੇ ਵਿੱਚ ਅਦਭੁਤ ਕ੍ਰਾਂਤੀ ਆਈ। ਤਕਨਾਲੋਜੀ ਅਤੇ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠਾਂ ਆਏ ਬਦਲਾਵਾਂ ਨੇ ਪੰਜਾਬੀ ਸੱਭਿਆਚਾਰ ਨੂੰ ਖੂੰਜੇ ਲਾ ਕੇ ਲੋਕਾਂ ਨੂੰ ਪੱਛਮੀ ਸੱਭਿਅਤਾ ਦਾ ਪਾਣ ਚੜ੍ਹਾ ਦਿੱਤਾ ਹੈ। ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਘੱਟ ਹੋਣ ਕਰਕੇ ਸਭ ਤੋਂ ਜ਼ਿਆਦਾ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਨੌਜਵਾਨਾਂ ਵਿਚ ਇਸ ਤਬਦੀਲੀ ਨੂੰ ਦੇਖਿਆ ਜਾ ਸਕਦਾ ਹੈ।

ਕੋਈ ਸਮਾਂ ਸੀ ਜਦੋਂ ਕਿਤੇ ਦੂਰ ਸੁਨੇਹਾ ਪਹੁੰਚਾਉਣਾ ਹੁੰਦਾ ਤਾਂ ਚਿੱਠੀ ਦੀ ਵਰਤੋਂ ਕੀਤੀ ਜਾਂਦੀ। ਚਿੱਠੀ ਪਹੁੰਚਦੀ ਪਹੁੰਚਦੀ ਹਫਤੇ-ਮਹੀਨੇ ਲਗਾ ਦਿੰਦੀ ਸੀ। ਚਿੱਠੀਆਂ ਪਹੁੰਚਾਉਣ ਲਈ ਕਬੂਤਰਾਂ ਦੀ ਵੀ ਵਰਤੋਂ ਹੁੰਦੀ ਰਹੀ ਹੈ, ਜਿਨ੍ਹਾਂ ਨੂੰ ਅਕਸਰ ਫਿਲਮਾਂ ਵਿੱਚ ਵੀ ਸੰਦੇਸ਼ ਵਾਹਕ ਦੇ ਤੌਰ 'ਤੇ ਦਿਖਾਇਆ ਜਾਂਦਾ ਹੈ। ਪਰ ਹੁਣ ਸਮਾਂ ਬਦਲ ਚੁੱਕਾ ਹੈ ਤੇ ਇੱਕ ਸੰਦੇਸ਼ ਨੂੰ ਪਹੁੰਚਾਉਣ ਲਈ ਹੁਣ ਹਫ਼ਤਾ ਨਹੀਂ ਇੱਕ ਸਕਿੰਟ ਤੋਂ ਵੀ ਘੱਟ ਸਮਾਂ ਲੱਗਦਾ ਹੈ। ਦੂਰ ਬੈਠੇ ਆਪਣੇ ਹੁਣ ਦੂਰ ਨਹੀਂ ਰਹੇ ਸਗੋਂ ਨੇੜੇ ਹੋ ਗਏ ਹਨ ਪਰ ਇਸ ਤਕਨਾਲੋਜੀ ਦੇ ਵਾਧੇ ਨੇ ਕੁਝ ਅਜਿਹੇ ਚਕਰਵਿਊ ਬਣਾ ਦਿੱਤੇ ਕਿ ਮਨੁੱਖ ਦਿਨੋਂ ਦਿਨ ਇਸ ਵਿੱਚ ਧਸਦਾ ਹੀ ਜਾ ਰਿਹਾ ਹੈ।

ਅਜੋਕੇ ਸਮੇਂ ਵਿੱਚ ਅਸੀਂ ਦੇਖਦੇ ਹਾਂ ਕਿਸੇ ਅਧਖੜ ਉਮਰ ਵਾਲੇ ਵਿਅਕਤੀ ਕੋਲ ਤਾਂ ਇੱਕ ਮੋਬਾਈਲ ਫੋਨ ਹੁੰਦਾ ਹੈ ਪਰ ਨੌਜਵਾਨ ਇੱਕ ਤੋਂ ਵੱਧ ਮੋਬਾਈਲ ਫ਼ੋਨ ਰੱਖਦੇ ਹੋਏ ਚਾਰ-ਚਾਰ ਸਿੰਮਾਂ ਦੇ ਮਾਲਕ ਹਨ। ਲੋੜ ਤੋਂ ਵੱਧ ਸਮਾਂ ਮੋਬਾਈਲ 'ਤੇ ਬਿਤਾਉਂਦੇ ਹੋਏ ਸਮਾਜ, ਮਾਪਿਆਂ, ਪੜ੍ਹਾਈ-ਲਿਖਾਈ ਤੇ ਕਿਤਾਬਾਂ ਤੋਂ ਬੇਮੁੱਖ ਹੋ ਰਹੇ ਹਨ। ਕਿਤਾਬਾਂ ਉੱਤੋਂ ਮਿੱਟੀ ਕਦੇ ਝਾੜੀ ਹੋਵੇ ਜਾਂ ਨਾਂ ਪਰ ਮੋਬਾਈਲ ਨੂੰ ਰੋਜ਼ ਸਵੇਰੇ ਸ਼ਾਮ ਸਾਫ਼ ਕਰਦੇ ਨਜ਼ਰ ਆਉਂਦੇ ਹਨ। ਫੇਸਬੁੱਕ, ਇੰਸਟਾਗ੍ਰਾਮ 'ਤੇ ਫੋਟੋ ਪਾ ਕੇ ਕੁਮੈਂਟਾਂ ਅਤੇ ਲਾਈਕ ਪ੍ਰਾਪਤ ਕਰਨ ਦੇ ਚੱਕਰ ਵਿੱਚ ਆਪਣੇ ਪੜ੍ਹਾਈ ਦੇ ਸਮੇਂ ਨੂੰ ਦਾਅ ਤੇ ਲਗਾ ਰਹੇ ਹਨ। ਇਸਦੇ ਨਤੀਜੇ ਕੀ ਨਿਕਲਣਗੇ, ਇਹ ਤਾਂ ਭਵਿੱਖ ਹੀ ਦੱਸੇਗਾ ਪਰ ਇਹ ਲੋਕ ਅਨਪੜ੍ਹਾਂ ਨਾਲੋਂ ਵੀ ਖਤਰਨਾਕ ਸਾਬਿਤ ਹੋਣਗੇ ਕਿਉਂਕਿ ਸਿਆਣੇ ਕਹਿੰਦੇ ਹਨ ਕਿ ਅਧੂਰਾ ਗਿਆਨ, ਗਿਆਨ ਨਾ ਹੋਣ ਨਾਲੋਂ ਜ਼ਿਆਦਾ ਖਤਰਨਾਕ ਹੁੰਦਾ ਹੈ।

ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਅਤੇ ਰਿਸ਼ਤਿਆਂ ਵਿੱਚ ਘੱਟ ਰਹੀ ਮਿਠਾਸ ਲਈ ਮੋਬਾਈਲ ਫ਼ੋਨ ਦੀ ਜ਼ਿਆਦਾ ਵਰਤੋਂ ਅਤੇ ਇੱਕ ਦੂਜੇ ਲਈ ਸਮਾਂ ਨਾ ਹੋਣਾ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਬੱਚੇ, ਬਜ਼ੁਰਗਾਂ ਦੇ ਪਿਆਰ ਤੋਂ ਵਿਹੂਣੇ ਹੁੰਦੇ ਹੋਏ, ਬਜ਼ੁਰਗ ਇਕੱਲਤਾ ਵਿਚ ਗੁਸੇ ਹੋਏ ਆਪਣੀ ਜ਼ਿੰਦਗੀ ਦੇ ਰਹਿੰਦੇ ਦਿਨ ਲੰਘਾ ਰਹੇ ਹਨ। ਨੌਜਵਾਨਾਂ ਦਾ ਵਤੀਰਾ ਰਤਾ ਵੀ ਤਸੱਲੀਬਖ਼ਸ਼ ਨਹੀਂ। ਬਜ਼ੁਰਗਾਂ ਅਤੇ ਘਰਦਿਆਂ ਦੀ ਸਲਾਹ ਲੈਣਾ ਉਹ ਪਸੰਦ ਨਹੀਂ ਕਰਦੇ। ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਹੁਣ ਕਾਲਜਾਂ ਵਿੱਚ ਪਹੁੰਚ ਗਏ ਹਨ, ਨੌਜਵਾਨ ਹਨ ਅਤੇ ਆਪਣੇ ਫੈਸਲੇ ਆਪ ਲੈ ਸਕਦੇ ਹਨ ਪਰ ਉਨ੍ਹਾਂ ਨੂੰ ਇਹ ਕੌਣ ਸਮਝਾਵੇ ਕਿ ਤੁਹਾਡੇ ਕੋਲ ਸਭ ਕੁਝ ਹੈ ਪਰ ਜ਼ੋ ਜ਼ਿੰਦਗੀ ਦਾ ਤਜਰਬਾ ਸਾਡੇ ਵੱਡਿਆਂ ਬਜ਼ੁਰਗਾਂ ਦਾ ਅਤੇ ਮਾਪਿਆਂ ਦਾ ਵੱਧ ਹੈ, ਉਹ ਕਿੱਥੋਂ ਲੈ ਕੇ ਆਉਣਗੇ। ਚਾਰ ਪੋਥੀਆਂ ਪੜ੍ਹਨ ਨਾਲ ਕੋਈ ਵਿਦਵਾਨ ਨਹੀਂ ਬਣ ਜਾਂਦਾ, ਜ਼ਿੰਦਗੀ ਵੀ ਹਰ ਰੋਜ਼ ਇਮਤਿਹਾਨ ਲੈਂਦੀ ਹੈ, ਇਸਦੇ ਤਜਰਬੇ ਦਾ ਵੀ ਕੋਈ ਮੁੱਲ ਨਹੀਂ।

ਕਿਤਾਬਾਂ ਮਨੁੱਖ ਦੀਆਂ ਸੱਚੀਆਂ ਮਿੱਤਰ ਹਨ। ਮਨੁੱਖ ਗਲਤੀਆਂ ਦਾ ਪੁਤਲਾ ਹੈ ਉਹ ਵਾਰ ਵਾਰ ਗਲਤੀਆਂ ਕਰਦਾ ਹੈ ਪਰ ਗਲਤੀਆਂ ਨੂੰ ਸੁਧਾਰਨ ਲਈ ਗਿਆਨ ਦੀ ਲੋੜ ਹੁੰਦੀ ਹੈ ਅਤੇ ਕਿਤਾਬਾਂ ਗਿਆਨ ਦਾ ਮਹਾਨ ਸੋਮਾ ਹਨ। ਕਿਤਾਬਾਂ ਬਿਨਾਂ ਗਿਆਨ ਪ੍ਰਾਪਤੀ ਹੋਣਾ ਅਸੰਭਵ ਹੈ। ਪਰ ਦਿਨੋਂ ਦਿਨ ਮੋਬਾਈਲ ਦੇ ਮੱਕੜਜਾਲ ਵਿਚ ਫ਼ਸ ਰਹੀ ਨੌਜਵਾਨ ਪੀੜ੍ਹੀ ਕਿਤਾਬਾਂ ਤੋਂ ਬੇਮੁੱਖ ਹੁੰਦੀ ਹੋਈ ਨਸ਼ਿਆਂ ਅਤੇ ਸਮਾਜਿਕ ਵਿਕਾਰਾਂ ਵਿੱਚ ਉਲਝ ਕੇ ਮਾੜੇ ਭਵਿੱਖ ਵੱਲ ਵਧ ਰਹੀ ਹੈ। ਅੱਜ ਲੋੜ ਹੈ ਕਿਤਾਬਾਂ ਵੱਲ ਪਰਤਣ ਦੀ, ਉਨ੍ਹਾਂ ਨੂੰ ਫਰੋਲ ਕੇ ਗਿਆਨ ਪ੍ਰਾਪਤ ਕਰਨ ਦੀ, ਤਾਂ ਕਿ ਜ਼ਿੰਦਗੀ ਦੀਆਂ ਮੁਸ਼ਕਿਲਾਂ, ਸਮਾਜਿਕ ਮਸਲਿਆਂ ਨੂੰ ਸੁਲਝਾਉਣ ਵਿਚ ਆਸਾਨੀ ਹੋ ਸਕੇ।

ਸੰਪਰਕ: 70873-67969




# ਫਰਾਂਸ ਵਿੱਚ ਅਰਬ ਦੇਸ ਦੇ ਲੜਕੇ ਦੀ ਮੌਤ ਉਪਰੰਤ ਹਿੰਸਾ ਭੜਕੀ ਹੋਈ ਹੈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਫਰਾਂਸ ਦੀ ਰਾਜਧਾਨੀ ਪੈਰਿਸ ਦੇ ਸਬ ਅਰਬਨ ਇਲਾਕੇ ਨੈਨਤੇਰੇ ਵਿੱਚ ਪੁਲਿਸ ਨੇ ਇੱਕ 17 ਸਾਲਾ ਲੜਕੇ ਨੂੰ ਕਥਿਤ ਤੌਰ 'ਤੇ ਗਲਤ ਢੰਗ ਨਾਲ ਗੱਡੀ ਚਲਾਉਣ ਦੇ ਦੋਸ਼ ਵਿੱਚ ਗੋਲੀ ਮਾਰ ਦਿੱਤੀ ਜਿਸ ਕਾਰਨ ਲੜਕੇ ਦੀ ਮੌਤ ਹੋ ਗਈ। ਇਸ ਤੋਂ ਬਾਅਦ ਇੱਥੇ ਦੰਗਾ ਭੜਕ ਗਿਆ।ਭੜਕੀ ਹੋਈ ਭੀੜ ਨੇ 40 ਵਾਹਨਾਂ ਨੂੰ ਅੱਗ ਲਗਾ ਦਿੱਤੀ ਅਤੇ 20 ਲੋਕ ਜ਼ਖਮੀ ਹੋ ਗਏ। ਇਸ ਉਪਰੰਤ ਦੋਸ਼ੀ ਪੁਲਸ ਅਧਿਕਾਰੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਗੋਲੀਬਾਰੀ ਦਾ ਵੀਡੀ? ਵੀ ਸਾਹਮਣੇ ਆਇਆ ਹੈ। ਕੁਝ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਲੜਕਾ ਇੱਕ ਅਰਬ ਦੇਸ਼ ਦਾ ਮੂਲ ਨਿਵਾਸੀ ਸੀ। ਉਸ ਕੋਲ ਡਰਾਈਵਿੰਗ ਲਾਇਸੈਂਸ ਨਹੀਂ ਸੀ ਅਤੇ ਜਦੋਂ ਪੁਲੀਸ ਨੇ ਉਸ ਨੂੰ ਰੋਕਿਆ ਤਾਂ ਉਸ ਨੇ ਅਧਿਕਾਰੀ ਨੂੰ ਗੱਡੀ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ। ਮਿਲੀ ਜਾਣਕਾਰੀ ਅਨੁਸਾਰ ਦੋ ਪੁਲਿਸ ਅਫਸਰਾਂ ਨੇ ਨੈਨਤੇਰੇ ਦੀ ਇੱਕ ਸੜਕ 'ਤੇ ਇੱਕ ਪੀਲੀ ਕਾਰ ਨੂੰ ਰੋਕਿਆ। ਆਪਣੀ ਡਰਾਈਵਿੰਗ ਸੀਟ 'ਤੇ ਬੈਠੇ ਵਿਅਕਤੀ ਨਾਲ ਗੱਲਬਾਤ ਕੀਤੀ। ਇਸ ਦੌਰਾਨ ਕੁੱਝ ਬਹਿਸ ਵੀ ਹੋਈ। ਇਸੇ ਦੌਰਾਨ ਇੱਕ ਪੁਲਿਸ ਮੁਲਾਜ਼ਮ ਨੇ ਪਿਸਤੌਲ ਕੱਢ ਕੇ ਡਰਾਈਵਰ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ। ਗੋਲੀ ਲੱਗਣ ਦੇ ਬਾਵਜੂਦ ਡਰਾਈਵਰ ਨੇ ਕਾਰ ਤੇਜ਼ ਗਤੀ ਨਾਲ ਅੱਗੇ ਵਧਾਈ ਜੋ ਕੁਝ ਦੂਰ ਜਾ ਕੇ ਹਾਦਸਾਗ੍ਰਸਤ ਹੋ ਗਈ ਅਤੇ ਡਰਾਈਵਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕੁੱਝ ਹੋਰ ਮੀਡੀਆ ਰਿਪੋਰਟਾਂ ਅਨੁਸਾਰ - ਪੁਲਿਸ ਨੇ ਇਸ ਕਾਰ ਦਾ ਕਾਫੀ ਦੂਰ ਤੱਕ ਪਿੱਛਾ ਕੀਤਾ ਅਤੇ ਇੱਕ ਤੰਗ ਸੜਕ 'ਤੇ ਇਸ ਨੂੰ ਰੋਕਿਆ। ਰੋਕੇ ਜਾਣ 'ਤੇ ਡਰਾਈਵਰ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਅਧਿਕਾਰੀ ਨੇ ਉਸ ਨੂੰ ਗੋਲੀ ਮਾਰ ਦਿੱਤੀ। ਗੋਲੀ ਲੱਗਣ ਤੋਂ ਬਾਅਦ ਵੀ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਕਰੀਬ 200 ਮੀਟਰ ਦੂਰ ਜਾ ਕੇ ਕਾਰ ਕੰਧ ਨਾਲ ਜਾ ਟਕਰਾਈ। 38 ਸਾਲਾ ਪੁਲਸ ਅਧਿਕਾਰੀ ਨੂੰ ਮੁਅੱਤਲ ਕਰਨ ਤੋਂ ਬਾਅਦ ਉਸ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਰਾਸ਼ਟਰਪਤੀ ਇਮੈਨੁਅਲ ਮੈਂਕਰੋ ਨੇ ਇਸ ਘਟਨਾ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ।

# ਸ੍ਰੀ ਅਕਾਲ ਤਖਤ ਸਾਹਿਬ ਸਿਰਜਣਾ ਦਿਵਸ



**ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕੇ ਸਿੱਖ ਸ਼ਸ਼ਤਰ ਵੀ ਪਹਿਨਿਆਂ ਕਰਨ ਸਿਮਰਨ ਦੇ ਨਾਲ ਨਾਲ ਸ਼ਸ਼ਤਰ ਅਭਿਆਸ ਵੀ ਕਰਨ। ਅੱਗੇ ਤੋਂ ਸਾਡਾ ਧਰਮ ਤੇ ਰਾਜਨੀਤੀ ਇਕ ਹੋਵੇਗੀ ਪਰ ਧਰਮ ਰਾਜਨੀਤੀ ਤੋਂ ਉੱਪਰ ਹੋਵੇਗਾ ਧਰਮ ਤੋਂ ਸੇਧ ਲੈ ਕੇ ਰਾਜਨੀਤੀ ਕੀਤੀ ਜਾਵੇਗੀ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚਾਲੇ ਲੱਗੇ ਦੋ ਨਿਸ਼ਾਨ ਸਾਹਿਬ ਵਿਚੋਂ ਦਰਬਾਰ ਸਾਹਿਬ ਵਾਲੇ ਪਾਸੇ ਦੇ ਨਿਸ਼ਾਨ ਸਾਹਿਬ ਦੀ ਉਚਾਈ ਦੂਸਰੇ ਨਾਲੋਂ ਥੋਹੜੀ ਵੱਧ ਹੈ ਅਤੇ ਦੂਸਰੇ ਦੀ ਘੱਟ ਹੈ ਇਹ ਇਸ ਗੱਲ ਜਾ ਪ੍ਰਤੀਕ ਹੈ ਕੇ ਧਰਮ ਦਾ ਅਸਥਾਨ ਰਾਜਨੀਤੀ ਨਾਲੋਂ ਉੱਚਾ ਹੈ।**

ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਸ਼ਹੀਦੀ ਪ੍ਰਾਪਤ ਕਰਨ ਜਾਣ ਤੋਂ ਪਹਿਲਾਂ ਜੇਠ ਵਦੀ 8 ਸੰਮਤ 1663 ਮੁਤਾਬਕ 1606 ਈ: ਨੂੰ (ਗੁਰੂ) ਹਰਗੋਬਿੰਦ ਪਾਤਿਸ਼ਾਹ ਨੂੰ ਆਪਣੇ ਹੱਥੀ ਅਤੇ ਬਾਬਾ ਬੁੱਢਾ ਜੀ ਤੋਂ ਕੋਠਾ ਸਾਹਿਬ ਵਿਚ ਗੁਰਤਾ ਗੱਦੀ ਦੀ ਰਸਮ ਕਰਵਾ ਕੇ ਕਿਹਾ ਸਾਡੇ ਤੋਂ ਬਾਅਦ ਸਾਡਾ ਗੁਰੂ ਰੂਪ ਇਹ ਹੋਣਗੇ। ਇਸ ਦੇ ਨਾਲ ਹੀ ਹਰਗੋਬਿੰਦ ਪਾਤਿਸ਼ਾਹ ਨੂੰ ਸਸ਼ਤਰ ਧਾਰੀ ਹੋਣ ਦਾ ਹੁਕਮ ਦਿੱਤਾ ਨਾਲ ਹੀ ਕਹਿ ਦਿੱਤਾ ਹੁਣ ਤਖਤ ਤੇ ਬੈਠਣ ਦਾ ਸਮਾਂ ਆ ਗਿਆ ਹੈ।ਧਰਮ ਦਾ ਰਾਜ ਕਇਮ ਕਰਨ ਲਈ ਸ਼ਸ਼ਤਰਾਂ ਦਾ ਹੋਣਾ ਅਤੇ ਫੌਜ ਨੂੰ ਕਇਮ ਕਰਨਾ ਜਰੂਰੀ ਹੈ।ਚੰਦੂ ਦੇ ਕਰਮਾਂ ਦਾ ਫਲ ਭੁਗਤਾਨ ਕਰਨਾ ਤੁਹਾਡੀ ਡਿਊਟੀ ਹੈ। ਉਸ ਟਾਇਮ ਹਰਗੋਬਿੰਦ ਪਾਤਿਸ਼ਾਹ ਦੀ ਉਮਰ 11 ਸਾਲ ਸੀ। 30 ਮਈ 1606 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ।

ਸ੍ਰੀ ਗੁਰੂ ਹਰਗੋਬਿੰਦ ਜੀ ਤਖਤ ਦੀ ਰਚਨਾਂ ਚਹੁੰਦੇ ਸਨ।ਉਹਨਾਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਹਾੜ ਵਦੀ ਪੰਚਮੀਂ ਦਾ ਦਿਨ ਮੁਕਰਰ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਿਲਕੁਲ ਸਾਹਮਣੇ ਕੋਠਾ ਸਾਹਿਬ ਦੇ ਖੱਬੇ ਪਾਸੇ ਤਖਤ ਬਣਾਉਣ ਦਾ ਫੈਂਸਲਾ ਕੀਤਾ। ਉਸ ਜਗ੍ਹਾ ਤੇ ਇੱਟਾਂ,ਚੂਨਾਂ ਆਦਿ ਸਮੱਗਰੀ ਤਿਆਰ ਕਰਨ ਦਾ ਹੁਕਮ ਦਿੱਤਾ।

ਨੀਯਤ ਸਮੇਂ ਵਾਲੇ ਦਿਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਕਰਨ ਉਪਰੰਤ ਮੱਥਾ ਟੇਕ ਕੇ ਸ੍ਰੀ ਅਕਾਲ ਤਖਤ ਸਾਹਿਬ ਵਾਲੀ ਥਾਂ ਆ ਗਏ।ਉੱਥੇ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖਤ ਸਾਹਿਬ ਦੀ ਪਹਿਲੀ ਇਟ ਆਪਣੇ ਪਵਿਤਰ ਕਰ ਕਮਲਾਂ ਨਾਲ ਰੱਖੀ।ਬਾਕੀ ਸਾਰੀ ਉਸਾਰੀ ਸਿਰਫ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਕੀਤੀ।ਇਹ ਥੋੜੇ ਸਮੇਂ ਬਾਅਦ ਹੀ 1609 ਈ: ਵਿਚ ਤਖਤ ਦਾ ਥੜਾ ਤਿਆਰ ਹੋ ਗਿਆ।

ਗੁਰੂ ਸਾਹਿਬ ਜੀ ਨੇ ਇਸ ਨੂੰ ਅਕਾਲ ਤਖਤ ਸਾਹਿਬ ਦਾ ਨਾਮ ਦਿੱਤਾ ਅਤੇ ਕਿਹਾ ਇਹ ਉਸ ਅਕਾਲ ਪੁਰਖ ਦਾ ਸਦਾ ਰਹਿਣ ਵਾਲਾ ਅਕਾਲ ਤਖਤ ਸਾਹਿਬ ਹੈ।

ਗੁਰੂ ਸਾਹਿਬ ਜੀ ਨੂੰ ਤਖਤ ਨਸ਼ੀਨੀ ਦੀ ਤਰੀਖ ਹਾੜ ਸੁਦੀ ਦਸਵੀਂ ਮਿਥੀ ਗਈ।

ਇਸ ਸਮੇਂ ਸੰਗਤਾਂ ਨੂੰ ਸ਼ਸ਼ਤਰ ਅਤੇ ਵਧੀਆ ਕਿਸਮ ਦੇ ਘੋੜੇ ਲਿਆਉਣ ਲਈ ਹੁਕਮਨਾਵੇਂ ਲਿਖ ਭੇਜੇ।ਮਿਥੀ ਤਰੀਕ ਨੂੰ ਸ਼ਸ਼ਤਰ ਅਤੇ ਘੋੜੇ ਲੈ ਕੇ ਵੱਡੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ।

ਸ੍ਰੀ ਗੁਰੂ ਹਰਗੋਬਿੰਦ ਜੀ ਸ੍ਰੀ ਅਕਾਲ ਤਖਤ ਸਾਹਿਬ ਉਪਰ ਪਹੁੰਚ ਕੇ ਸਜੇ ਸਿਘਾਸ਼ਨ ਉੱਪਰ ਬਿਰਾਜਮਾਨ ਹੋ ਗਏ।ਸ੍ਰੀ ਅਕਾਲ ਤਖਤ ਦੇ ਸਾਹਮਣੇ ਹੇਠਾ ਸੰਗਤਾਂ ਦਾ ਬਹੁਤ ਵੱਡਾ ਇਕੱਠ ਸੀ। ਗੁਰੂ ਸਾਹਿਬ ਨੇ ਬਹੁਤ ਸੁੰਦਰ ਕੀਮਤੀ ਪੀਲੀ ਪੁਸ਼ਾਕ ਪਹਿਨੀ ਹੋਈ ਸੀ।ਸੀਸ ਤੇ ਸੁੰਦਰ ਦਸਤਾਰ ਜਿਗ੍ਹਾ ਤੇ ਕਲਗੀ ਸਿਜਾਈ ਹੋਈ ਸੀ ਬਾਹਾਂ ਵਿਚ ਅੰਗਦ ਸੋਭ ਰਹੇ ਸਨ।ਪਿਠ ਉੱਤੇ ਢਾਲ ਸਜਾਈ ਫਬ ਰਹੀ ਸੀ।ਸਤਿਗੁਰਾਂ ਨੇ ਹੁਕਮ ਕੀਤਾ ਉਹ ਸ਼ਸ਼ਤਰ ਲੈ ਕੇ ਆਉ ਜੋ ਅਸੀਂ ਤਿਆਰ ਕਰਵਾਏ ਹਨ।

ਗੁਰੂ ਜੀ ਦੇ ਹੁਕਮ ਅਨੁਸਾਰ ਦੋ ਸਿਰੀ ਸਾਹਿਬ ਬਾਬਾ ਬੁੱਢਾ ਜੀ ਨੇ ਸਤਿਗੁਰਾਂ ਨੂੰ ਪਹਿਨਾਏ।ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਸਜਾਇਆ। ਖੱਬੇ ਹੱਥ ਵਿਚ ਭਾਰੀ ਧਨੁਖ ਪਕੜਿਆ ਅਤੇ ਸੱਜੇ ਹੱਥ ਵਿਚ ਤੀਰ ਪਕੜ ਕੇ ਘੁਮਾਇਆ। ਗੁਰੂ ਸਾਹਿਬ ਜੀ ਤੋਂ ਮੁੱਖੀ ਸਿੱਖਾਂ ਅਤੇ ਸੰਗਤਾਂ ਨੇ ਦੋ ਤਲਵਾਰਾਂ ਪਹਿਨਣ ਦਾ ਕਾਰਨ ਪੁੱਛਿਆ ਤਾਂ ਸਤਿਗੁਰਾਂ ਫੁਰਮਾਇਆ ਇਹ 'ਮੀਰੀ' ਦੀ ਅਤੇ 'ਪੀਰੀ' ਦੀ ਹੈ ਇਕ ਭਗਤੀ ਅਤੇ ਇਕ ਸ਼ਕਤੀ ਦੀ (ਧਰਮ ਅਤੇ ਰਾਜਨੀਤੀ) ਦੀ ਹੈ।

ਸ੍ਰੀ ਗੁਰੂ ਹਰਿਗੋਬਿੰਦ ਪਾਤਿਸ਼ਾਹ ਦੇ ਸੂਰਮਿਆਂ ਵਿਚ ਬੀਰ ਰਸ ਭਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਤੇ ਯੋਧਿਆਂ ਦੀਆਂ ਵਾਰਾਂ ਗਾਈਆਂ ਜਾਣ ਲੱਗੀਆਂ।ਵਾਰਾਂ ਗਾਉਣ ਵਾਲੇ ਪਹਿਲੇ ਢਾਡੀ ਦਾ ਨਾਮ ਅਬਦੁੱਲਾ ਸੀ।ਇਸ ਨੇ ਮੀਰੀ ਪੀਰੀ ਦੀ ਤਲਵਾਰ ਦਾ ਜਿਕਰ ਕਰਦਿਆਂ ਇੰਝ ਗਾਇਆ ਸੀ

ਦੋ ਤਲਵਾਰਾਂ ਬੱਧੀਆਂ,ਇਕ ਮੀਰੀ ਦੀ ਇਕ ਪੀਰੀ ਦੀ ਇਕ ਅਜਮਤ ਦੀ,ਇਕ ਰਾਜ ਦੀ,ਇਕ ਰਾਖੀ ਕਰੇ ਵਜੀਰ ਦੀ

ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕੇ ਸਿੱਖ ਸ਼ਸ਼ਤਰ ਵੀ ਪਹਿਨਿਆਂ ਕਰਨ ਸਿਮਰਨ ਦੇ ਨਾਲ ਨਾਲ ਸ਼ਸ਼ਤਰ ਅਭਿਆਸ ਵੀ ਕਰਨ। ਅੱਗੇ ਤੋਂ ਸਾਡਾ ਧਰਮ ਤੇ ਰਾਜਨੀਤੀ ਇਕ ਹੋਵੇਗੀ ਪਰ ਧਰਮ ਰਾਜਨੀਤੀ ਤੋਂ ਉੱਪਰ ਹੋਵੇਗਾ ਧਰਮ ਤੋਂ ਸੇਧ ਲੈ ਕੇ ਰਾਜਨੀਤੀ ਕੀਤੀ ਜਾਵੇਗੀ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚਾਲੇ ਲੱਗੇ ਦੋ ਨਿਸ਼ਾਨ ਸਾਹਿਬ ਵਿਚੋਂ ਦਰਬਾਰ ਸਾਹਿਬ ਵਾਲੇ ਪਾਸੇ ਦੇ ਨਿਸ਼ਾਨ ਸਾਹਿਬ ਦੀ ਉਚਾਈ ਦੂਸਰੇ ਨਾਲੋਂ ਥੋਹੜੀ ਵੱਧ ਹੈ ਅਤੇ ਦੂਸਰੇ ਦੀ ਘੱਟ ਹੈ ਇਹ ਇਸ ਗੱਲ ਜਾ ਪ੍ਰਤੀਕ ਹੈ ਕੇ ਧਰਮ ਦਾ ਅਸਥਾਨ ਰਾਜਨੀਤੀ ਨਾਲੋਂ ਉੱਚਾ ਹੈ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਲਗਾਤਾਰ ਸ੍ਰੀ ਅਕਾਲ ਤਖਤ ਸਾਹਿਬ ਤੇ ਰਹਿਣ ਦਾ ਮੌਕਾ ਨਹੀ ਸੀ ਮਿਲਿਆ ਕਿਉਂਕੇ ਗੁਰੂ ਜੀ ਨੂੰ ਲੜਾਈਆਂ ਲੜਨ ਕਰਕੇ ਅੰਮ੍ਰਿਤਸਰ ਨੂੰ ਛੱਡ ਕੇ ਕੀਰਤਪੁਰ ਸਾਹਿਬ ਜਾ ਕੇ ਰਹਿਣਾ ਪਿਆ।

ਦਲ ਖਾਲਸਾ ਅਠਾਰਵੀਂ ਸਦੀ ਵਿਚ ਖਾਲਸਾ ਪੰਥ ਦੀ ਰਾਸ਼ਟਰੀ ਫੌਜ ਸੀ।ਇਹ ਫੌਜ ਸ੍ਰੀ ਅਕਾਲ ਤਖਤ ਸਾਹਿਬ ਦੀ ਛੱਤਰ ਛਾਇਆ ਹੇਠ ਹੀ ਸਥਾਪਿਤ ਕੀਤੀ ਗਈ ਸੀ। ਅਤੇ ਇਸ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਅਧੀਨ ਰਹਿ ਕੇ ਹੀ ਆਪਣੀ ਰਣਨੀਤੀ ਚਲਾਈ। 4 ਅਕਤੂਬਰ 1745 ਨੂੰ ਗੁਰਮਤਾ ਕਰਕੇ ਖਾਲਸੇ ਦੀ 25 ਜੱਥਿਆਂ ਵਿਚ ਵੰਡ ਕੀਤੀ। 19 ਮਾਰਚ 1748 ਦੀ ਵਿਸਾਖੀ ਵਾਲੇ ਦਿਨ 11 ਮਿਸਲਾਂ ਬਣਾਉਣ ਦਾ ਗੁਰਮਤਾਂ ਪਾਸ ਕੀਤਾ ਗਿਆ।ਇਹ ਫੌਜ 1765 ਤੱਕ ਹਥਿਆਰ ਬੰਦ ਸੰਘਰਸ਼ ਕਰਦੀ ਰਹੀ।ਇਸ ਦਾ ਟਕਰਾਅ ਮੀਰ ਮਨੂੰ, ਅਦੀਨਾ ਬੇਗ, ਮਰਹੱਟਿਆਂ ਅਤੇ ਅਹਿਮਦ ਸ਼ਾਹ ਅਬਦਾਲੀ ਨਾਲ ਹੋਇਆ।ਅੰਤ ਵਿਚ ਉਕਤ ਸਭ ਧਿਰਾਂ ਨੂੰ ਹਰਾ ਕੇ ਇਹ ਫੌਜ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੀ ਮਾਲਕ ਬਣ ਕੇ ਸਾਹਮਣੇ ਆਈ। 1699 ਵਿਚ ਖਾਲਸਾ ਪੰਥ ਦੀ ਸਿਰਜਣਾ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪ੍ਰਬੰਧ ਲਈ ਭੇਜਿਆ।ਸ੍ਰੀ ਅਕਾਲ ਤਖਤ ਸਾਹਿਬ ਤੇ ਦੀਵਾਲੀ ਅਤੇ ਵਿਸਾਖੀ ਨੂੰ ਸਰਬੱਤ ਖਾਲਸਾ ਦੀਵਾਨ ਸਜਦੇ ਤੇ ਗੁਰਮਤੇ ਰਾਹੀ ਗੰਭੀਰ ਪੰਥਕ ਮਸਲਿਆਂ ਦੇ ਵਿਚਾਰ ਲਏ ਜਾਂਦੇ।

1920 ਵਿਚ ਗੁਰਦੁਵਾਰਾ ਪ੍ਰਬੰਧ ਸੁਧਾਰ ਲਹਿਰ ਦੇ ਅਰੰਭ ਵਿਚ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਕਾਇਮ ਕਰਨ ਲਈ ਪਹਿਲਾ ਹੁਕਮਨਾਵਾਂ,ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਹੀ ਜਾਰੀ ਕੀਤਾ।


1978 ਦੀ ਵਿਸਾਖੀ ਵਾਲੇ ਦਿਨ ਨਿਰੰਕਾਰੀ ਗੁਰਬਚਨ ਸਿੰਘ ਦੀ ਅਗਵਾਈ ਵਿਚ ਅੰਮ੍ਰਿਤਸਰ ਵਿਖੇ ਸਮਾਗਮ ਹੋਇਆ।

ਇਸ ਸਮਾਗਮ ਵਿਚ ਇਹ, ਸਿੱਖ ਧਰਮ ਵਿਰੁੱਧ ਬੋਲ ਰਹੇ ਸਨ।ਜਦੋਂ ਅਖੰਡ ਕੀਰਤਨ ਵਾਲਿਆਂ ਦਾ ਜੱਥਾ ਸ਼ਾਤਮਈ ਢੰਗ ਨਾਲ ਇਹਨਾਂ ਨੂੰ ਰੋਕਣ ਗਿਆ ਤਾਂ ਉੱਥੇ ਇਹਨਾਂ ਨੇ ਗੋਲੀ ਚਲਾ ਕੇ 13 ਸਿੰਘ ਸ਼ਹੀਦ ਅਤੇ ਬਹੁਤ ਸਾਰੇ ਜਖਮੀ ਕਰ ਦਿੱਤੇ।ਸ਼ਹੀਦ ਸਿੰਘਾਂ ਵਿਚ ਅਖੰਡ ਕੀਰਤਨੀ ਜੱਥੇ ਦਾ ਆਗੂ ਭਾਈ ਫੌਜਾ ਸਿੰਘ ਵੀ ਸੀ।ਇਸ ਕਾਂਡ ਦਾ ਸਿੱਖ ਜਗਤ ਵਲੋਂ ਬਹੁਤ ਵਿਰੋਧ ਹੋਇਆ।ਇਸ ਰੋਸ ਨੂੰ ਮੁੱਖ ਰੱਖਦਿਆਂ 10 ਜੂਨ 1978 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਨਿਰੰਕਾਰੀਆਂ ਦੇ ਬਾਈਕਾਟ ਦਾ ਹੁਕਮਨਾਵਾਂ ਜਾਰੀ ਹੋਇਆ ਕਿ ਨਿਰੰਕਾਰੀ ਗੁਰਬਚਨ ਸਿੰਘ ਨਾਲ ਖਾਲਸਾ ਪੰਥ ਹਰ ਤਰਾਂ ਦਾ ਮੇਲ ਜੋਲ ਸੰਸਾਰਕ ਸਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ।

ਸਿੱਖ ਧਰਮ ਦੇ ਸਿਧਾਤਾਂ ਨੂੰ ਖਤਮ ਕਰਨ ਲਈ 1746, 1756, 1762 ਤੇ ਫਿਰ ਜੂਨ 1984 ਵਿਚ ਦੋਖੀ ਹਾਕਮਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਿਹ ਢੇਰੀ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਹੋਂਦ ਨੂੰ ਖਤਮ ਕਰਨ ਦਾ ਯਤਨ ਕੀਤਾ ਪਰ ਹਾਕਮ ਸ੍ਰੇਣੀ ਦੇ ਲੋਕ ਭੁਲ ਜਾਂਦੇ ਹਨ ਕੇ ਸ੍ਰੀ ਅਕਾਲ ਤਖਤ ਸਾਹਿਬ ਕੇਵਲ ਇਕ ਇਮਾਰਤ ਹੀ ਨਹੀਂ ਇਹ ਤਾਂ ਸਦੀਵੀ ਰਹਿਣ ਵਾਲਾ ਵਾਹਿਗੁਰੂ, ਪ੍ਰਮਾਤਮਾਂ, ਉਸ ਅਕਾਲ ਪੁਰਖ ਦਾ ਅਕਾਲ ਤਖਤ ਹੈ।ਇਸ ਦਾ ਨਿਵਾਸ ਇਸ ਨੂੰ ਮੰਨਣ ਵਾਲੇ ਗੁਰਸਿੱਖ ਹਿਰਦਿਆਂ ਦੇ ਦਿਲਾਂ ਵਿਚ ਹੈ ਜਿਸ ਨੂੰ ਨਾ ਮੁਗਲ ਨਾ ਮੁਸਲਮਾਨ ਨਾ ਸਮੇਂ ਦੀਆਂ ਸਰਕਾਰਾਂ ਖਤਮ ਕਰ ਸਕਣਗੀਆਂ। ਸਮੇਂ ਸਮੇਂ ਨਾਲ ਸਿੱਖ ਕੌਮ ਮਸਲਿਆਂ ਦਾ ਹੱਲ ਕੱਢਣ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੇਧ ਲੈਂਦਾ ਰਹਿੰਦਾ ਹੈ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਹੁਕਮ ਨੂੰ ਹਰ ਸਿੱਖ ਬਿੰਨ੍ਹਾਂ ਕਿੰਤੂ ਪ੍ਰੰਤੂ ਕੀਤੇ ਤੋਂ ਖਿੜੇ ਮੱਥੇ ਪ੍ਰਵਾਨ ਕਰਦਾ ਹੈ।

**ਸੁਖਵਿੰਦਰ ਸਿੰਘ ਮੁੱਲਾਂਪੁਰ**

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.

ARROW DRYWALL INC.
The Name You Can Trust
Products of Services:
- Insulation
- Drywall
- Taping
- Texturing
- Blow Insulation

ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ



ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ

Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



# ਯੂਨਾਈਟਿਡ ਫੀਲਡ ਹਾਕੀ ਕਲੱਬ ਨੇ ਕਨੇਡਾ ਮਾਸਟਰ ਕੱਪ 2023 ਲਗਾਤਾਰ ਦੂਸਰੀ ਵਾਰ ਜਿੱਤਿਆ









ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਫਲਿਡ ਹਾਕੀ ਕਨੇਡਾ ਅਤੇ ਫਲਿਡ ਹਾਕੀ ਅਲਬਰਟਾ ਦੇ ਸਹਿਯੋਗ ਨਾਲ ਯੂਨੀਵਰਿਸਿਟੀ ਆਫ ਕੈਲਗਰੀ ਦੇ ਟਰਫ ਫੀਲਡ ਉੱਪਰ 23,24 ਅਤੇ 25 ਜੂਨ 2023 ਨੂੰ ਕਰਵਾਏ ਗਏ ਮਾਸਟਰ ਕੱਪ 2023 ਵਿੱਚ ਕੁੱਲ 10 ਟੀਮਾਂ ਨੇ ਭਾਗ ਲਿਆ। ਮਰਦ ਅਤੇ ਔਰਤਾਂ ਦੇ ਗਰੁਪਾਂ ਵਿਚਕਾਰ ਲੀਗ ਮੈਚ 23 ਅਤੇ 24 ਜੂਨ ਵਾਲੇ ਦਿਨ ਹੋਏ। ਹਰ ਪੂਲ ਵਿੱਚੋਂ ਟੌਪ 4 ਟੀਮਾਂ ਵਿਚਕਾਰ 25 ਜੂਨ ਵਾਲੇ ਦਿਨ ਸੈਮੀ ਫਾਈਨਲ ਮੈਚ ਹੋਏ। ਮਰਦਾਂ ਦੇ ਗਰੁੱਪ ਵਿੱਚ ਐਡਮੰਟਨ ਅਤੇ ਯੂਨਾਈਟਿਡ ਫੀਲਡ ਹਾਕੀ ਕਲੱਬ ਦੀਆਂ ਟੀਮਾਂ ਫਾਈਨਲ ਵਿੱਚ ਪੁੱਜੀਆਂ। ਔਰਤਾਂ ਦੇ ਗਰੁੱਪ ਵਿੱਚ ਫਾਈਨਲ ਮੁਕਾਬਲਿਆਂ ਦੌਰਾਨ ਮੌਨਸਟਰ ਕਲੱਬ ਨੇ ਸ਼ਨੁੱਕ ਬਲਿਊ ਨੂੰ ਲੋਰੀ ਗਰਿਫਨ ਦੇ ਗੋਲ ਸਦਕਾ 1-0 ਨਾਲ ਹਰਾਇਆ। ਮਰਦਾਂ ਦੇ ਫਾਈਨਲ ਵਿੱਚ ਮੁਕਾਬਲਾ ਪਿਛਲੇ ਸਾਲ ਦੀ ਜੇਤੂ ਯੂਨਾਈਟਿਡ ਫੀਲਡ ਹਾਕੀ ਕਲੱਬ ਅਤੇ ਐਡਮੰਟਨ ਵਿਚਕਾਰ ਹੋਇਆ ਜੋ ਕਿ ਬਹੁਤ ਹੀ ਰੋਮਾਂਚਿਕ ਹੋਇਆ। ਐਡਮੰਟਨ ਨੂੰ ਪਹਿਲੇ ਹਾਫ ਵਿੱਚ ਪਨੈਲਟੀ ਕਾਰਨਰ ਮਿਲਿਆ ਜਿਸ ਵਿੱਚ ਕੱਲੂ ਦੇ ਪਾਸ ਤੇ ਸੋਨੀ ਨੇ ਗੋਲ ਕਰਕੇ 1 ਗੋਲ ਦੀ ਬੜਤ ਹਾਸਲ ਕਰ ਲਈ। ਦੂਸਰੇ ਹਾਫ ਵਿੱਚ ਮਨਦੀਪ ਝੱਲੀ ਨੇ ਸ਼ਾਨਦਾਰ ਗੋਲ ਕਰਕੇ ਸਕੋਰ 1-1 ਦੀ ਬਰਾਬਰੀ ਤੇ ਲੈ ਆਦਾ ਜੋ ਅੰਤ ਤੱਕ ਕਾਇਮ ਰਿਹਾ। ਸੌਟਆਊਟ ਵਿੱਚ ਯੂਨਾਈਟਿਡ ਫੀਲਡ ਹਾਕੀ ਕਲੱਬ ਦੇ ਗੋਲੀ ਮਨਵੀਰ ਗਰੇਵਾਲ ਨੇ ਦੋ ਵਧੀਆ ਸੇਵ ਕਰਕੇ ਯੂਨਾਈਟਿਡ ਟੀਮ ਨੂੰ ਕੈਨੇਡਾ ਮਾਸਟਰ ਚੈਪੀਅਨ ਬਣਾ ਦਿੱਤਾ। ਫੀਲਡ ਹਾਕੀ ਅਲਬਰਟਾ ਦੇ ਪ੍ਰਧਾਨ ਕੇਨ ਨੇ ਇਨਾਮਾਂ ਦੀ ਵੰਡ ਕੀਤੀ। ਮਨਦੀਪ ਝੱਲੀ ਅਤੇ ਕਿਰਪਾਲ ਸਿੱਧੂ ਨੇ ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਦੇ ਸਾਰੇ ਪਲੇਅਰਾਂ ਅਤੇ ਮੈਂਬਰਾਂ ਨੂੰ ਵਧਾਈ ਦਿੱਤੀ। ਟੀਮ ਵਿੱਚ ਮਨਦੀਪ ਝੱਲੀ,ਕੰਵਲ ਢਿੱਲੋਂ,ਮਨਵੀਰ ਗਿੱਲ,ਕਿਰਪਾਲ ਸਿੱਧੂ,ਧਰਮਾ ਰੰਧਾਵਾ,ਜੀਵਨ ਮਾਂਗਟ,ਮਨਵੀਰ ਮਾਂਗਟ ਅਤੇ ਸੁਖਜਿੰਦਰ ਮੋਰ ਦੇ ਨਾਂ ਵਰਨਣਯੋਗ ਹਨ।




## ਵੱਡੇ ਸਟੋਰਾਂ ਵੱਲੋਂ ਰੀਅਲ ਅਸਟੇਟ ਦੀ ਮੱਦਦ ਨਾਲ ਨਵੇਂ ਸਟੋਰਾਂ ਨੂੰ ਖੁੱਲ੍ਹਣ ਤੋਂ ਰੋਕਿਆ ਜਾ ਰਿਹਾ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਕੰਪੀਟੀਸ਼ਨ ਬਿਊਰੋ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ਅਨੁਸਾਰ ਕੈਨੇਡਾ ਦਾ ਗਰੌਸਰੀ ਬਿਜ਼ਨਸ ਚੁਣਿੰਦਾ ਖਿਡਾਰੀਆਂ ਦੇ ਹੱਥ ਹੈ। ਨਵੀਆਂ ਕੰਪਨੀਆਂ ਨੂੰ ਮਾਰਕਿਟ ਵਿੱਚ ਪੈਰ ਜਮਾਉਣ ਦੇਣ ਲਈ ਹੱਲਾਸ਼ੇਰੀ ਦੇਣ ਤੇ ਗਰੌਸਰੀ ਦੀਆਂ ਕੀਮਤਾਂ ਥੱਲੇ ਲਿਆਉਣ ਲਈ ਸਰਕਾਰ ਦਾ ਦਖਲ ਦੇਣਾ ਬੇਹੱਦ ਜ਼ਰੂਰੀ ਹੈ। ਇਹ ਰਿਪੋਰਟ ਤਿਆਰ ਕਰਨ ਲਈ ਕੰਪੀਟੀਸ਼ਨ ਬਿਊਰੋ ਵੱਲੋਂ ਪਿਛਲੇ ਸਾਲ ਕੰਮ ਸ਼ੁਰੂ ਕੀਤਾ ਗਿਆ ਸੀ ਤੇ ਉਸ ਸਮੇਂ ਗਰੌਸਰੀ ਦੀਆਂ ਕੀਮਤਾਂ ਆਸਮਾਨ ਛੋਹ ਰਹੀਆਂ ਸਨ ਕਈ ਮਹੀਨਿਆਂ ਤੱਕ ਗਰੌਸਰੀ ਬਿਜ਼ਨਸ ਦੀ ਕਈ ਪੱਖਾਂ ਤੋਂ ਜਾਂਚ ਕੀਤੀ ਗਈ ਸਿੱਟੇ ਵੱਜੋਂ ਜੋ ਨਤੀਜੇ ਸਸਹਮਨੇ ਆਏ ਉਸ ਅਨੁਸਾਰ ਸਾਰੀ ਖੇਡ ਲੋਬਲਾਅਜ਼, ਮੈਟਰੋ ਤੇ ਸੋਬੇਅਜ਼ ਦੇ ਮਾਲਕ ਐਂਪਾਇਰ ਦੇ ਹੱਥਾਂ ਵਿੱਚ ਚੱਲਦੀ ਹੈ। ਇਸ ਦੇ ਨਾਲ ਹੀ ਵਾਲਮਾਰਟ ਤੇ ਕੌਸਕੋ ਵੀ ਇਸ ਵਿੱਚ ਬਰਾਬਰ ਦੇ ਭਾਈਵਾਲ ਹਨ। ਰਿਪੋਰਟ ਵਿੱਚ ਬਿਊਰੋ ਨੇ ਪਾਇਆ ਕਿ ਇਸ ਇੰਡਸਟਰੀ ਵਿੱਚ ਓਨੀ ਮੁਕਾਬਲੇਬਾਜ਼ੀ ਨਹੀਂ ਹੈ ਜਿੰਨੀ ਹੋਣੀ ਚਾਹੀਦੀ ਹੈ ਤੇ ਇਸ ਦਾ ਖਮਿਆਜਾ ਖਪਤਕਾਰਾਂ ਨੂੰ ਭੁਗਤਣਾ ਪੈ ਰਿਹਾ ਹੈ। ਬਿਊਰੋ ਨੇ ਇਹ ਵੀ ਆਖਿਆ ਕਿ ਕੈਨੇਡਾ ਨੂੰ ਗਰੌਸਰੀ ਦੀਆਂ ਕੀਮਤਾਂ ਹੇਠਾਂ ਲਿਆਉਣ ਲਈ ਇਸ ਦਾ ਕੋਈ ਹੱਲ ਲੱਭਣਾ ਹੋਵੇਗਾ। ਇਸ ਦਾ ਸਪਸ਼ਟ ਜਵਾਬ ਮੁਕਾਬਲੇਬਾਜ਼ੀ ਵਿੱਚ ਵਾਧਾ ਕਰਨਾ ਹੈ। ਬਿਊਰੋ ਵੱਲੋਂ ਗਰੋਸਰੀ ਆਦਿ ਦੀਆਂ ਕੀਮਤਾਂ ਕਾਬੂ ਕਰਨ ਲਈ ਚਾਰ ਤਰ੍ਹਾਂ ਦੀਆਂ ਸਿਫਾਰਸ਼ਾਂ ਵੀ ਕੀਤੀਆਂ ਗਈਆਂ ਹਨ ਜਿਨਾਂ ਅਨੁਸਾਰ ਗਰੌਸਰੀ ਇਨੋਵੇਸ਼ਨ ਸਟਰੈਟੇਜੀ ਕਾਇਮ ਕਰਨ ਲਈ ਨਵੀਂ ਕਿਸਮ ਦੇ ਗਰੌਸਰੀ ਬਿਜ਼ਨਸ ਨੂੰ ਕਾਇਮ ਕਰਨ ਲਈ ਮਦਦ ਕਰਨਾ ਖਾਸਤੌਰ ਉੱਤੇ ਆਨਲਾਈਨ ਗਰੌਸਰੀ ਕਾਰੋਬਾਰ ਚ ਮੱਦਦ ਕਰਨਾ, ਨਵੇਂ ਆਜ਼ਾਦਾਨਾ ਤੇ ਇੰਟਰਨੈਸ਼ਨਲ ਕਾਰੋਬਾਰੀ ਅਦਾਰਿਆਂ ਨੂੰ ਹੱਲਾਸ਼ੇਰੀ ਦੇਣ ਵਾਸਤੇ ਸਰਕਾਰ ਹਰੇਕ ਪੱਧਰ 'ਤੇ ਯਤਨ ਕਰੇ, ਕੀਮਤਾਂ ਨੂੰ ਨਿਯੰਤਰਣ ਕਰਨ ਲਈ ਬਿੱਲ ਲਿਆਂਦਾ ਜਾਵੇ, ਜਿਸ ਰਾਹੀਂ ਖਪਤਕਾਰ ਵੱਖ ਵੱਖ ਸਟੋਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਡੀਲਾਂ ਦਾ ਤੁਲਨਾਤਮਕ ਅਧਿਐਨ ਕਰ ਸਕਣ ਅਤੇ ਪ੍ਰਾਪਰਟੀ ਨਿਯੰਤਰਣ ਨੂੰ ਸੀਮਤ ਕੀਤਾ ਜਾਵੇ ਕਿ?ਂਕਿ ਇਸ ਸਮੇਂ ਮੁਕਾਬਲੇ ਵਿੱਚ ਚੱਲ ਰਹੇ ਵੱਡੇ ਸਟੋਰਾਂ ਵੱਲੋਂ ਰੀਅਲ ਅਸਟੇਟ ਦੀ ਮੱਦਦ ਨਾਲ ਨਵੇਂ ਸਟੋਰਾਂ ਨੂੰ ਖੁੱਲ੍ਹਣ ਤੋਂ ਰੋਕਿਆ ਜਾ ਰਿਹਾ ਹੈ

## ਕੈਲਗਰੀ ਵਾਸੀਆਂ ਨੇ ਵਿਸ਼ੇਸ਼ ਓਲੰਪਿਕ ਵਿਸ਼ਵ ਖੇਡਾਂ ਵਿੱਚ 11 ਤਗਮੇ ਜਿੱਤੇ


ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਸਿਟੀ ਕਾਉਂਸਿਲ ਨੇ ਕੈਲਗਰੀ ਦੇ ਉਹਨਾਂ ਅਥਲੀਟਾਂ ਨੂੰ ਸਨਮਾਨਿਤ ਕੀਤਾ ਜਿਨ੍ਹਾਂ ਨੇ ਬਰਲਿਨ, ਜਰਮਨੀ ਵਿੱਚ 17-25 ਜੂਨ ਨੂੰ ਸਪੈਸ਼ਲ ਓਲੰਪਿਕ ਵਿਸ਼ਵ ਖੇਡਾਂ ਵਿੱਚ ਭਾਗ ਲਿਆ ਸੀ। ਕੌਂਸਲ ਦੀ ਪੇਸ਼ਕਾਰੀ ਦੌਰਾਨ, ਮੇਅਰ ਜੋਤੀ ਗੋਂਡੇਕ ਨੇ ਵਿਸ਼ੇਸ਼ ਓਲੰਪਿਕ ਨੂੰ ਇੱਕ ਗਲੋਬਲ ਸਮਾਵੇਸ਼ ਲਹਿਰ ਵੱਜੋਂ ਪ੍ਰਸ਼ੰਸਾ ਕੀਤੀ ਜੋ ਬੌਧਿਕ ਅਸਮਰਥਤਾ ਵਾਲੇ ਲੋਕਾਂ ਦੇ ਜੀਵਨ ਨੂੰ ਬਦਲਦੀ ਹੈ। ਮੇਅਰ ਗੋਂਡੇਕ ਨੇ ਕਿਹਾ, "ਵਿਸ਼ੇਸ਼ ਓਲੰਪਿਕ ਵਿੱਚ ਸ਼ਾਮਿਲ ਕਰਨ ਦੀ ਭਾਵਨਾ ਅਤੇ ਨਿੱਜੀ ਪ੍ਰਾਪਤੀਆਂ ਅਭੁੱਲ ਅਤੇ ਜੀਵਨ ਬਦਲਣ ਵਾਲੀਆਂ ਹਨ।"ਇਹ ਪਲ ਲੋਕਾਂ ਨੂੰ ਇਕੱਠੇ ਲਿਆਉਂਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀ ਨਿੱਜੀ ਸਫਲਤਾ ਦਾ ਜਸ਼ਨ ਮਨਾਉਣ ਦੀ ਇਜਾਜ਼ਤ ਦਿੰਦੇ ਹਨ। ਸਾਰੇ ਵਿਸ਼ੇਸ਼ ?ਲੰਪਿਕ ਵਿਸ਼ਵ ਖੇਡਾਂ ਕੈਲਗਰੀ-ਅਧਾਰਤ ਐਥਲੀਟਾਂ ਨੂੰ ਵਧਾਈਆਂ!"ਕੈਨੇਡੀਅਨ ਟੀਮ ਨੇ 46 ਸੋਨਾ, 20 ਚਾਂਦੀ ਅਤੇ 30 ਕਾਂਸੀ ਦੇ ਤਗਮੇ ਜਿੱਤੇ ਹਨ। ਕੈਲਗਰੀ ਤੋਂ ਟੀਮ ਕੈਨੇਡਾ ਦਾ ਹਰ ਐਥਲੀਟ ਕੁੱਲ 11 ਮੈਡਲਾਂ ਦੇ ਨਾਲ ਘੱਟੋ-ਘੱਟ ਇੱਕ ਤਮਗਾ ਲੈ ਕੇ ਆਇਆ। ਕੈਲਗਰੀ ਤੋਂ ਅਥਲੀਟ ਹਨ:ਡੇਵਿਡ ਨਿਕੋਲਸਨ (ਪਾਵਰਲਿਫਟਿੰਗ):
3 ਸੋਨਾ, 1 ਚਾਂਦੀ,ਐਲੀ ਕੀਮਤ (ਗੋਲਫਿੰਗ):
1 ਚਾਂਦੀ,ਐਬੀ ਵਿਲਸਨ (ਤੈਰਾਕੀ):
1 ਸੋਨਾ, 1 ਚਾਂਦੀ,ਜੈਨੀਫਰ ਰਿਡੇਲ (ਐਥਲੈਟਿਕਸ):
1 ਕਾਂਸੀ,ਮਾਈਕਾਲਾ ਵਸੀਲੀਵ (ਬਾਸਕਟਬਾਲ):
1 ਚਾਂਦੀ,ਵਿਲੀਅਮ ਸ਼ੈਫਰਡ (ਬਾਸਕਟਬਾਲ):
1 ਸੋਨਾ,ਕਾਇਲ ਵੋਗੇਲਗੇਸਾਂਗ (ਬੋਕੇ):
1 ਚਾਂਦੀ"ਲਗਭਗ ਪੰਜ ਦਹਾਕੇ ਪੁਰਾਣੀਆਂ, ਵਿਸ਼ੇਸ਼ ਓਲੰਪਿਕ ਵਿਸ਼ਵ ਖੇਡਾਂ 1968 ਵਿੱਚ ਸਿਰਫ਼ ਕੈਨੇਡਾ ਅਤੇ ਅਮਰੀਕਾ ਵਿੱਚ ਸ਼ੁਰੂ ਹੋਈਆਂ ਸਨ, ਅੱਜ, ਵਿਸ਼ੇਸ਼ ਓਲੰਪਿਕ ਬੌਧਿਕ ਅਸਮਰਥਤਾਵਾਂ ਵਾਲੇ ਲੋਕਾਂ ਲਈ ਵਿਸ਼ਵ ਦੀ ਸਭ ਤੋਂ ਵੱਡੀ ਖੇਡ ਲਹਿਰ ਹੈ, ਜਿਸ ਵਿੱਚ 174 ਦੇਸ਼ਾਂ ਵਿੱਚ 5 ਮਿਲੀਅਨ ਤੋਂ ਵੱਧ ਅਥਲੀਟ ਸ਼ਾਮਲ ਹਨ। ਇਸਨੂੰ ਅਧਿਕਾਰਤ ਤੌਰ 'ਤੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੁਆਰਾ ਮਾਨਤਾ ਪ੍ਰਾਪਤ ਹੈ।












ARROW
ARROW PRODUCTIONS
in association with
WAVE HOMES
presents
WAVE
HOMES
NO
BOUNDARIES
Special performance
BILAL X NINJA
Saturday
JULY.29.2023
SHOW INQUIRY: JUSTIN +1 (587) 899-8823
SCAN FOR TICKET INFO
or go to www.artscommons.ca/whats-on/ninja-x-bilal

# ਜਦੋਂ ਕੈਨੇਡਾ ਦੇ ਕਬੱਡੀ ਮੈਦਾਨਾਂ ‘ਚ ਵਰਿਆ ਡਾਲਰਾਂ ਦਾ ਮੀਂਹ

- ਯਾਦੇਸੁਰਖਪੁਰੀਏ ਤੇ ਮੰਗਤ ਮੰਗੀ ਨੇ ਲਗਾਏ ਡੇਢ-ਡੇਢ ਲੱਖ ਦੇ ਜੱਫੇ
- ਲਗਾਤਾਰ ਦੂਸਰੀ ਵਾਰ ਯੂਨਾਈਟਡਬਰੈਂਪਟਨਸਪੋਰਟਸ ਕਲੱਬ ਬਣਿਆ ਚੈਪੀਅਨ
- ਯਾਦਾਸੁਰਖਪੁਰ ਤੇ ਭੂਰੀ ਛੰਨਾ ਬਣੇ ਸਰਵੋਤਮ ਖਿਡਾਰੀ
- ਨਵਾਂ ਇਤਿਹਾਸ ਰਚ ਗਿਆ ਟੋਰਾਂਟੋ ਦਾ ਇੰਟਰਨੈਸ਼ਨਲ ਕਬੱਡੀ ਕੱਪ





ਡਾ. ਸੁਖਦਰਸ਼ਨ ਸਿੰਘ ਚਹਿਲ
9779590575, +1 (403) 660-5476

ਓਂਟਾਰੀਓ ਕਬੱਡੀ ਫੈਡਰੇਸ਼ਨ ਦੇ ਝੰਡੇ ਹੇਠ ਚੱਲ ਰਹੇ ਟੋਰਾਂਟੋ ਦੇ ਕਬੱਡੀ ਸੀਜ਼ਨ ਦਾ ਤੀਸਰਾ ਟੂਰਨਾਮੈਂਟ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਐਂਡ ਕਲਚਰ ਕਲੱਬ ਵੱਲੋਂ ਸੀਏਏਸੈਂਟਰ ਦੇ ਖ਼ੂਬਸੂਰਤ ਮੈਦਾਨ ‘ਚ ਧੂਮ-ਧੜੱਕੇ ਨਾਲ ਕਰਵਾਇਆ ਗਿਆ। ਇੰਟਰਨੈਸ਼ਨਲ ਕਬੱਡੀ ਕੱਪ ਦੇ ਬੈਨਰ ਹੇਠ ਹੋਏ ਇਸ ਕੱਪ ਨੂੰ ਜਿੱਤਣ ਦਾ ਮਾਣ ਯੂਨਾਈਟਡਬਰੈਂਪਟਨਸਪੋਰਟਸ ਕਲੱਬ ਨੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ। ਇਸ ਕਲੱਬ ਨੇ ਇਸ ਸੀਜ਼ਨ ‘ਚ ਲਗਾਤਾਰ ਦੂਸਰੀ ਵਾਰ ਕੱਪ ਚੁੰਮਿਆ। ਟੂਰਨਾਮੈਂਟ ਦੌਰਾਨ ਉਲਟਫੇਰਭਰੀਆ ਜਿੱਤਾਂ ਦਰਜ ਕਰਨ ਵਾਲੀ ਜੀ ਟੀ ਏ ਕਲੱਬ ਦੀ ਟੀਮ ਉਪ ਜੇਤੂ ਰਹੀ। ਚੈਪੀਅਨ ਟੀਮ ਦੇ ਕਪਤਾਨ ਯਾਦੇਸੁਰਖਪੁਰ ਨੇ ਸਰਵੋਤਮ ਜਾਫੀ ਤੇ ਭੂਰੀ ਛੰਨਾ ਨੇ ਬਿਹਤਰੀਨ ਧਾਵੀ ਦਾ ਖਿਤਾਬ ਜਿੱਤਿਆ। ਟੂਰਨਾਮੈਂਟ ਦਾ ਅਗਾਜ਼ ਬਲਵੀਰ ਸਿੰਘ ਭੁੱਲਾਰਾਏ ਦੇ ਢਾਡੀ ਜਥੇ ਵੱਲੋਂ ਵਾਹਿਗੁਰੂ ਦਾ ਓਟ ਆਸਰਾ ਲੈਣ ਨਾਲ ਹੋਈ।

**ਪ੍ਰਬੰਧਕੀ ਟੀਮ:-** ਇੰਟਰਨੈਸ਼ਨਲ ਪੰਜਾਬੀ ਸਪੋਰਟਸ ਤੇ ਕਲਚਰ ਕਲੱਬ ਵੱਲੋਂ ਇੰਦਰਜੀਤ ਸਿੰਘ ਐਂਡੀਧੁੱਗਾ, ਹਰਵਿੰਦਰ ਬਾਸੀ, ਮਨਜੀਤ ਘੋਤੜਾ, ਜਸ ਸੋਹਲ, ਚੇਅਰਮੈਨ ਰਣਧੀਰ ਸੰਧੂ, ਪ੍ਰਧਾਨ ਮਿੱਠੂ, ਮੀਤ ਪ੍ਰਧਾਨ ਸੁੱਖਾ ਬਾਸੀ, ਸਕੱਤਰ ਪੁਸ਼ਪਿੰਦਰਘੋਤੜਾ, ਖਜਾਨਚੀ ਹਰਦਿਆਲ ਭੁੱਲਰ, ਨਿਰਦੇਸ਼ਕ ਅਵਤਾਰ ਸਮਰਾ, ਅਮਰਜੀਤ ਗੁਰਾਇਆ, ਐਂਡੀ ਗਰੇਵਾਲ ਤੇ ਬਲਜੀਤ ਚੌਹਾਨ, ਕੋਚ ਕਰਨ ਘੁਮਾਣ ਰੇਸ਼ਮ ਰਾਜਸਥਾਨੀ ਹੋਰਾਂ ਦੀ ਅਗਵਾਈ ‘ਚ ਕਰਵਾਏ ਗਏ ਇਸ ਕੱਪ ਦੀ ਸਫਲਤਾ ਲਈ ਕਲੱਬ ਦੇ ਮੈਂਬਰ ਮਹਾਂਬੀਰ ਗਰੇਵਾਲ, ਬਲਵਿੰਦਰ ਧਾਲੀਵਾਲ, ਪੁਸ਼ਪਿੰਦਰਘੋਤੜਾ, ਚਮਕੌਰ ਬਰਾੜ, ਉਸਾਮਾ, ਰੂਬਨ ਚਾਹਲ, ਸ਼ਿੰਦਰ ਧਾਲੀਵਾਲ, ਜੋਗਿੰਦਰ ਬਾਜਵਾ, ਗੁਰਿੰਦਰ ਭੁੱਲਰ, ਅਮਰਜੀਤ ਗੋਰਾਇਆ, ਸਾਬੀਢੀਂਡਸਾ, ਕੁਲਵਰਨਧੁੱਗਾ, ਵੀਰਪਾਲਧੁੱਗਾ, ਰਾਜਵਿੰਦਰ ਗਿੱਲ, ਪਰਮਿੰਦਰ ਜੌਹਲ, ਸੁਖਵਿੰਦਰਪਾਲ ਰਾਏ, ਜਗਨਦੀਪ ਰਿਆੜ, ਸੁੱਖਾ ਤਤਲਾਹਰਭਜਨਘੋਤੜਾ, ਚਰਨੇਕ ਚਾਹਲ, ਐਂਡੀ ਗਰੇਵਾਲ, ਜਰਨੈਲ ਤੂਰ, ਜਸਕਰਨ ਢਿੱਲੋਂ, ਲਖਵੀਰ ਢੇਸੀ, ਰੂਪਾ ਧਾਲੀਵਾਲ, ਸਿਮਰ ਸਿੱਧੂ, ਸੁੱਖਾ ਢੇਸੀ, ਮਨਜੀਤ ਪੰਡੋਰੀ, ਜੋਰਾ, ਲੱਖਾਢੀਂਡਸਾ, ਗੁਰਮੇਲ ਕੂੰਨਰ, ਤੇਜੀ ਦਿਉਲ ਤੇ ਤੀਰਥ ਹੋਰਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਕੱਪ ਦੌਰਾਨ ਹਜ਼ਾਰਾਂ ਦੀ ਤਦਾਦ ‘ਚ ਦਰਸ਼ਕਾਂ ਨੇ ਪੂਰਾ ਦਿਨ ਉੱਚ ਕੋਟੀ ਦੀ ਕਬੱਡੀ ਦਾ ਅਨੰਦ ਮਾਣਿਆ।



**ਸਪਾਂਸਰਜ਼:-** ਵਿਕਰਮ ਢਿੱਲੋਂ ਹੋਰਾਂ ਦੀ ਕੰਪਨੀ ਬੀ ਵੀ ਡੀ ਪੈਟਰੋਲੀਅਮ ਟੂਰਨਾਮੈਂਟ ਦੀ ਮੁੱਖ ਸਪਾਂਸਰ ਸੀ। ਇਸ ਦੇ ਨਾਲ ਹੀ ਇੰਦਰਜੀਤ ਧੁੱਗਾ, ਵੀਰਪਾਲਧੁੱਗਾ ਤੇ ਕੁਲਵਰਨਧੁੱਗਾ ਹੋਰਾਂ ਦਾ ਅਦਾਰਾ ਨਿਊਮਿਲੇਨੀਅਮ ਟਾਇਰ, ਮਿੱਠੂ ਤੇ ਉਸਾਮਾ ਦਾ ਹਾਊਸ ਆਫ ਟਾਇਰ, ਹਰਵਿੰਦਰ ਬਾਸੀ ਤੇ ਸੁੱਖਾ ਬਾਸੀ ਹੋਰਾਂ ਦੀ ਕੰਪਨੀ ਆਟੋਬਾਹਨ, ਰਣਧੀਰ ਐਂਡ ਸੰਨਜ਼ ਦੀ ਕੰਪਨੀ ਏਅਰ ਐਂਡ ਓਸੀਨਲੈਂਡ, ਹਰਪ੍ਰੀਤ ਸਿੰਘ ਤੇ ਸੁੱਖੀ ਹੋਰਾਂ ਦੀ ਗਰੀਨਵੇਕੈਰੀਅਰ, ਐਂਡੀ ਗਰੇਵਾਲ ਦੀ ਐਵਰੈਸਟ ਟਰਾਂਸਪੋਰਟ, ਸੁੱਖੇ ਤੇ ਸਨੀਹੋਰਾਂ ਦੀ ਕਿੰਗ ਟੋਇੰਗ ਕੰਪਨੀ, ਸੇਫੈਕਸ ਟਰਾਂਸਪੋਰਟ, ਕੈਨੀ ਹੋਰਾਂ ਦੀ ਏ ਟੀ ਐਫ ਅਤੇ ਰਾਜ ਗਰੇਵਾਲ ਵੀ ਟੂਰਨਾਮੈਂਟ ਦੇ ਸਪਾਂਸਰਜ਼ ਸਨ। ਜੇਤੂ ਟੀਮ ਨੂੰ ਦਵਿੰਦਰ ਸਿੰਘ ਹੋਰਾਂ ਦੀ ਕੰਪਨੀ ਡੀ ਐਸ ਟਰਾਂਸਪੋਰਟ ਵੱਲੋਂ ਅਤੇ ਦੂਸਰਾ ਇਨਾਮ ਸੁੱਖੇ ਰੰਧਾਵੇ ਦੀ ਕੰਪਨੀ ਕੁਇੱਕ ਟਾਇਰ ਐਂਡ ਫੋਰ ਰਨਰ ਵੱਲੋਂ ਦਿੱਤਾ ਗਿਆ।

**ਤਿਰਛੀ ਨਜ਼ਰ:-** ਇੰਟਰਨੈਸ਼ਨਲ ਕਬੱਡੀ ਕੱਪ ਦੌਰਾਨ ਟੋਰਾਂਟੋ ਦੇ ਕਬੱਡੀ ਸੀਜ਼ਨ ਦੌਰਾਨ ਹੋਏ ਤਿੰਨ ਕੱਪਾਂ ਵਾਂਗ ਹਜ਼ਾਰਾਂ ਦੀ ਗਿਣਤੀ ‘ਚ ਦਰਸ਼ਕ ਜੁੜੇ। ਲੰਬੇ ਅਰਸੇ ਬਾਅਦ ਕੈਨੇਡਾ ਦੇ ਕਬੱਡੀ ਸੀਜ਼ਨ ਦੌਰਾਨ ਟਿਕਟਾਂਲਗਾਕੇ ਕਬੱਡੀ ਕੱਪ ਕਰਵਾਇਆ ਗਿਆ, ਜਿਸ ਨੂੰ ਦਰਸ਼ਕਾਂ ਨੇ ਬੇਮਿਸਾਲ ਹੁੰਗਾਰਾ ਦਿੱਤਾ। ਗੁਰੂ ਨਾਨਕ ਲੰਗਰ ਸੁਸਾਇਟੀ ਵੱਲੋਂ ਲੰਗਰ ਦਾ ਉਚੇਚਾ ਪ੍ਰਬੰਧ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਮਹਿਮਾਨਾਂ ਲਈ ਉਚੇਚੇ ਤੌਰ ਦੇ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ। ਮੇਜ਼ਬਾਨ ਕਲੱਬ ਦੇ ਸਾਰੇ ਮੈਂਬਰ ਗਾਜ਼ਰੀ ਰੰਗ ਦੀਆਂ ਟੀ-ਸ਼ਰਟਾਂ ਤੇ ਕਾਲੇ ਰੰਗ ਦੀਆਂ ਦਸਤਾਰਾਂ ‘ਚ ਸਜੇ ਹੋਏ ਸਨ। ਕਬੱਡੀ ਜਗਤ ਨਾਲ ਜੁੜੀਆਂ ਸ਼ਖਸ਼ੀਅਤਬੱਬਲ ਸੰਗਰੂਰ ਤੇ ਬਲਰਾਜ ਸੰਘਾ ਵੈਨਕੂਵਰ, ਕੀਪਾ ਟਾਂਡਾ ਅਮਰੀਕਾ, ਨਿੱਕਾ ਘੁਮਾਣ (ਭਾਰਤ) ਤੋਂ ਆਪਣੇ ਸਾਥੀਆਂ ਸਮੇਤ ਪੁੱਜੇ।

**ਖੇਡ ਝਲਕੀਆਂ:-** ਟੂਰਨਾਮੈਂਟ ਦੌਰਾਨ ਹੋਈ ਉੱਚ ਕੋਟੀ ਦੀ ਕਬੱਡੀ ਦੀ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਦੋ ਮੈਚਾਂ ਦਾ ਫੈਸਲਾ ਸਿਰਫ ਅੱਧੇ-ਅੱਧੇ ਅੰਕ ਨਾਲ ਹੋਇਆ। ਟੂਰਨਾਮੈਂਟ ਪ੍ਰਬੰਧਕਾਂ ਤੇ ਹੋਰਨਾਂ ਕਲੱਬ ਦੇ ਸੰਚਾਲਕਾਂ ਵੱਲੋਂ ਪੂਰਾ ਦਿਨ ਖਿਡਾਰੀਆਂ ‘ਤੇ ਨੋਟਾਂ ਦਾ ਮੀਂਹ ਵਰਾਇਆ। ਫਾਈਨਲ ਮੈਚ ‘ਚ ਜੇਤੂ ਟੀਮ ਦੇ ਕਪਤਾਨ ਯਾਦੇਸੁਰਖਪੁਰ ਨੇ ਡੇਢ-ਡੇਢ ਲੱਖ ਰੁਪਏ (25-25 ਸੌ ਡਾਲਰ) ਦੇ ਦੋ ਜੱਫੇ ਲਗਾਏ। ਉੱਧਰ ਜੀ ਟੀ ਏ ਦੀ ਟੀਮ ਦੇ ਧਾਵੀ ਕਮਲ ਨਵਾਂ ਪਿੰਡ ਦੀਆਂ ਰੇਡਾਂ ਦੇ 2.70 ਲੱਖ ਰੁਪਏ (4500 ਡਾਲਰ) ਵੀ ਲੱਗੇ।

**ਸੰਚਾਲਨ ਟੀਮ:-** ਟੂਰਨਾਮੈਂਟ ਦੌਰਾਨ ਮੱਖਣ ਅਲੀ, ਸੁਰਜੀਤ ਕਕਰਾਲੀ, ਕਾਲਾ ਰਛੀਨ, ਸ਼ਿੰਦਰ ਧਾਲੀਵਾਲ ਤੇ ਹੈਰੀ ਬਨਭੌਰਾ ਨੇ ਖ਼ੂਬਸੂਰਤ ਕੁਮੈਂਟਰੀ ਕੀਤੀ। ਜਸਵੰਤ ਖੜਗ, ਬਲਜੀਤ ਚੌਹਾਨ, ਸਾਬੀਢੀਂਡਸਾ ਤੇ ਰਿੰਪੀਘੋਤੜਾ ਨੇ ਸਕੋਰਿੰਗ ਦੀ ਜਿੰਮੇਵਾਰੀ ਨਿਭਾਈ। ਪੱਪੂਭਦੌੜ, ਬਲਵੀਰ ਸਿੰਘ, ਨੀਟਾ, ਸਾਬੀ ਤੇ ਬੀਨਾ ਨੇ ਮੈਚਾਂ ਦਾ ਸੰਚਾਲਨ ਕੀਤਾ। ਓਂਟਾਰੀਓ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਅਰਿੰਦਰ ਕਾਲਾ ਹਾਂਸ, ਜਨਰਲ ਸਕੱਤਰ ਮਨਜੀਤ ਘੋਤੜਾ ਤੇ ਚੇਅਰਮੈਨ ਜਸਵਿੰਦਰ ਜੱਸੀ ਸਰਾਏ ਨੇ ਸਭ ਦਾ ਧੰਨਵਾਦ ਕੀਤਾ।




**ਕਬੱਡੀ ਮੁਕਾਬਲੇ:-** ਆਰੰਭਕ ਦੌਰ ਦੇ ਪਹਿਲੇ ਮੈਚ ‘ਚ ਯੂਨਾਈਟਡਬਰੈਂਪਟਨਸਪੋਰਟਸ ਕਲੱਬ ਨੇ ਜੀ ਟੀ ਏ ਕਲੱਬ ਨੂੰ 36-29 ਅੰਕਾਂ ਨਾਲ ਹਰਾਇਆ। ਦੂਸਰੇ ਮੈਚ ‘ਚ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੂੰ 31-27 ਅੰਕਾਂ ਨਾਲ, ਤੀਸਰੇ ਮੈਚ ‘ਚ ਓਂਟਾਰੀਓ ਕਬੱਡੀ ਕਲੱਬ ਨੇ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੂੰ 37-29 ਅੰਕਾਂ ਨਾਲ, ਚੌਥੇ ਮੈਚ ‘ਚ ਜੀ ਟੀ ਏ ਕਲੱਬ ਨੇ ਯੰਗ ਕਲੱਬ ਨੂੰ 35-32 ਅੰਕਾਂ ਨਾਲ ਪੰਜਵੇਂ ਮੈਚ ‘ਚ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੇ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੂੰ 39-33 ਅੰਕਾਂ ਨਾਲ, ਛੇਵੇਂ ਮੈਚ ‘ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੇ ਓ ਕੇ ਸੀ ਕਲੱਬ ਨੂੰ 33.5-33 ਅੰਕਾਂ ਨਾਲ ਹਰਾਕੇਸੈਮੀਫਾਈਨਲ ‘ਚ ਥਾਂ ਬਣਾਈ। ਪਹਿਲੇ ਸੈਮੀਫਾਈਨਲ ‘ਚ ਜੀ ਟੀ ਏ ਕਲੱਬ ਨੇ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੂੰ 42.5-42 ਅਤੇ ਬਰੈਂਪਟਨਯੂਨਾਈਟਡਸਪੋਰਟਸ ਕਲੱਬ ਨੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੂੰ 42-31 ਅੰਕਾਂ ਨਾਲ ਹਰਾਕੇਫਾਈਨਲ ‘ਚ ਥਾਂ ਬਣਾਈ। ਫਾਈਨਲ ਮੁਕਾਬਲੇ ‘ਚ ਬਰੈਂਪਟਨਯੂਨਾਈਟਡਸਪੋਰਟਸ ਕਲੱਬ ਨੇ ਜੀ ਟੀ ਏ ਕਲੱਬ ਨੂੰ 47-31 ਅੰਕਾਂ ਨਾਲ ਹਰਾਕੇ ਖਿਤਾਬ ਜਿੱਤਿਆ। ਭੂਰੀ ਛੰਨਾ ਨੇ 13 ਅਜੇਤੂਰੇਡਾਂਪਾਕੇ ਸਰਵੋਤਮ ਧਾਵੀ ਦਾ ਅਤੇ ਯਾਦਾਸੁਰਖਪੁਰ ਨੇ 16 ਕੋਸ਼ਿਸ਼ਾਂ ਤੋਂ 5 ਜੱਫੇ ਲਗਾਕੇ ਬਿਹਤਰੀਨ ਜਾਫੀ ਦਾ ਖਿਤਾਬ ਜਿੱਤਿਆ। ਇਸੇ ਦੌਰਾਨ ਟੋਰਾਂਟੋ ਦੀਆਂ ਦੋ ਸਕੂਲਾਂ ਟੀਮਾਂ ਦਰਮਿਆਨ ਅਤੇ ਦੋ ਅੰਡਰ-21 ਦੀਆਂ ਟੀਮਾਂ ਦਰਮਿਆਨ ਦਿਲਕਸ਼ ਮੈਚ ਹੋਏ।




ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
Mega Sanjha Punjab
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8


ਇਹਨਾਂ ਛੋਟੀਆਂ ਚੀਜਾਂ ਦਾ ਆਨੰਦ ਮਾਣੋ
ਨਵੀਆਂ ਲਾਟਾਂ
ਹੁਣ ਵੇਚ ਰਹੇ ਹਾਂ
Ambleton
A Qualico Community
ਕੈਲਗਰੀ ਦਾ ਨਵਾਂ ਉੱਤਰੀ ਏਰੀਆ
ਇਸਦੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਂਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਨਾਰਥ ਵੈਸਟ ਕੈਲਗਰੀ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਦਰਸਾਉਂਦਾ ਹੈ। ਖੇਡ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਕਮਿਊਨਿਟੀ ਵਿੱਚ ਇੱਧਰ ਉੱਧਰ ਜਾਣ ਲਈ ਆਸਾਨ ਬਣਾਉਂਦੇ ਹਨ। ਐਂਬਲਟਨ ਕੋਲ ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ-ਨਾਲ, ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।
ਲੇਨਡ ਹੋਮ
ਫਰੰਟ ਗੈਰਾਜ ਹੋਮ
ਆਪਣੇ ਸੁਪਨਿਆਂ ਦਾ ਘਰ
ਸਾਡੇ ਇੱਕ ਇਨਾਮ ਜੇਤੂ ਬਿਲਡਰ ਕੋਲੋਂ ਬਣਾਓ
· Shane Homes · Sterling Homes
· Trico Homes · Broadview Homes · Jayman Built
ਅਗਲੇ ਫੇਸ ਲਈ ਸਾਈਨ ਕਰੋ
liveinambleton.com
403-801-1340
customercare@qualicocommunities.com
160 ਏਕੜ
1200+ ਘਰ
7 ਫੇਸ
ਨਵੀਆਂ ਪਾਰਕਾਂ ਹੁਣ ਖੁੱਲ ਗਈਆਂ ਹਨ
ਹਾਈ ਸਕੂਲ ਭਵਿੱਖੀ ਯੋਜਨਾ
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco
Paper
Flashing
Wiring
Free Estimate
BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


ਡਰਾਇਵਰਾਂ ਦੀ ਲੋੜ ਹੈ
RIG
Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)




## ਹੁਣੇ ਮੂਵ ਹੋਣ ਲਈ ਘਰ ਉਪਲੱਬਦ ਹਨ

**ਕਾਨੂੰਨੀ ਆਮਦਨ ਸੂਇਟ (ਬੇਸਮੈਂਟ) ਵਾਲੇ ਸਿੰਗਲ ਫੈਮਿਲੀ ਹੋਮ**

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਕੀਮਤ ਨਾਲ ਰਹਿਣ ਦਾ ਪ੍ਰਤੀਕ ਹਨ।

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਵੀ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1 ਜਾਂ 2 ਬੈੱਡਰੂਮ ਦੀ ਕਾਨੂੰਨੀ ਆਮਦਨ ਸੂਇਟ (ਬੇਸਮੈਂਟ) ਸ਼ਾਮਲ ਕਰੋ।

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Bathroom


Bonus Room


Legal Income Suite

## ਐਵਾਰਡ ਜੇਤੂ ਟਾਊਨਹੋਮਸ

ਕੈਲਗਰੀ ਦੇ ਪ੍ਰਮੁੱਖ ਦੱਖਣ-ਪੂਰਬੀ ਕੁਆਡਰੈਂਟ ਇਲਾਕੇ ਕਾਪਰਫੀਲਡ ਦੇ ਵਿੱਚ ਇੱਕ ਬਿਲਕੁਲ ਨਵੇਂ ਟਾਊਨਹੋਮ ਦੇ ਮਾਲਕ ਬਣੋ। 6 ਵੱਖ-ਵੱਖ ਫਲੋਰ ਪਲਾਨ ਦੇ ਨਾਲ, ਇੱਥੇ ਇੱਕ ਘਰ ਹੈ ਜੋ ਤੁਹਾਡੇ ਪਰਿਵਾਰ ਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ। ਇਹੀ ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ ਫਲੋਰਪਲਾਨਸ 1,300 ਵਰਗ ਫੁੱਟ ਤੋਂ 1,800 ਵਰਗ ਫੁੱਟ ਤੱਕ ਦੇ ਹੁੰਦੇ ਹਨ ਅਤੇ 3-ਬੈੱਡਰੂਮ ਜਾਂ ਡਬਲ ਪ੍ਰਾਇਮਰੀ ਸੂਟ ਅਤੇ ਫਲੈਕਸ ਰੂਮ ਵਿਕਲਪ ਪ੍ਰਦਾਨ ਕਰਦੇ ਹਨ। ਆਪਣੀ ਜੀਵਨ ਸ਼ੈਲੀ ਲਈ ਸੰਪੂਰਣ ਘਰ ਚੁਣੋ।

**ਸਿਰਫ 4 ਲੱਖ ਤੋਂ ਘੱਟ ਕੀਮਤ ਵਿੱਚ ਹੀ ਘਰ ਦੇ ਮਾਲਕ ਬਣੋ!**

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!**



**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# ਰੱਖਿਆ ਖੇਤਰ ਵਿੱਚ ਭਾਰਤ ਅਤੇ ਅਮਰੀਕਾ ਨੇ ਹੱਥ ਮਿਲਾਏ

## ਪਾਕਿਸਤਾਨ ਨੇ ਅਮਰੀਕਾ ਨੂੰ ਅਜਿਹਾ ਨਾ ਕਰਨ ਲਈ ਅੱਖਾਂ ਦਿਖਾਈਆਂ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਨੇ ਰੱਖਿਆ ਖੇਤਰ 'ਚ ਭਾਰਤ ਅਤੇ ਅਮਰੀਕਾ ਵਿਚਾਲੇ ਹਾਲ ਹੀ 'ਚ ਹੋਏ ਸਮਝੌਤਿਆਂ 'ਤੇ ਸਖਤ ਇਤਰਾਜ਼ ਜਤਾਇਆ ਹੈ। ਪਾਕਿਸਤਾਨ ਮੁਤਾਬਕ ਭਾਰਤ ਨੂੰ ਲੜਾਕੂ ਜੈਟ ਇੰਜਣ, ਡਰੋਨ ਅਤੇ ਤਕਨੀਕ ਦੇਣ ਤੋਂ ਪਹਿਲਾਂ ਅਮਰੀਕਾ ਨੂੰ ਉਸ (ਪਾਕਿਸਤਾਨ) ਨਾਲ ਗੱਲਬਾਤ ਕਰਨੀ ਚਾਹੀਦੀ ਸੀ। ਇੰਨਾ ਹੀ ਨਹੀਂ ਪਾਕਿਸਤਾਨ ਦੀ ਸ਼ਾਹਬਾਜ਼ ਸ਼ਰੀਫ ਸਰਕਾਰ ਨੇ ਅਮਰੀਕਾ ਨੂੰ ਇੱਕ ਤਰ੍ਹਾਂ ਨਾਲ ਧਮਕੀ ਵੀ ਦਿੱਤੀ ਸੀ। ਉਨ੍ਹਾਂ ਕਿਹਾ ਹੈ ਕਿ ਜੇਕਰ ਅਮਰੀਕਾ ਦਾ ਇਹ ਰਵੱਈਆ ਜਾਰੀ ਰਿਹਾ ਤਾਂ ਪਾਕਿਸਤਾਨ ਜਵਾਬੀ ਕਾਰਵਾਈ ਕਰਨ ਲਈ ਮਜਬੂਰ ਹੋਵੇਗਾ। ਵਰਣਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ ਹਫ਼ਤੇ ਅਮਰੀਕਾ ਦੇ ਚਾਰ ਦਿਨਾਂ ਦੌਰੇ 'ਤੇ ਗਏ ਸਨ। ਇਸ ਦੌਰਾਨ ਭਾਰਤ ਅਤੇ ਅਮਰੀਕਾ ਵਿਚਾਲੇ ਕਈ ਮਹੱਤਵਪੂਰਨ ਰੱਖਿਆ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਗਏ। ਇਸ ਉਪਰੰਤ ਪਾਕਿਸਤਾਨ ਸਰਕਾਰ ਅਤੇ ਫੌਜ ਇਸ ਨੂੰ ਲੈ ਕੇ ਕਾਫੀ ਚਿੰਤਤ ਨਜ਼ਰ ਆ ਰਹੀ ਹੈ। ਪਾਕਿਸਤਾਨ ਨੇ ਜੋ ਬਾਇਡਨ ਪ੍ਰਸ਼ਾਸਨ ਨਾਲ ਗੁਪਤ ਕੂਟਨੀਤਕ ਸੰਪਰਕ ਕੀਤਾ ਹੈ। ਇਸ ਗੱਲ ਦਾ ਖੁਲਾਸਾ ਪਾਕਿਸਤਾਨ ਦੇ ਅਖਬਾਰ 'ਦਿ ਐਕਸਪ੍ਰੈਸ ਟ੍ਰਿਬਿਊਨ' ਨੇ ਕੀਤਾ ਹੈ ਅਤੇ ਇਸ ਬਾਰੇ ਵਿਸਥਾਰਤ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਇਸ ਰਿਪੋਰਟ ਮੁਤਾਬਕ- ਪਾਕਿਸਤਾਨ ਨੇ ਅਮਰੀਕਾ ਨੂੰ ਕਿਹਾ ਹੈ ਕਿ ਭਾਰਤ ਨੂੰ ਦਿੱਤੇ ਜਾ ਰਹੇ ਹਥਿਆਰ, ਨਿਗਰਾਨੀ ਡਰੋਨ ਅਤੇ ਤਕਨੀਕ ਪਾਕਿਸਤਾਨ ਲਈ ਸਿੱਧਾ ਅਤੇ ਵੱਡਾ ਖ਼ਤਰਾ ਹਨ। ਜੇਕਰ ਰਿਪੋਰਟ ਨੂੰ ਗਹੁ ਨਾਲ ਦੇਖਿਆ ਜਾਵੇ ਤਾਂ ਸਾਫ਼ ਨਜ਼ਰ ਆਉਂਦਾ ਹੈ ਕਿ ਪਾਕਿਸਤਾਨ ਨੇ ਇੱਕ ਤਰ੍ਹਾਂ ਨਾਲ ਅਮਰੀਕਾ ਨੂੰ ਧਮਕੀ ਦਿੱਤੀ ਹੈ ਅਤੇ ਅਮਰੀਕਾ ਨੂੰ ਕਿਹਾ ਗਿਆ ਹੈ ਕਿ ਜੇਕਰ ਅਮਰੀਕਾ ਪਾਕਿਸਤਾਨ ਨੂੰ ਭਰੋਸੇ 'ਚ ਲਏ ਬਿਨਾਂ ਰੱਖਿਆ ਖੇਤਰ 'ਚ ਭਾਰਤ ਦੀ ਮੱਦਦ ਕਰਦਾ ਹੈ ਤਾਂ ਪਾਕਿਸਤਾਨ ਨੂੰ ਵੀ ਜਵਾਬੀ ਕਾਰਵਾਈ ਲਈ ਵਿਕਲਪ ਲੱਭਣੇ ਪੈਣਗੇ।

# ਵਿਕਰਮਾ ਸਿੰਘੇ ਨੇ ਕਿਹਾ ਅਸੀਂ ਚੀਨ ਨਾਲ ਕਦੇ ਵੀ ਫੌਜੀ ਸਮਝੌਤਾ ਨਹੀਂ ਕਰਾਂਗੇ।



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਸ਼੍ਰੀਲੰਕਾ ਦੇ ਰਾਸ਼ਟਰਪਤੀ ਰਾਨਿਲ ਵਿਕਰਮਾ ਸਿੰਘੇ ਨੇ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਦੀ ਵਰਤੋਂ ਭਾਰਤ ਦੇ ਖਿਲਾਫ ਕਦੇ ਨਹੀਂ ਕੀਤੀ ਜਾ ਸਕਦੀ। ਬੀਤੇ ਦਿਨੀ ਬ੍ਰਿਟੇਨ ਅਤੇ ਫਰਾਂਸ ਦੇ ਦੌਰੇ 'ਤੇ ਰਵਾਨਾ ਹੋਣ ਤੋਂ ਪਹਿਲਾਂ ਰਾਨਿਲ ਨੇ ਕਿਹਾ- ਕਿਸੇ ਨੂੰ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਅਸੀਂ ਚੀਨ ਨਾਲ ਕਦੇ ਵੀ ਫੌਜੀ ਸਮਝੌਤਾ ਨਹੀਂ ਕਰਾਂਗੇ। ਵਿਕਰਮਸਿੰਘੇ ਨੇ ਇੱਕ ਇੰਟਰਵਿਊ ਵਿੱਚ ਕਿਹਾ - ਚੀਨ ਅਤੇ ਸ਼੍ਰੀਲੰਕਾ ਦੇ ਰਿਸ਼ਤੇ ਮਜ਼ਬੂਤ ਹਨ, ਪਰ ਅਸੀਂ ਇਹ ਵੀ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਚੀਨ ਦਾ ਸਾਡੇ ਦੇਸ਼ ਵਿੱਚ ਕੋਈ ਫੌਜੀ ਅੱਡਾ ਨਹੀਂ ਹੈ ਅਤੇ ਨਾ ਹੀ ਹੋਵੇਗਾ। ਕੋਈ ਵੀ ਦੇਸ਼ ਭਾਰਤ ਖਿਲਾਫ ਸ਼੍ਰੀਲੰਕਾ ਦੀ ਵਰਤੋਂ ਨਹੀਂ ਕਰ ਸਕੇਗਾ। ਉਨਾਂ ਦੀ ਅਰਥਵਿਵਸਥਾ ਨੂੰ ਲੀਹ 'ਤੇ ਕਿਹਾ ਕਿ ਅਸੀਂ ਜਲਦੀ ਹੀ ਦੇਸ਼ ਲਿਆਵਾਂਗੇ। ਫਰਾਂਸ ਦੇ ਇੱਕ ਮੀਡੀਆ ਹਾਊਸ' ਨੂੰ ਦਿੱਤੇ ਇੰਟਰਵਿਊ 'ਚ ਰਾਨਿਲ ਤੋਂ ਜ਼ਿਆਦਾਤਰ ਸਵਾਲ ਚੀਨ ਅਤੇ ਸ਼੍ਰੀਲੰਕਾ 'ਤੇ ਹੀ ਪੁੱਛੇ ਗਏ। ਇਕ ਸਵਾਲ ਦੇ ਜਵਾਬ 'ਚ ਰਾਨਿਲ ਨੇ ਕਿਹਾ- ਸ਼੍ਰੀਲੰਕਾ ਇਕ ਨਿਰਪੱਖ ਦੇਸ਼ ਹੈ ਅਤੇ ਅਸੀਂ ਚੀਨ ਨਾਲ ਕੋਈ ਫੌਜੀ ਸਮਝੌਤਾ ਨਹੀਂ ਕੀਤਾ ਹੈ। ਅਜਿਹਾ ਕਰਨ ਦੀ ਵੀ ਕੋਈ ਯੋਜਨਾ ਨਹੀਂ ਹੈ। ਭਾਰਤ ਬਾਰੇ ਪੁੱਛੇ ਗਏ ਸਵਾਲ 'ਤੇ ਸ਼੍ਰੀਲੰਕਾ ਦੇ ਰਾਸ਼ਟਰਪਤੀ ਨੇ ਕਿਹਾ- ਅਸੀਂ ਭਾਰਤ ਨੂੰ ਕਈ ਵਾਰ ਭਰੋਸਾ ਦਿੱਤਾ ਹੈ ਅਤੇ ਮੈਂ ਇਹ ਦੁਹਰਾ ਰਿਹਾ ਹਾਂ ਕਿ ਸਾਡੇ ਦੇਸ਼ ਤੋਂ ਭਾਰਤ ਦੇ ਖਿਲਾਫ ਕੋਈ ਵੀ ਖਤਰਾ ਪੈਦਾ ਨਹੀਂ ਹੋਣ ਦਿੱਤਾ ਜਾਵੇਗਾ। ਕੋਈ ਵੀ ਦੇਸ਼ ਸ਼੍ਰੀਲੰਕਾ ਨੂੰ ਬੇਸ ਦੇ ਤੌਰ 'ਤੇ ਇਸਤੇਮਾਲ ਨਹੀਂ ਕਰ ਸਕੇਗਾ।

# ਅਮਰੀਕਾ ਫੇਰੀ ਦੌਰਾਨ ਮੋਦੀ ਨੂੰ ਸੁਆਲ ਕਰਨ ਵਾਲੀ ਪੱਤਰਕਾਰ ਨੂੰ ਸ਼ੋਸਲ ਮੀਡੀਆ ਆਲੋਚਨਾ ਨੇ ਘੇਰ ਰੱਖਿਆ ਹੈ






ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਤੇ ਪ੍ਰਧਾਨ ਮੰਤਰੀ ਮੋਦੀ ਅਮਰੀਕਾ ਦੌਰੇ ਦੌਰਾਨ ਰਾਸ਼ਟਰਪਤੀ ਜੋ ਬਾਇਡਨ ਨਾਲ ਕੀਤੀ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੂੰ ਨੂੰ ਸਵਾਲ ਪੁੱਛਣ ਵਾਲੀ ਅਮਰੀਕੀ ਅਖਬਾਰ ਵਾਲ ਸਟਰੀਟ ਜਰਨਲ (ੱਝ) ਦੀ ਪੱਤਰਕਾਰ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਰਅਸਲ, ਮੋਦੀ ਦੇ ਦੌਰੇ ਦੇ ਤੀਜੇ ਦਿਨ ਇੱਕ ਪ੍ਰੈਸ ਕਾਨਫਰੰਸ ਵਿੱਚ ਵਾਲ ਸਟਰੀਟ ਦੀ ਪੱਤਰਕਾਰ ਸਬਰੀਨਾ ਸਿੱਦੀਕੀ ਨੇ ਉਨ੍ਹਾਂ ਤੋਂ ਘੱਟ ਗਿਣਤੀਆਂ ਨਾਲ ਵਿਤਕਰੇ ਬਾਰੇ ਸਵਾਲ ਪੁੱਛਿਆ ਸੀ। ਇਸ ਤੋਂ ਬਾਅਦ ਉਹ ਸੋਸ਼ਲ ਮੀਡੀਆ 'ਤੇ ਲਗਾਤਾਰ ਟ੍ਰੋਲ ਹੋ ਰਹੀ ਹੈ। ਹੁਣ ਵ੍ਹਾਈਟ ਹਾਊਸ ਨੇ ਇਸ ਦੀ ਨਿੰਦਾ ਕੀਤੀ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਜੌਨ ਕਿਰਬੀ ਨੇ ਕਿਹਾ- ਇਸ ਤਰ੍ਹਾਂ ਦੀ ਪਰੇਸ਼ਾਨੀ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਕਿਸੇ ਵੀ ਪੱਤਰਕਾਰ ਨੂੰ ਪਰੇਸ਼ਾਨ ਕਰਨਾ ਲੋਕਤੰਤਰ ਦੇ ਖਿਲਾਫ ਹੈ। ਅਸੀਂ ਇਸ ਦੀ ਨਿੰਦਾ ਕਰਦੇ ਹਾਂ। ਇਸ ਤੋਂ ਪਹਿਲਾਂ ਵਾਲ ਸਟਰੀਟ ਜਰਨਲ ਨੇ ਵੀ ਆਪਣੀ ਪੱਤਰਕਾਰ ਦਾ ਸਮਰਥਨ ਕਰਦੇ ਹੋਏ ਬਿਆਨ ਜਾਰੀ ਕੀਤਾ ਸੀ। ੱਝ ਨੇ ਕਿਹਾ ਸੀ ਕਿ ਸਬਰੀਨਾ ਇੱਕ ਸਨਮਾਨਯੋਗ ਪੱਤਰਕਾਰ ਹੈ, ਜੋ ਆਪਣੀ ਨਿਰਪੱਖ ਰਿਪੋਰਟਿੰਗ ਅਤੇ ਇਮਾਨਦਾਰੀ ਲਈ ਜਾਣੀ ਜਾਂਦੀ ਹੈ। ਉਨ੍ਹਾਂ ਨੂੰ ਇਸ ਤਰ੍ਹਾਂ ਪ੍ਰੇਸ਼ਾਨ ਕਰਨਾ ਗਲਤ ਹੈ ਅਤੇ ਅਸੀਂ ਇਸ ਦੀ ਨਿੰਦਾ ਕਰਦੇ ਹਾਂ। ਦਰਅਸਲ, ਪੀਐਮ ਮੋਦੀ 'ਤੇ ਸਵਾਲ ਕਰਨ ਤੋਂ ਬਾਅਦ ਸਬਰੀਨਾ ਟ੍ਰੋਲਸ ਦੇ ਨਿਸ਼ਾਨੇ 'ਤੇ ਆ ਗਈ ਸੀ। ਸੋਸ਼ਲ ਮੀਡੀਆ 'ਤੇ ਲੋਕ ਉਸ ਦੀ ਪਛਾਣ 'ਤੇ ਸਵਾਲ ਉਠਾ ਰਹੇ ਸਨ। ਕਈ ਯੂਜ਼ਰਸ ਉਸ ਨੂੰ ਪਾਕਿਸਤਾਨੀ ਅਤੇ ਉਸ ਦੇ ਸਵਾਲ ਨੂੰ ਏਜੰਡਾ ਕਹਿ ਰਹੇ ਸਨ। ਯੂਜ਼ਰਸ ਨੇ ਕਿਹਾ ਕਿ ਸਬਰੀਨਾ ਨੂੰ ਇਸ ਸਵਾਲ ਲਈ ਖਾਸ ਤੌਰ 'ਤੇ ਚੁਣਿਆ ਗਿਆ ਕਿਉਂਕਿ ਉਹ ਪਾਕਿਸਤਾਨੀ ਹੈ। ਭਾਜਪਾ ਨੇਤਾ ਅਮਿਤ ਮਾਲਵੀਆ ਨੇ ਵੀ ਸਬਰੀਨਾ ਦੇ ਸਵਾਲ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਸੀ। ਵਰਣਯੋਗ ਹੈ ਕਿ ਕਈ ਸਾਲਾਂ ਦੇ ਕਾਰਜਕਾਲ ਦੌਰਾਨ ਪ੍ਰਧਾਨ ਮੰਤਰੀ ਮੋਦੀ ਦੀ ਇਹ ਪਹਿਲੀ ਪ੍ਰੈਸ ਕਾਨਫਰੰਸ ਸੀ।

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇੱਕ ਵਾਰ ਫਿਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ ਕੀਤੀ





ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਮੇਨ ਸਟ੍ਰੀਮ ਮੀਡੀਆ 'ਤੇ ਬੈਨ ਕੀਤੇ ਜਾ ਚੁੱਕੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਕ ਵਾਰ ਫਿਰ ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ ਕੀਤੀ ਹੈ। ਇਮਰਾਨ ਨੇ ਆਪਣੇ ਯੂਟਿਊਬ ਚੈਨਲ 'ਤੇ ਕਿਹਾ- ਭਾਰਤ ਦੇ ਪ੍ਰਧਾਨ ਮੰਤਰੀ ਦੇਸ਼ ਤੋਂ ਬਾਹਰ ਬੈਠ ਕੇ ਫੈਸਲੇ ਨਹੀਂ ਕਰਦੇ ਹਨ ਜਦਕਿ ਪਾਕਿਸਤਾਨ ਸਰਕਾਰ ਦੁਬਈ ਵਿੱਚ ਬੈਠ ਕੇ ਫੈਸਲੇ ਲੈਂਦੀ ਹੈ। ਉਨਾਂ ਕਿਹਾ ਕਿ ਅੱਜ ਪਾਕਿਸਤਾਨ ਹਰ ਪੱਖੋਂ ਗੋਡਿਆਂ ਭਾਰ ਹੋ ਗਿਆ ਹੈ। ਸਾਡੀ ਆਰਥਿਕਤਾ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ। ਖਾਨ ਨੇ ਅੱਗੇ ਕਿਹਾ ਕਿ ਮੋਦੀ ਕਹਿੰਦੇ ਹਨ- ਪਾਕਿਸਤਾਨ ਨੂੰ ਛੱਡੋ, ਇਹ ਆਪਣੇ ਬੋਝ ਹੇਠ ਆਪੇ ਹੀ ਖਤਮ ਹੋ ਜਾਵੇਗਾ। ਉਨਾ ਸਵਾਲ ਕੀਤਾ ਕਿ ਕੀ 14 ਮਹੀਨੇ ਪਹਿਲਾਂ ਜਦੋਂ ਮੈਂ ਵਜ਼ੀਰ-ਏ-ਆਜ਼ਮ ਸੀ ਤਾਂ ਅਜਿਹਾ ਕੋਈ ਬਿਆਨ ਆਇਆ ਸੀ? ਇਮਰਾਨ ਖਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਲੀਆ ਅਮਰੀਕਾ ਫੇਰੀ ਦੌਰਾਨ ਰਾਸ਼ਟਰਪਤੀ ਜੋ ਬਾਇਡਨ ਨਾਲ ਜੋ ਸਾਂਝਾ ਬਿਆਨ ਜਾਰੀ ਕੀਤਾ ਗਿਆ ਉਹ ਪਾਕਿਸਤਾਨ ਲਈ ਖ਼ਤਰੇ ਦੀ ਘੰਟੀ ਹੈ। ਭਾਰਤ-ਅਮਰੀਕਾ ਦੁਵੱਲੀ ਬੈਠਕ 'ਚ ਕਦੇ ਵੀ ਤੀਜੇ ਦੇਸ਼ ਨੂੰ ਚੰਗਾ ਜਾਂ ਮਾੜਾ ਨਹੀਂ ਕਹਿੰਦੇ ਪਰ ਇਸ ਵਾਰ ਦੋਵੇਂ ਨੇਤਾਵਾਂ ਨੇ ਨਾਂ ਲੈ ਕੇ ਕਿਹਾ ਹੈ ਕਿ ਪਾਕਿਸਤਾਨ ਅੱਤਵਾਦ ਫੈਲਾ ਰਿਹਾ ਹੈ। ਮੈਂ ਹੋਰ ਕੀ ਕਹਿ ਸਕਦਾ ਹਾਂ ਭਾਰਤ ਅਤੇ ਅਮਰੀਕਾ ਨੇ ਸਾਡੇ ਮੂੰਹ 'ਤੇ ਚਪੇੜ ਮਾਰੀ ਹੈ। ਵਰਣਯੋਗ ਹੈ ਕਿ 9 ਮਈ ਦੀ ਹਿੰਸਾ ਤੋਂ ਬਾਅਦ ਪਾਕਿਸਤਾਨੀ ਫ਼ੌਜ ਨੇ ਮੀਡੀਆ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਸਨ ਕਿ ਕੋਈ ਵੀ ਨਿਊਜ਼ ਚੈਨਲ ਜਾਂ ਅਖ਼ਬਾਰ ਇਮਰਾਨ ਖ਼ਾਨ ਦਾ ਨਾਂ ਵੀ ਨਹੀਂ ਲਵੇਗਾ। ਉਦੋਂ ਤੋਂ ਬਾਅਦ ਇਮਰਾਨ ਖਾਨ ਸਿਰਫ ਯੂ-ਟਿਊਬ ਰਾਹੀਂ ਹੀ ਸਮਰਥਕਾਂ ਨੂੰ ਸੰਬੋਧਨ ਕਰਦੇ ਆ ਰਹੇ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਖਾਨ ਦੀ ਪਾਰਟੀ ਦੇ ਜ਼ਿਆਦਾਤਰ ਨੇਤਾਵਾਂ ਨੇ ਉਨ੍ਹਾਂ ਦਾ ਸਾਥ ਛੱਡ ਦਿੱਤਾ ਹੈ। ਕੁੱਝ ਫਰਾਰ ਹੋ ਕੇ ਦੂਜੇ ਦੇਸ਼ਾਂ ਵਿਚ ਪਹੁੰਚ ਗਏ ਹਨ। ਹਿੰਸਾ ਦੇ ਸਿਲਸਿਲੇ 'ਚ ਗ੍ਰਿਫਤਾਰ ਕੀਤੇ ਗਏ 102 ਲੋਕਾਂ 'ਤੇ ਫੌਜੀ ਅਦਾਲਤਾਂ 'ਚ ਮੁਕੱਦਮਾ ਚਲਾਇਆ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਇਮਰਾਨ ਖਾਨ ਨੂੰ ਵੀ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਅਮਰੀਕਾ ਨੇ 2016 'ਚ ਮੁਸਲਿਮ ਦੇਸ਼ਾਂ 'ਤੇ ਹਰ ਘੰਟੇ ਦਾਗ਼ੇ ਤਿੰਨ ਬੰਬ



ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਇੱਕ ਬਿਆਨ ਨੇ ਭਾਰਤੀ ਰਾਜਨੀਤੀ 'ਚ ਹਲਚਲ ਮਚਾ ਦਿੱਤੀ ਹੈ। ਓਬਾਮਾ ਨੇ ਭਾਰਤ 'ਤੇ ਘੱਟਗਿਣਤੀਆਂ ਨਾਲ ਵਿਤਕਰਾ ਕਰਨ ਦਾ ਦੋਸ਼ ਲਗਾਇਆ ਜਿਸ 'ਤੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਓਬਾਮਾ ਨੇ ਆਪਣੇ ਕਾਰਜਕਾਲ ਦੌਰਾਨ ਛੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ 'ਤੇ ਬੰਬ ਸੁੱਟੇ ਸਨ। ਉਹ ਇਹ ਕਿਉਂ ਭੁੱਲ ਜਾਂਦੇ ਹਨ ਕਿ ਜੇਕਰ ਭਾਰਤ 'ਚ ਵਿਤਕਰੇ ਦੀ ਗੱਲ ਸੱਚ ਹੁੰਦੀ ਤਾਂ ਦੁਨੀਆਂ ਦੇ ਛੇ ਇਸਲਾਮਿਕ ਦੇਸ਼ਾਂ ਨੇ ਪ੍ਰਧਾਨ ਮੰਤਰੀ ਨੂੰ ਆਪਣਾ ਸਰਵਉੱਚ ਨਾਗਰਿਕ ਸਨਮਾਨ ਨਾ ਦਿੱਤਾ ਹੁੰਦਾ।

**ਓਬਾਮਾ ਨੇ ਇਨ੍ਹਾਂ ਦੇਸ਼ਾਂ 'ਤੇ ਸੁੱਟੇ ਬੰਬ**

ਨਿਰਮਲਾ ਸੀਤਾਰਮਨ ਨੇ ਕਿਹਾ ਕਿ ਬਰਾਕ ਓਬਾਮਾ ਨੇ ਆਪਣੇ ਕਾਰਜ ਕਾਲ ਦੌਰਾਨ ਸੀਤਾਰਮਨ ਦੇ ਬਿਆਨ ਦੀ ਪੁਸ਼ਟੀ ਦਾ ਗਾਰਡੀਅਨ 'ਨੇ ਵੀ ਕੀਤੀ ਹੈ।

**ਲੰਮੀ ਜੰਗ 'ਚ ਅਮਰੀਕਾ ਨੂੰ ਧੱਕਣ ਵਾਲਾ ਇੱਕੋ ਇੱਕ ਅਮਰੀਕੀ ਰਾਸ਼ਟਰਪਤੀ ਹੈ ਓਬਾਮਾ**

ਮੇਡੀਆ ਬੈਂਜਾਮਿਨ ਨੇ ਦਾ ਗਾਰਡੀਅਨ ਲਈ ਆਪਣੇ ਲੇਖ 'ਚ ਕਿਹਾ, "ਬਹੁਤੇ ਅਮਰੀਕੀ ਸ਼ਾਇਦ ਇਹ ਜਾਣ ਕੇ ਹੈਰਾਨ ਹੋਣਗੇ ਕਿ ਜਿਸ ਰਾਸ਼ਟਰਪਤੀ ਨੂੰ ਉਨ੍ਹਾਂ ਨੇ ਇੱਕ ਝਿਜਕਦੇ ਯੋਧੇ ਵਜੋਂ ਦਰਸਾਇਆ ਹੈ ਅਸਲ 'ਚ ਇੱਕ ਬਾਜ਼ ਨਿਕਲਿਆ। ਓਬਾਮਾ ਜੌਰਜ ਡਬਲਿਊ ਬੁਸ਼ ਦੇ ਯੁੱਧਾਂ ਨੂੰ ਖ਼ਤਮ ਕਰਨ ਦਾ ਵਾਅਦਾ ਕਰ ਕੇ ਰਾਸ਼ਟਰਪਤੀ ਬਣੇ ਸਨ, ਪਰ ਅਮਰੀਕੀ ਇਤਿਹਾਸ 'ਚ ਕਿਸੇ ਵੀ ਰਾਸ਼ਟਰਪਤੀ ਨਾਲੋਂ ਲੰਬੇ ਸਮੇਂ ਤਕ ਯੁੱਧ 'ਚ ਰਹਿਣ ਤੋਂ ਬਾਅਦ ਉਸ ਨੇ ਵ੍ਹਾਈਟ ਹਾਊਸ ਛੱਡ ਦਿੱਤਾ ਸੀ। ਉਹ ਇਕਲੌਤਾ ਰਾਸ਼ਟਰਪਤੀ ਸੀ ਜਿਸ ਨੇ ਯੁੱਧ ਦੌਰਾਨ ਰਾਸ਼ਟਰ ਨਾਲ ਦੋ ਪੂਰੇ ਕਾਰਜ ਕਾਲ ਦੀ ਸੇਵਾ ਕੀਤੀ।

**ਓਬਾਮਾ ਨੇ 2016 'ਚ 26 ਹਜ਼ਾਰ ਤੋਂ ਵੱਧ ਬੰਬ ਸੁੱਟੇ**

ਵਿਦੇਸ਼ੀ ਸਬੰਧਾਂ ਬਾਰੇ ਕੌਂਸਲ ਦੇ ਮੀਕਾ ਜੇਨਕੋ ਨੇ ਹਵਾਈ ਹਮਲੇ ਬਾਰੇ ਰੱਖਿਆ ਵਿਭਾਗ ਦੇ ਅੰਕੜਿਆਂ ਨੂੰ ਇਕੱਠਾ ਕੀਤਾ ਅਤੇ ਹੈਰਾਨ ਕਰਨ ਵਾਲਾ ਖ਼ੁਲਾਸਾ ਕੀਤਾ। ਉਨ੍ਹਾਂ ਦੱਸਿਆ ਕਿ ਓਬਾਮਾ ਪ੍ਰਸ਼ਾਸਨ ਨੇ ਇਕੱਲੇ 2016 'ਚ 26 ਹਜ਼ਾਰ 171 ਬੰਬ ਸੁੱਟੇ ਸਨ। ਇਸ ਦਾ ਮਤਲਬ ਹੈ ਕਿ ਹਰ ਰੋਜ਼ ਅਮਰੀਕੀ ਫ਼ੌਜ ਨੇ ਵਿਦੇਸ਼ਾਂ 'ਚ ਲੜਾਕਿਆਂ ਜਾਂ ਨਾਗਰਿਕਾਂ 'ਤੇ 72 ਬੰਬ ਸੁੱਟੇ ਸਨ, ਭਾਵ ਹਰ ਘੰਟੇ 'ਚ ਤਿੰਨ ਬੰਬ ਸੁੱਟੇ।

ਜਿੱਥੇ ਇਨ੍ਹਾਂ 'ਚੋਂ ਜ਼ਿਆਦਾਤਰ ਹਵਾਈ ਹਮਲੇ ਸੀਰੀਆ ਅਤੇ ਇਰਾਕ 'ਚ ਹੋਏ ਸਨ, ਉੱਥੇ ਅਫ਼ਗਾਨਿਸਤਾਨ, ਲੀਬੀਆ, ਯਮਨ, ਸੋਮਾਲੀਆ ਅਤੇ ਪਾਕਿਸਤਾਨ 'ਚ ਵੀ ਅਮਰੀਕੀ ਬੰਬਾਂ ਦੀ ਬਰਸਾਤ ਹੋ ਰਹੀ ਸੀ। ਇਹ ਸਾਰੇ ਮੁਸਲਿਮ ਬਹੁਲ ਦੇਸ਼ ਹਨ।

**ਓਬਾਮਾ ਨੇ ਬੁਸ਼ ਨਾਲੋਂ 10 ਗੁਣਾ ਜ਼ਿਆਦਾ ਡਰੋਨ ਹਮਲੇ ਕੀਤੇ**

ਇੱਕ ਬੰਬਾਰੀ ਤਕਨੀਕ ਜਿਸ ਦੀ ਓਬਾਮਾ ਨੇ ਵਕਾਲਤ ਕੀਤੀ ਹੈ ਡਰੋਨ ਹਮਲੇ। ਡਰੋਨ-ਯੋਧਾ-ਇਨ-ਚੀਫ਼ ਹੋਣ ਦੇ ਨਾਤੇ, ਉਸ ਨੇ ਅਫ਼ਗਾਨਿਸਤਾਨ ਅਤੇ ਇਰਾਕ ਦੇ ਘੋਸ਼ਿਤ ਯੁੱਧ ਖੇਤਰਾਂ ਦੇ ਬਾਹਰ, ਮੁੱਖ ਤੌਰ 'ਤੇ ਪਾਕਿਸਤਾਨ ਅਤੇ ਯਮਨ ਤਕ ਡਰੋਨ ਦੀ ਵਰਤੋਂ ਦਾ ਵਿਸਤਾਰ ਕੀਤਾ। ਓਬਾਮਾ ਨੇ ਜਾਰਜ ਡਬਲਿਊ ਬੁਸ਼ ਨਾਲੋਂ 10 ਗੁਣਾ ਜ਼ਿਆਦਾ ਡਰੋਨ ਹਮਲੇ ਕੀਤੇ ਅਤੇ ਇਹਨਾਂ ਖੇਤਰਾਂ 'ਚ ਫ਼ੌਜੀ ਉਮਰ ਦੇ ਸਾਰੇ ਆਦਮੀਆਂ ਨੂੰ ਆਪਣੇ ਆਪ ਹੀ ਲੜਾਕੇ ਵਜੋਂ ਪੇਂਟ ਕੀਤਾ ਜਿਸ ਨਾਲ ਉਨ੍ਹਾਂ ਨੂੰ ਰਿਮੋਟ-ਕੰਟਰੋਲ ਕਤਲੇਆਮ ਲਈ ਸਹੀ ਖੇਡ ਬਣਾਇਆ ਗਿਆ।

ਜੁਲਾਈ 2016 'ਚ ਅਮਰੀਕੀ ਸਰਕਾਰ ਨੇ ਬੇਤੁਕਾ ਦਾਅਵਾ ਕੀਤਾ ਸੀ ਕਿ ਉਸ ਨੇ 2009 ਤੋਂ 2015 ਦਰਮਿਆਨ ਪਾਕਿਸਤਾਨ, ਯਮਨ, ਸੋਮਾਲੀਆ ਅਤੇ ਲੀਬੀਆ 'ਚ 116 ਨਾਗਰਿਕਾਂ ਨੂੰ ਮਾਰਿਆ ਸੀ। ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰਾਂ ਦੇ ਵਕੀਲਾਂ ਨੇ ਕਿਹਾ ਕਿ ਇਹ ਗਿਣਤੀ ਹਾਸੋ-ਹੀਣੀ ਤੌਰ 'ਤੇ ਘੱਟ ਅਤੇ ਅਣਪਛਾਤੀ ਸੀ ਕਿਉਂਕਿ ਕੋਈ ਨਾਮ, ਤਾਰੀਕਾਂ, ਸਥਾਨ ਜਾਂ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਸਨ।

ਲੰਡਨ ਸਥਿਤ ਬਿਊਰੋ ਔਫ ਇਨਵੈਸਟੀਗੇਟਿਵ ਜਰਨਲਿਜ਼ਮ, ਜਿਸ ਨੇ ਸਾਲਾਂ ਤੋਂ ਡਰੋਨ ਹਮਲਿਆਂ ਦਾ ਪਤਾ ਲਗਾਇਆ ਹੈ, ਨੇ ਕਿਹਾ ਕਿ ਅਸਲ ਅੰਕੜਾ ਛੇ ਗੁਣਾ ਵੱਧ ਹੈ। ਇਹ ਦੇਖਦੇ ਹੋਏ ਕਿ ਪਿਛਲੇ ਅੱਠ ਸਾਲਾਂ 'ਚ ਡਰੋਨ ਹਥਿਆਰਾਂ ਦਾ ਇੱਕ ਛੋਟਾ ਜਿਹਾ ਹਿੱਸਾ ਹੈ, ਓਬਾਮਾ ਦੇ ਬੰਬਾਂ ਦੁਆਰਾ ਮਾਰੇ ਗਏ ਨਾਗਰਿਕਾਂ ਦੀ ਗਿਣਤੀ ਹਜ਼ਾਰਾਂ 'ਚ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਓਬਾਮਾ ਨੇ ਆਪਣੇ ਕਾਰਜਕਾਲ ਦੌਰਾਨ ਦੂਜੇ ਦੇਸ਼ਾਂ 'ਤੇ ਬੰਬ ਸੁੱਟੇ ਸਨ। **ਅਫ਼ਗਾਨਿਸਤਾਨ:** ਅਫ਼ਗਾਨਿਸਤਾਨ 'ਚ ਅਮਰੀਕੀ ਫ਼ੌਜਾਂ ਲੰਬੇ ਸਮੇਂ ਤੋਂ ਮੌਜੂਦ ਹਨ। ਜਦੋਂ ਓਬਾਮਾ ਨੇ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਿਆ ਸੀ ਤਾਂ ਉਸ ਨੇ ਆਪਣੇ ਪੂਰਵਜਾਂ ਵਾਂਗ ਅਫ਼ਗਾਨਿਸਤਾਨ 'ਚ ਸ਼ੱਕੀ ਟਿਕਾਣਿਆਂ 'ਤੇ ਹਵਾਈ ਹਮਲੇ ਦੇ ਆਦੇਸ਼ ਦਿੱਤੇ ਸਨ। ਇਸ ਦੌਰਾਨ ਮਨੁੱਖ ਰਹਿਤ ਜਹਾਜ਼ ਅਤੇ ਮਾਨਵ ਰਹਿਤ ਡਰੋਨ ਦੋਵਾਂ ਦੀ ਵਰਤੋਂ ਕੀਤੀ ਗਈ।

**ਪਾਕਿਸਤਾਨ:** ਓਬਾਮਾ ਦੇ ਕਾਰਜਕਾਲ ਦੌਰਾਨ ਪਾਕਿਸਤਾਨ 'ਤੇ ਵੀ ਬੰਬਾਰੀ ਕੀਤੀ ਗਈ ਸੀ। ਅਮਰੀਕੀ ਡਰੋਨ ਨੇ ਅਤਿਵਾਦੀਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਨੇ ਸ਼ੱਕੀ ਤਾਲਿਬਾਨ ਚੌਕੀਆਂ ਦੀ ਬਜਾਏ ਆਮ ਨਾਗਰਿਕਾਂ 'ਤੇ ਹਮਲਾ ਕੀਤਾ।

**ਲੀਬੀਆ:** ਮਾਰਚ 2011 'ਚ ਓਬਾਮਾ ਨੇ ਲੀਬੀਆ ਉੱਤੇ ਹਵਾਈ ਹਮਲੇ ਦਾ ਐਲਾਨ ਕੀਤਾ। ਇਹ ਹਮਲਾ ਲੀਬੀਆ ਦੇ ਨੇਤਾ ਮੁਅੱਮਰ ਗੱਦਾਫ਼ੀ ਦੀ ਮੌਤ ਨਾਲ ਖਤਮ ਹੋਇਆ। ਫ਼ਿਰ ਲੀਬੀਆ 'ਚ ਸੁੱਰਖਿਆ ਸਥਿਤੀ ਵਿਗੜ ਗਈ ਅਤੇ 2012 'ਚ, ਬੈਂਗਾਜ਼ੀ 'ਚ ਅਮਰੀਕੀ ਕੌਮਪਲੈਕਸ ਉੱਤੇ ਹਮਲੇ ਦੌਰਾਨ ਚਾਰ ਨਾਗਰਿਕ ਮਾਰੇ ਗਏ।

**ਯਮਨ:** ਅਰਬ ਪ੍ਰਾਇਦੀਪ 'ਚ ਅਲ-ਕਾਇਦਾ ਦੁਆਰਾ ਪੈਦਾ ਹੋਏ ਖ਼ਤਰੇ ਨੂੰ ਪਛਾਣਦੇ ਹੋਏ, ਓਬਾਮਾ ਨੇ ਯਮਨ 'ਚ ਡਰੋਨ ਹਮਲਿਆਂ ਦਾ ਆਦੇਸ਼ ਦਿੱਤਾ ਜਿਸ 'ਚ ਸੈਂਕੜੇ ਅਤਿਵਾਦੀ ਮਾਰੇ ਗਏ। ਕਈ ਆਮ ਨਾਗਰਿਕ ਵੀ ਆਪਣੀ ਜਾਨ ਗੁਆ ਚੁੱਕੇ ਹਨ।

**ਇਰਾਕ:** ਓਬਾਮਾ ਨੇ ਮਨੁੱਖੀ ਸੰਕਟ ਅਤੇ ਅਮਰੀਕੀ ਹਿੱਤਾਂ ਲਈ ਸੰਭਾਵਿਤ ਖ਼ਤਰਿਆਂ ਦਾ ਹਵਾਲਾ ਦਿੰਦੇ ਹੋਏ ਇਰਾਕ 'ਚ ਹਵਾਈ ਹਮਲੇ ਸ਼ੁਰੂ ਕਰਨ ਦਾ ਹੁਕਮ ਦਿੱਤਾ। ਅਜਿਹਾ ਕਰਨ ਵਾਲੇ ਉਹ ਲਗਾਤਾਰ ਚੌਥੇ ਰਾਸ਼ਟਰਪਤੀ ਬਣੇ। ISIS ਦੇ ਲੜਾਕਿਆਂ ਵਲੋਂ ਵੱਡੇ ਪੱਧਰ 'ਤੇ ਜ਼ਮੀਨ 'ਤੇ ਕਬਜ਼ਾ ਕਰਨ ਕਾਰਨ ਇਰਾਕੀ ਸਰਕਾਰ ਵਲੋਂ ਵੀ ਇਸ ਦਾ ਸਵਾਗਤ ਕੀਤਾ ਗਿਆ।

**ਸੀਰੀਆ:** ਓਬਾਮਾ ਨੇ ਘਰੇਲੂ ਯੁੱਧ ਪ੍ਰਭਾਵਿਤ ਸੀਰੀਆ 'ਤੇ ਹਵਾਈ ਹਮਲੇ ਦੇ ਹੁਕਮ ਵੀ ਦਿੱਤੇ ਹਨ। ਉਸ ਸਮੇਂ ਸੀਰੀਆ ISIS ਅਤੇ ਅਲ-ਕਾਇਦਾ ਦੀ ਸ਼ਾਖਾ ਖੁਰਾਸਾਨ ਦੇ ਆਤੰਕ ਦਾ ਸਾਹਮਣਾ ਕਰ ਰਿਹਾ ਸੀ। ਓਬਾਮਾ ਨੇ ਪਹਿਲਾਂ ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਲ-ਅਸਦ ਦੁਆਰਾ ਨਾਗਰਿਕਾਂ 'ਤੇ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਤੋਂ ਬਾਅਦ 2013 'ਚ ਉੱਥੇ ਹਵਾਈ ਹਮਲੇ ਦੀ ਯੋਜਨਾ ਬਣਾਈ ਸੀ, ਪਰ ਕਾਂਗਰਸ ਦੇ ਪਿੱਛੇ ਹੱਟਣ ਤੋਂ ਬਾਅਦ ਆਪਣਾ ਮਨ ਬਦਲਣਾ ਪਿਆ ਸੀ।

ਇਸ ਤੋਂ ਇਲਾਵਾ ਓਬਾਮਾ ਨੇ ਸੋਮਾਲੀਆ 'ਤੇ ਵੀ ਹਮਲਾ ਕੀਤਾ। ਉੱਥੇ ਹਮਲਾ ਕਰਨ ਦਾ ਮਕਸਦ ਅਲ ਸ਼ਬਾਬ ਨਾਲ ਜੁੜੇ ਅਤਿਵਾਦੀਆਂ ਨੂੰ ਖ਼ਤਮ ਕਰਨਾ ਸੀ। ਅਮਰੀਕਾ ਅਲ ਸ਼ਬਾਬ ਦੇ ਨੇਤਾ ਅਹਿਮਦ ਗੋਦਾਨੇ ਨੂੰ ਡਰੋਨ ਹਮਲੇ 'ਚ ਮਾਰਨ 'ਚ ਸਫ਼ਲ ਰਿਹਾ। ਇੱਕ ਇੰਟਰਵਿਊ 'ਚ ਬਰਾਕ ਓਬਾਮਾ ਨੇ ਭਾਰਤ 'ਚ ਘੱਟ-ਗਿਣਤੀਆਂ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਉਠਾਏ ਸਨ। ਉਨ੍ਹਾਂ ਨੇ ਕਿਹਾ, "ਹਿੰਦੂ ਬਹੁਗਿਣਤੀ ਵਾਲੇ ਭਾਰਤ 'ਚ ਮੁਸਲਿਮ ਘੱਟ-ਗਿਣਤੀਆਂ ਦੀ ਸੁਰੱਖਿਆ ਦੀ ਗੱਲ ਕਰਨੀ ਜ਼ਰੂਰੀ ਹੈ। ਜੇਕਰ ਮੈਂ ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕੀਤੀ ਹੁੰਦੀ ਤਾਂ ਮੈਂ ਦਲੀਲ ਦਿੱਤੀ ਹੁੰਦੀ ਕਿ ਜੇਕਰ ਤੁਸੀਂ ਘੱਟ-ਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ ਨਹੀਂ ਕਰਦੇ ਤਾਂ ਸੰਭਵ ਹੈ ਕਿ ਭਵਿੱਖ 'ਚ ਭਾਰਤ 'ਚ ਵੰਡ ਵਧੇਗੀ ਜੋ ਭਾਰਤ ਦੇ ਹਿੱਤਾਂ ਦੇ ਵਿਰੁੱਧ ਹੋਵੇਗੀ।"






# ਮੁੱਖ ਮੰਤਰੀ ਨੇ ਨਸ਼ਰ ਕੀਤੀ ਸੁਖਜਿੰਦਰ ਰੰਧਾਵਾ ਦੀ ਚਿੱਠੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਗੈਂਗਸਟਰ ਮੁਖ਼ਤਾਰ ਅੰਸਾਰੀ ਬਾਰੇ ਕੁੱਝ ਪਤਾ ਨਾ ਹੋਣ ਦੇ ਦਾਅਵਿਆਂ ਦੀ ਸੱਚਾਈ ਸਾਰਿਆਂ ਸਾਹਮਣੇ ਲਿਆਉਣ ਲਈ ਰੰਧਾਵਾ ਵੱਲੋਂ ਸਾਲ 2021 'ਚ ਕੈਪਟਨ ਨੂੰ ਲਿਖੀ ਚਿੱਠੀ ਜਨਤਕ ਕਰ ਦਿੱਤੀ ਹੈ। ਇਹ ਚਿੱਠੀ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਰਾਹੀਂ ਜਾਰੀ ਕੀਤੀ ਹੈ।

ਮਾਨ ਨੇ ਕਿਹਾ ਕਿ ਰੰਧਾਵਾ ਵਲੋਂ ਪਹਿਲੀ ਅਪਰੈਲ 2021 ਨੂੰ ਕੈਪਟਨ ਨੂੰ ਲਿਖੇ ਪੱਤਰ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਦੋਵੇਂ ਆਗੂ ਇਸ ਸਾਰੀ ਘਟਨਾ ਤੋਂ ਜਾਣੂ ਸਨ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਹ ਦੋਵੇਂ ਆਗੂ ਹੁਣ ਇਸ ਮੁੱਦੇ ਨੂੰ ਲੈ ਕੇ ਅਣਜਾਣਤਾ ਪ੍ਰਗਟਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਸਲ 'ਚ ਇਹ ਦੋਵੇਂ ਆਗੂ ਇਸ ਖ਼ਤਰਨਾਕ ਗੈਂਗਸਟਰ ਨੂੰ ਬਚਾਉਣ ਲਈ ਇੱਕ-ਦੂਜੇ ਨਾਲ ਘਿਓ-ਖਿੱਚੜੀ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਹ ਆਗੂ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਜੇਲ੍ਹ ਵਿੱਚ ਕੌਣ ਆਇਆ ਤੇ ਕੌਣ ਨਹੀਂ। ਅਸਲੀਅਤ ਇਹ ਹੈ ਕਿ ਅੰਸਾਰੀ ਨੂੰ ਬਚਾਉਣ ਦੀ ਸਾਰੀ ਸਾਜ਼ਿਸ਼ ਉਨ੍ਹਾਂ ਨੇ ਖ਼ੁਦ ਰਚੀ ਸੀ। ਉਨ੍ਹਾਂ ਕਿਹਾ ਕਿ ਉਹ ਸਬੂਤਾਂ ਰਾਹੀਂ ਇਨ੍ਹਾਂ ਆਗੂਆਂ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲਿਆਉਣਗੇ। **ਜਾਣਕਾਰੀ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਅੰਸਾਰੀ 'ਤੇ ਖਰਚੇ ਗਏ ਲੱਖਾਂ**

ਰੁਪਏ ਤੱਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਜੇਲ੍ਹ ਮੰਤਰੀ ਸੁਖਜਿੰਦਰ ਰੰਧਾਵਾ ਤੋਂ ਵਸੂਲਣ ਦੇ ਐਲਾਨ ਤੋਂ ਬਾਅਦ ਇਹ ਮਾਮਲਾ ਭਖਿਆ ਹੋਇਆ ਹੈ।

**'ਆਪ' ਨੇ ਰੰਧਾਵਾ ਅਤੇ ਕੈਪਟਨ ਨੂੰ ਘੇਰਿਆ-** ਆਮ ਆਦਮੀ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਤੇ ਸੁਖਜਿੰਦਰ ਰੰਧਾਵਾ ਨੂੰ ਗੈਂਗਸਟਰ ਮੁਖਤਾਰ ਅੰਸਾਰੀ ਨੂੰ ਪੰਜਾਬ 'ਚ ਰੱਖਣ ਦੇ ਮੁੱਦੇ 'ਤੇ ਘੇਰਿਆ। ਉਨ੍ਹਾਂ ਕਿਹਾ ਕਿ ਜਦੋਂ ਹੁਣ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਪੈਸੇ ਦੀ ਲੁੱਟ 'ਤੇ ਸਵਾਲ ਉਠਾ ਰਹੇ ਹਨ ਤਾਂ ਉਹ ਘਬਰਾ ਗਏ ਹਨ। ਇਸ ਬਾਰੇ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਇੱਥੇ ਕਿਹਾ ਕਿ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਗੈਂਗਸਟਰ ਨੂੰ ਪੰਜਾਬ ਲਿਆਂਦਾ। ਉਨ੍ਹਾਂ ਨੂੰ ਅੰਸਾਰੀ ਨੂੰ ਜੇਲ੍ਹ ਵਿੱਚ ਸਹੂਲਤਾਂ ਦੇਣ ਦੇ ਬਾਵਜੂਦ ਪੰਜਾਬ 'ਚ ਰੱਖਣ ਲਈ ਸੁਪਰੀਮ ਕੋਰਟ 'ਚ ਵਕੀਲਾਂ ਦੀ ਫ਼ੀਸ 'ਤੇ 55 ਲੱਖ ਰੁਪਏ ਖਰਚ ਕੀਤੇ।

# ਪਾਕਿ ਫ਼ੌਜ ਨੇ ਹੜੱਪੀ 1,500 ਏਕੜ ਜ਼ਮੀਨ



ਇਸਲਾਮਾਬਾਦ(ਪੰਜਾਬੀ ਅਖਬਾਰ ਬਿਊਰੋ)- ਪਾਕਿਸਤਾਨ ਸਰਕਾਰ ਆਰਥਿਕ ਵਿਕਾਸ ਅਤੇ ਗ਼ਰੀਬੀ ਘਟਾਉਣ ਦੇ ਨਾਂ 'ਤੇ ਗਿਲਗਿਤ-ਬਾਲਟਿਸਤਾਨ 'ਚ ਆਮ ਲੋਕਾਂ ਦੀਆਂ ਜ਼ਮੀਨਾਂ ਹੜੱਪ ਰਹੀ ਹੈ। ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਪਾਰਟੀ ਇਸ ਨੂੰ ਜ਼ਮੀਨੀ ਸੁਧਾਰ ਕਹਿ ਰਹੀ ਹੈ ਜਦੋਂ ਕਿ ਸਥਾਨਕ ਲੋਕਾਂ ਦਾ ਦਾਅਵਾ ਹੈ ਕਿ ਜ਼ਮੀਨਾਂ ਹੜੱਪ ਕੇ ਇਸ ਖੇਤਰ ਦੀ ਡੈਮੋਗ੍ਰਾਫ਼ੀ (ਜਨਸੰਖਿਆ) ਬਦਲੀ ਜਾ ਰਹੀ ਹੈ। ਪਾਕਿ ਫ਼ੌਜ ਨੇ ਲੋਕਾਂ 'ਤੇ ਜ਼ਮੀਨ ਵੇਚਣ ਲਈ ਦਬਾਅ ਪਾ ਕੇ ਤਕਰੀਬਨ 1, 500 ਏਕੜ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ ਅਤੇ ਬਦਲੇ 'ਚ ਜ਼ਮੀਨ ਮਾਲਕਾਂ ਨੂੰ ਮੁਆਵਜ਼ਾ ਵੀ ਨਹੀਂ ਦਿੱਤਾ ਜਾ ਰਿਹਾ।

ਇੱਕ ਸਥਾਨਕ ਨਾਗਰਿਕ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਥੋਂ ਹਟਾ ਕੇ ਸੇਵਾ ਮੁਕਤ ਫ਼ੌਜੀ ਅਫ਼ਸਰਾਂ ਨੂੰ ਵਸਾਇਆ ਜਾ ਰਿਹਾ ਹੈ। ਸੁੱਰਖਿਆ ਦੇ ਨਾਮ 'ਤੇ ਹੋ ਰਹੇ ਇਸ ਜਨਸੰਖਿਆ ਬਦਲਾਅ ਖ਼ਿਲਾਫ਼ ਰਾਜਨੀਤਕ ਕਾਰਕੁਨ, ਸਥਾਨਕ ਲੋਕ, ਕਾਨੂੰਨੀ ਮਾਹਿਰ ਆਵਾਜ਼ ਉਠਾ ਰਹੇ ਹਨ, ਪਰ ਇਸ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਫ਼ੌਜ ਇਸ 'ਤੇ ਚੁੱਪ ਹੈ ਜਿਨ੍ਹਾਂ ਨੂੰ ਜ਼ਮੀਨ ਸੌਂਪੀ ਜਾ ਰਹੀ ਹੈ ਉਹ ਅਫ਼ਸਰ ਵੀ ਚੁੱਪ ਹਨ। ਲੋਕਾਂ ਦਾ ਕਹਿਣਾ ਹੈ ਕਿ ਇਸ ਖੇਤਰ 'ਚ ਪਹਿਲਾਂ ਤੋਂ ਰਹਿ ਰਹੇ ਨੌਕਰਸ਼ਾਹ ਸਥਾਨਕ ਨਹੀਂ ਹਨ ਅਜਿਹੇ 'ਚ ਉਹ ਇੱਥੋਂ ਦੇ ਰੀਤੀ-ਰਿਵਾਜ ਅਤੇ ਪ੍ਰੰਪਰਾਵਾਂ ਬਾਰੇ ਨਹੀਂ ਜਾਣਦੇ।

**ਹਾਲ ਬੇਹਾਲ- ਨਾ ਬਿਜਲੀ, ਨਾ ਕਣਕ, ਬੁਨਿਆਦੀ ਸਹੂਲਤਾਂ ਵੀ ਨਹੀਂ**

ਗਿਲਗਿਤ-ਬਾਲਟਿਸਤਾਨ ਦੀ ਹਾਲਤ ਖ਼ਰਾਬ ਹੈ। ਇੱਥੇ ਲੋਕਾਂ ਨੂੰ ਨਾ ਬਿਜਲੀ ਮਿਲ ਰਹੀ ਨਾ ਹੀ ਕਣਕ। ਬੁਨਿਆਦੀ ਸਹੂਲਤਾਂ ਦੀ ਵੀ ਘਾਟ ਹੈ। ਜਦਕਿ ਟੂਰਿਜ਼ਮ, ਆਰਥਿਕ ਵਿਕਾਸ ਅਤੇ ਗਰੀਬੀ ਹਟਾਉਣ ਦੇ ਨਾਮ 'ਤੇ ਜ਼ਮੀਨਾਂ ਹੜੱਪੀਆਂ ਜਾ ਰਹੀਆਂ ਹਨ। ਪਾਕਿਸਤਾਨ ਇਸ ਖੇਤਰ 'ਤੇ ਮਿਲਟਰੀ ਕੰਟਰੋਲ ਤਾਂ ਰੱਖਦਾ ਹੈ ਪਰ ਇੱਥੇ ਕੋਈ ਕਾਨੂੰਨੀ ਕੰਟਰੋਲ ਨਹੀਂ ਹੈ।

**ਧੋਖਾਧੜੀ: ਖਾਲਸਾ ਜ਼ਮੀਨ 'ਤੇ ਕਬਜ਼ਾ ਕੀਤਾ ਜਾ ਰਿਹਾ ਹੈ, ਕੋਈ ਮੁਆਵਜ਼ਾ ਨਹੀਂ**

ਗਿਲਗਿਤ-ਬਾਲਟਿਸਤਾਨ ਦੀ ਜ਼ਿਆਦਾਤਰ ਸਾਂਝੀ ਜ਼ਮੀਨ ਨੂੰ ਖਾਲਸਾ ਸਰਕਾਰ ਕਿਹਾ ਜਾਂਦਾ ਹੈ। ਆਮ ਤੌਰ 'ਤੇ ਇਹ ਉਹ ਜ਼ਮੀਨ ਹੁੰਦੀ ਹੈ ਜਿਸ ਦਾ ਪ੍ਰਬੰਧ ਸਰਕਾਰ ਕਰਦੀ ਹੈ, ਪਰ ਇਸ ਤੋਂ ਹੋਣ ਵਾਲੀ ਆਮਦਨ ਉਸ ਖੇਤਰ ਲਈ ਸੁੱਰਖਿਅਤ ਰਹਿੰਦੀ ਹੈ।